@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 4 April 2024

# ਕੌਮੀ ਪਤ੍ਰਿਕਾ

Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਵੀਰਵਾਰ 4 ਅਪ੍ਰੈਲ 2024, 21 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ–12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 134, qpatrika@gmail.com ਫੋਨ : 9971359517 www.qaumipatrika.org

## ਭਾਜਪਾ ਵਰਕਰਾਂ ਦਾ ਜੋਸ਼ ਦੇਖ ਕੇ ਠੰਡੇ ਪੈ ਜਾਂਦੇ ਹਨ ਬਾਕੀ ਪਾਰਟੀਆਂ ਦੇ ਨੇਤਾ : ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਲਖਨਊ 3 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਆਪਣੇ ਬੂਥ ਦੇ ਪਿਛਲੇ ਸਾਰੇ ਰਿਕਾਰਡ ਤੋੜਨ ਦੇ ਟੀਚੇ ਨਾਲ ਕੰਮ ਕਰਨ। ਉਨ੍ਹਾਂ ਕਿਹਾ ਕਿ ਹਰ ਚੋਣ 'ਚ ਆਪਣੀ ਮਿਹਨਤ ਨਾਲ ਰਿਕਾਰਡ ਬਣਾ ਰਹੇ ਭਾਜਪਾ ਵਰਕਰਾਂ ਦਾ ਜੋਸ਼ ਦੇਖ ਕੇ ਬਾਕੀ ਪਾਰਟੀਆਂ ਦੇ ਨੇਤਾ ਪਹਿਲੇ ਹੀ ਠੰਡੇ ਪੈ ਜਾਂਦੇ ਹਨ। ਪੀ.ਐੱਮ. ਮੋਦੀ ਨੇ ਉੱਤਰ ਪ੍ਰਦੇਸ਼ 'ਚ ਤੀਜੇ ਪੜਾਅ 'ਚ ਹੋਣ ਵਾਲੀਆਂ ਚੋਣਾਂ ਦੇ ਅਧੀਨ ਆਉਣ ਵਾਲੀਆਂ 10 ਲੋਕ ਸਭਾ ਸੀਟਾਂ ਦੇ ਸਾਰੇ 22,648 ਬੂਥ ਦੇ ਵਰਕਰਾਂ ਨੂੰ 'ਨਮੋ ਐਪ' ਰਾਹੀਂ ਸੰਬੋਧਨ ਕੀਤਾ। ਉਨ੍ਹਾਂ ਕਿਹਾ,"ਅਸੀਂ ਚੋਣਾਂ 'ਚ ਕਿੰਨੀ ਵੀ ਵੱਡੀ ਜਿੱਤ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹੋਣ ਪਰ ਜਦੋਂ ਤੱਕ ਪੋਲਿੰਗ ਬੂਥ ਨਹੀਂ ਜਿੱਤਦੇ ਹਨ, ਉਦੋਂ ਤੱਕ ਚੋਣ ਜਿੱਤ ਹੀ ਨਹੀਂ ਸਕਦੇ ਹਨ, ਇਸ ਲਈ ਚੋਣਾਂ 'ਚ ਜਿੱਤ ਦੀ ਜੋ ਆਤਮਾ ਹੈ, ਉਹ ਪੋਲਿੰਗ ਬੂਥ ਦੀ ਜਿੱਤ 'ਚ ਹੈ।" ਪੀ.ਐੱਮ. ਮੋਦੀ ਨੇ ਕਿਹਾ,"ਇਸ ਲਈ ਮੇਰੀ ਤਾਂ ਹਮੇਸ਼ਾ ਅਪੀਲ ਰਹਿੰਦੀ ਹੈ



ਕਿ ਸਾਨੂੰ ਇਕ ਹੀ ਟੀਚਾ ਲੈ ਕੇ ਕੰਮ ਕਰਨਾ ਚਾਹੀਦਾ ਕਿ ਅਸੀਂ ਆਪਣਾ ਪੋਲਿੰਗ ਬੂਥ ਜਿੱਤਾਂਗੇ ਅਤੇ ਪੁਰਾਣੇ ਜਿੰਨੇ ਵੀ ਰਿਕਾਰਡ ਹਨ, ਉਨ੍ਹਾਂ ਸਾਰਿਆਂ ਨੂੰ ਤੋੜਨ ਦਾ ਸੰਕਲਪ ਲੈ ਕੇ ਕੰਮ ਕਰਾਂਗੇ।" ਉਨ੍ਹਾਂ ਨੇ ਵਰਕਰਾਂ ਨੂੰ ਸੋਸ਼ਲ ਮੀਡੀਆ ਦਾ ਵੱਧ ਤੋਂ ਵੱਧ ਇਸਤੇਮਾਲ ਕਰਨ ਦੀ ਸਲਾਹ ਦਿੰਦੇ ਹੋਏ ਕਿਹਾ,"ਸੋਸ਼ਲ ਮੀਡੀਆ 'ਚ ਵੀ ਅਸੀਂ ਛਾਏ ਰਹਿਣੇ ਚਾਹੀਦੇ ਹਾਂ। ਸਾਨੂੰ ਪੋਲਿੰਗ ਬੂਥ ਦੇ ਲਾਭਪਾਤਰੀਆਂ ਦੀ ਰੀਲ ਬਣਾਉਣੀ ਚਾਹੀਦੀ ਹੈ। ਉਨ੍ਹਾਂ ਰੀਲ ਨੂੰ ਸਾਨੂੰ ਪ੍ਰਸਾਰਿਤ ਕਰਨਾ ਚਾਹੀਦਾ। ਜਿੰਨਾ ਜ਼ਿਆਦਾ ਅਜਿਹਾ ਕੰਮ ਹੋਵੇਗਾ, ਸਾਨੂੰ ਚੋਣ ਜਿੱਤਣ 'ਚ ਵੀ ਬਹੁਤ ਮਦਦ ਮਿਲੇਗੀ।" ਪੀ.ਐੱਮ. ਮੋਦੀ ਨੇ ਕਿਹਾ,"ਲੋਕ ਸਭਾ ਚੋਣਾਂ ਹੋਣ ਜਾਂ ਵਿਧਾਨ ਸਭਾ ਚੋਣਾਂ, ਹਰ ਚੋਣਾਂ 'ਚ ਆਪਣੀ ਮਿਹਨਤ ਨਾਲ ਨਵੇਂ ਰਿਕਾਰਡ ਬਣ ਰਹੇ ਹਨ। ਤੁਹਾਡਾ ਇਹ ਜੋਸ਼ ਦੇਖ ਕੇ ਮੈਨੂੰ ਖੁਸ਼ੀ ਹੁੰਦੀ ਹੈ ਪਰ ਬਾਕੀ ਪਾਰਟੀਆਂ ਦੇ ਨੇਤਾ ਤੁਹਾਡਾ ਇਹ ਜੋਸ਼ ਦੇਖ ਕੇ ਪਹਿਲਾਂ ਹੀ ਠੰਡੇ ਪੈ ਜਾਂਦੇ ਹਨ। ਮੈਨੂੰ ਭਰੋਸਾ ਹੈ ਕਿ ਉੱਤਰ ਪ੍ਰਦੇਸ਼ ਦੇ ਸਾਰੇ ਭਾਜਪਾ ਵਰਕਰ ਹਰ ਸੀਟ 'ਤੇ, ਹਰ ਪੋਲਿੰਗ ਬੂਥ 'ਤੇ ਜਿੱਤ ਯਕੀਨੀ ਕਰਨ ਲਈ ਕੋਸ਼ਿਸ਼ 'ਚ ਲੱਗੇ ਹਨ। ਤੁਸੀਂ ਹਰ ਵੋਟਰ ਤੱਕ ਆਪਣੀ ਗੱਲ ਪਹੁੰਚਾਉਣੀ ਹੈ।"

## ਕਾਂਗਰਸ ਛੱਡ ਭਾਜਪਾ 'ਚ ਸ਼ਾਮਲ ਹੋਏ ਮੁੱਕੇਬਾਜ ਵਿਜੇਂਦਰ ਸਿੰਘ

ਨਵੀਂ ਦਿੱਲੀ 3 ਅਪ੍ਰੈਲ। ਕਾਂਗਰਸ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੱਡਾ ਝਟਕਾ ਲੱਗਾ ਹੈ। ਓਲੰਪੀਅਨ ਮੁੱਕੇਬਾਜ ਅਤੇ ਕਾਂਗਰਸ ਨੇਤਾ ਵਿਜੇਂਦਰ ਸਿੰਘ ਬੁੱਧਵਾਰ ਨੂੰ ਭਾਰਤੀ ਜਨਤਾ




ਪਾਰਟੀ (ਭਾਜਪਾ) 'ਚ ਸ਼ਾਮਲ ਹੋ ਗਏ। ਭਾਜਪਾ ਜਨਰਲ ਸਕੱਤਰ ਵਿਨੋਦ ਤਾਵੜੇ, ਦਿੱਲੀ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਤੇ ਦੱਖਣ ਦਿੱਲੀ ਤੋਂ ਪਾਰਟੀ ਦੇ ਉਮੀਦਵਾਰ ਰਾਮਵੀਰ ਸਿੰਘ ਬਿਧੂੜੀ ਦੀ ਮੌਜੂਦਗੀ 'ਚ ਵਿਜੇਂਦਰ ਸਿੰਘ ਨੇ ਭਾਜਪਾ ਦੀ ਮੈਂਬਰਸ਼ਿਪ ਗ੍ਰਹਿਣ ਕੀਤੀ। ਪਿਛਲੇ ਕੁਝ ਦਿਨਾਂ ਤੋਂ ਅਜਿਹੀ ਚਰਚਾ ਸੀ ਕਿ ਕਾਂਗਰਸ ਉਨ੍ਹਾਂ ਨੂੰ ਮਥੁਰਾ ਤੋਂ ਅਦਾਕਾਰਾ ਅਤੇ ਮੌਜੂਦਾ ਸੰਸਦ ਮੈਂਬਰ ਹੇਮਾ ਮਾਲਿਨੀ ਖ਼ਿਲਾਫ ਮੈਦਾਨ 'ਚ ਉਤਾਰ ਸਕਦੀ ਹੈ। ਸਿੰਘ ਜਾਟ ਭਾਈਚਾਰੇ ਨਾਲ ਤਾਲੁਕ ਰੱਖਦੇ ਹਨ, ਜਿਸ ਦਾ ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਰਾਜਸਥਾਨ 'ਚ ਵੱਡੀ ਗਿਣਤੀ 'ਚ ਸੀਟਾਂ 'ਤੇ ਰਾਜਨੀਤਕ ਪ੍ਰਭਾਵ ਹੈ। ਸਿੰਘ ਨੇ 2019 ਦੀਆਂ ਲੋਕ ਸਭਾ ਚੋਣਾਂ ਦੱਖਣ ਦਿੱਲੀ ਸੀਟ ਤੋਂ ਕਾਂਗਰਸ ਦੇ ਟਿਕਟ 'ਤੇ ਲੜੀ ਸੀ ਪਰ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਨੇ 2008 ਬੀਜਿੰਗ ਓਲੰਪਿਕ 'ਚ ਮੁੱਕੇਬਾਜੀ 'ਚ ਕਾਂਸੀ ਤਮਗਾ ਜਿੱਤਿਆ ਸੀ. ਉਨ੍ਹਾਂ ਨੇ ਕਈ ਹੋਰ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਵੀ ਦੇਸ਼ ਲਈ ਤਮਗੇ ਜਿੱਤੇ ਹਨ।

## ਲਾਲੂ ਯਾਦਵ ਨੂੰ ਕਿਡਨੀ ਦੇਣ ਵਾਲੀ ਧੀ ਰੋਹਿਣੀ ਯਾਦਵ ਚੋਣ ਮੈਦਾਨ 'ਚ

ਨੈਸ਼ਨਲ ਡੈਸਕ 3 ਅਪ੍ਰੈਲ। ਰਾਸਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਨੂੰ ਕਿਡਨੀ ਦਾਨ ਕਰ ਕੇ ਜੀਵਨਦਾਨ ਦੇਣ ਵਾਲੀ ਧੀ ਰੋਹਿਣੀ ਆਚਾਰੀਆ ਚੋਣ ਮੈਦਾਨ 'ਚ ਉੱਤਰ ਗਈ ਹੈ। ਪਾਰਟੀ ਉਨ੍ਹਾਂ ਨੂੰ ਸਾਰਨ ਲੋਕ ਸਭਾ ਹਲਕੇ ਤੋਂ ਆਪਣਾ ਉਮੀਦਵਾਰ ਬਣਾ ਰਹੀ ਹੈ। ਮੰਗਲਵਾਰ ਨੂੰ ਰੋਹਿਣੀ ਨੇ ਮੰਦਰ ਵਿਚ ਪੂਜਾ ਕੀਤੀ, ਫਿਰ ਆਪਣੇ ਪਿਤਾ ਤੋਂ ਆਸੀਰਵਾਦ ਲਿਆ ਅਤੇ ਲੋਕਾਂ ਦਰਮਿਆਨ ਗਈ। ਸਿਆਸਤ 'ਚ ਆਪਣੀ ਰਸਮੀ ਸੁਰੂਆਤ 'ਤੇ ਰੋਹਿਣੀ ਅਚਾਰੀਆ ਨੇ ਕਿਹਾ ਕਿ ਭਗਵਾਨ ਦਾ ਆਸੀਰਵਾਦ ਲਿਆ ਹੈ, ਮਾਤਾ–ਪਿਤਾ ਅਤੇ ਸੱਸ–ਸਹੁਰੇ ਦਾ ਆਸੀਰਵਾਦ ਲੈ ਕੇ ਹੁਣ ਆਪਣੇ



ਲੋਕਾਂ 'ਚ ਜਾ ਰਹੀ ਹਾਂ। ਪਿਛਲੇ ਸਾਲ ਜਦੋਂ ਲਾਲੂ ਪ੍ਰਸਾਦ ਗੰਭੀਰ ਰੂਪ ਵਿਚ ਬੀਮਾਰ ਹੋ ਗਏ ਸਨ ਤਾਂ ਰੋਹਿਣੀ ਆਚਾਰੀਆ ਨੇ ਆਪਣੇ ਕੋਲ ਸਿੰਗਾਪੁਰ ਪਿਤਾ ਲਾਲੂ ਯਾਦਵ ਨੂੰ ਬੁਲਾਇਆ ਅਤੇ ਆਪਣੀ ਇਕ ਕਿਡਨੀ ਉਨ੍ਹਾਂ ਨੂੰ ਦੇ ਦਿੱਤੀ। ਜ਼ਿੰਦਗੀ ਦਾ ਇਹ ਤੋਹਫਾ ਮਿਲਣ ਤੋਂ ਬਾਅਦ ਲਾਲੂ ਨੇ ਜਦੋਂ ਪਹਿਲੀ ਵਾਰ ਲੋਕਾਂ ਨਾਲ ਵਰਚੁਅਲ ਮੋਡ 'ਚ ਗੱਲ ਕੀਤੀ ਤਾਂ ਉਨ੍ਹਾਂ ਨੇ ਰੋਹਿਣੀ ਆਚਾਰੀਆ ਦਾ ਨਾਂ ਲਿਆ। ਉਦੋਂ ਤੋਂ ਅਜਿਹਾ ਲੱਗ ਰਿਹਾ ਸੀ ਕਿ ਰੋਹਿਣੀ ਰਾਜਨੀਤੀ 'ਚ ਆ ਸਕਦੀ ਹੈ। ਮਾਰਚ ਵਿਚ ਜਦੋਂ ਲਾਲੂ ਪ੍ਰਸਾਦ ਨੇ ਗਾਂਧੀ ਮੈਦਾਨ ਵਿਚ ਰੈਲੀ ਦੇ ਮੰਚ ਤੋਂ ਰੋਹਿਣੀ ਅਚਾਰੀਆ ਦੇ ਯੋਗਦਾਨ ਨੂੰ ਯਾਦ ਕੀਤਾ, ਤਾਂ ਇਹ ਪੱਕਾ ਹੋ ਗਿਆ ਸੀ ਕਿ ਇਸ ਵਾਰ ਲੋਕ ਸਭਾ ਚੋਣਾਂ ਵਿਚ ਉਸ ਨੂੰ ਮੌਕਾ ਮਿਲੇਗਾ। ਰਾਸਟਰੀ ਜਨਤਾ ਦਲ ਦੇ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਆਪਣੇ ਪਰਿਵਾਰ ਰੋਹਿਣੀ, ਰਾਬੜੀ ਦੇਵੀ, ਮੀਸਾ ਭਾਰਤੀ ਨਾਲ ਹਰਿਹਰਨਾਥ ਮੰਦਰ ਗਏ ਸਨ। ਲਾਲੂ ਪ੍ਰਸਾਦ ਆਪਣੀ ਚੋਣ ਮੁਹਿੰਮ ਸੂਰੂ ਕਰਨ ਤੋਂ ਪਹਿਲਾਂ ਰੋਹਿਣੀ ਅਤੇ ਰਾਬੜੀ ਦੇਵੀ ਨਾਲ ਬਾਬਾ ਹਰਿਹਰਨਾਥ ਦਾ ਅਸੀਰਵਾਦ ਲੈਣ ਆਏ ਸਨ।

## ਹਲਦਵਾਨੀ ਦੰਗਿਆਂ ਦੇ ਮਾਸਟਰਮਾਈਂਡ ਅਬਦੁਲ ਮਲਿਕ ਦੀ ਪਤਨੀ ਗ੍ਰਿਫਤਾਰ

ਨੈਨੀਤਾਲ, 3 ਅਪ੍ਰੈਲ। ਉਤਰਾਖੰਡ 'ਚ ਹਲਦਵਾਨੀ ਦੰਗਿਆਂ ਦੇ ਮਾਸਟਰਮਾਈਂਡ ਅਬਦੁਲ ਮਲਿਕ ਦੀ ਪਤਨੀ ਸਫੀਆ ਮਲਿਕ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਅਦਾਲਤ 'ਚ ਪੇਸ ਕਰਨ ਪਿੱਛੋਂ ਉਸ ਨੂੰ ਜੇਲ ਭੇਜ ਦਿੱਤਾ ਗਿਆ। ਸੀਨੀਅਰ ਪੁਲਸ ਸੁਪਰਡੈਂਟ ਟੀ. ਐੱਸ. ਮੀਨਾ ਅਨੁਸਾਰ ਸਫੀਆ ਨੂੰ ਉੱਤਰ ਪ੍ਰਦੇਸ ਦੇ ਬਰੇਲੀ ਜ਼ਿਲੇ ਦੇ ਬਿਹਾਰੀਪੁਰ ਪਿੰਡ ਤੋਂ ਗ੍ਰਿਫਤਾਰ ਕੀਤਾ ਗਿਆ। ਉਹ ਉੱਥੇ ਲੁਕੀ ਹੋਈ ਸੀ।

## ਸੀਨੀਅਰ ਭਾਜਪਾ ਨੇਤਾ ਸੁਸ਼ੀਲ ਕੁਮਾਰ ਮੋਦੀ ਨੂੰ ਹੋਇਆ ਕੈਂਸਰ, ਚੋਣਾਂ 'ਚ ਨਹੀਂ ਕਰਨਗੇ ਪ੍ਰਚਾਰ

ਨਵੀਂ ਦਿੱਲੀ 3 ਅਪ੍ਰੈਲ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਅਤੇ ਬਿਹਾਰ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਕੈਂਸਰ ਨਾਲ ਪੀੜਤ ਹਨ ਅਤੇ ਇੱਥੇ ਏਮਜ 'ਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪਿਛਲੇ 6 ਮਹੀਨਿਆਂ ਤੋਂ



ਕੈਂਸਰ ਦੀ ਬੀਮਾਰੀ ਨਾਲ ਜੂਝ ਰਹੇ ਸੁਸ਼ੀਲ ਮੋਦੀ ਨੇ ਸੋਸ਼ਲ ਮੀਡੀਆ 'ਐਕਸ' 'ਤੇ ਖੁਦ ਇਹ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਨੇ ਆਪਣੀ ਪੋਸਟ 'ਚ ਲਿਖਿਆ,"ਹੁਣ ਉਹ ਲੋਕਾਂ ਨੂੰ ਆਪਣੀ ਬੀਮਾਰੀ ਬਾਰੇ ਦੱਸਣ ਦਾ ਸਹੀ ਸਮਾਂ ਸਮਝਦੇ ਹਨ। ਲੋਕ ਸਭਾ ਚੋਣਾਂ 'ਚ ਉਹ ਜ਼ਿਆਦਾ ਕੁਝ ਨਹੀਂ ਕਰ ਸਕਣਗੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਇਸ ਬਾਰੇ ਸਭ ਕੁਝ ਦੱਸ ਦਿੱਤਾ ਹੈ।" ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਦੇਸ਼, ਬਿਹਾਰ ਅਤੇ ਪਾਰਟੀ ਦੇ ਪ੍ਰਤੀ ਸਮਰਪਿਤ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਮੁੱਖ ਮੰਤਰੀ ਗਲੇ ਦੇ ਕੈਂਸਰ ਨਾਲ ਪੀੜਤ ਹਨ ਅਤੇ ਦਿੱਲੀ ਏਮਜ 'ਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

## ਕੇਜਰੀਵਾਲ ਦੀ ਗ੍ਰਿਫਤਾਰੀ ਤੇ ਰਿਮਾਂਡ ਨੂੰ ਲੈ ਕੇ ਹਾਈ ਕੋਰਟ ਨੇ ਫੈਸਲਾ ਰੱਖਿਆ ਸੁਰੱਖਿਅਤ

**ਏਜੰਸੀਆਂ**

ਨਵੀਂ ਦਿੱਲੀ 3 ਅਪ੍ਰੈਲ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਆਪਣੀ ਗ੍ਰਿਫਤਾਰੀ ਅਤੇ ਰਿਮਾਂਡ ਨੂੰ ਲੈ ਕੇ ਦਿੱਲੀ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਕੇਜਰੀਵਾਲ ਨੇ ਪਟੀਸ਼ਨ ਦਾਇਰ ਕਰ ਕੇ ਰਿਹਾਈ ਦੀ ਮੰਗ ਕੀਤੀ ਹੈ। ਕੇਜਰੀਵਾਲ ਵਲੋਂ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਅਤੇ ਵਕੀਲ ਵਿਕਰਮ ਚੌਧਰੀ ਮੌਜੂਦ ਰਹੇ। ਈਡੀ ਵਲੋਂ ਐੱਸ. ਵੀ. ਰਾਜੂ ਨੇ ਪੈਰਵੀ ਕੀਤੀ। ਦਿੱਲੀ ਹਾਈ ਕੋਰਟ ਵਿਚ ਜਸਟਿਸ ਸਵਰਨਕਾਂਤਾ ਸ਼ਰਮਾ ਦੀ ਬੈਂਚ ਸੁਣਵਾਈ ਕਰ ਰਹੀ ਹੈ। ਸਿੰਘਵੀ ਨੇ ਹਾਈ ਕੋਰਟ ਵਿਚ ਕਿਹਾ ਕਿ ਲੋਕ ਸਭਾ ਚੋਣਾਂ ਨੇੜੇ ਆ ਗਈਆਂ ਹਨ। ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਇਹ ਯਕੀਨੀ ਹੋ ਗਿਆ ਹੈ ਕਿ ਉਹ ਲੋਕਤੰਤਰੀ ਗਤੀਵਿਧੀਆਂ ਵਿਚ ਨਹੀਂ ਸ਼ਾਮਲ ਹੋ ਸਕਣਗੇ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੇ ਸਮੇਂ ਵਿਚ ਕੇਜਰੀਵਾਲ ਦੀ ਗ੍ਰਿਫਤਾਰੀ ਕੀਤੀ ਗਈ ਹੈ, ਤਾਂ ਕਿ ਉਹ ਚੋਣ ਮੁਹਿੰਮ ਦਾ ਹਿੱਸਾ ਨਾ ਬਣ ਸਕਣ, ਨਾ ਪ੍ਰਚਾਰ ਕਰ ਸਕਣ। ਕੋਰਟ ਨੂੰ ਇਹ ਵੇਖਣਾ ਹੋਵੇਗਾ ਕਿ ਚੋਣਾਂ ਵਿਚ ਸਾਰੀਆਂ ਪਾਰਟੀਆਂ ਨੂੰ ਬਰਾਬਰ ਦਾ ਮੌਕਾ ਮਿਲੇ। ਨਵੰਬਰ ਵਿਚ ਪਹਿਲਾ ਸੰਮਨ ਦਿੱਤਾ ਗਿਆ ਅਤੇ ਮਾਰਚ ਵਿਚ ਗ੍ਰਿਫਤਾਰ ਕਰ




ਲਿਆ ਗਿਆ। ਓਧਰ ਈਡੀ ਵਲੋਂ ਵਕੀਲ ਰਾਜੂ ਨੇ ਕਿਹਾ ਕਿ ਕੇਜਰੀਵਾਲ ਪ੍ਰਤੀ ਗਵਾਹਾਂ ਦੇ ਬਿਆਨ ਸਾਡੇ ਕੋਲ ਹਨ। ਇਨ੍ਹਾਂ ਤੋਂ ਇਲਾਵਾ ਵਟਸਐਪ ਚੈਟ ਅਤੇ ਹਵਾਲਾ ਆਪਰੇਟਰਾਂ ਦੇ ਬਿਆਨ ਵੀ ਹਨ। ਅਜਿਹਾ ਨਹੀਂ ਹੈ ਕਿ ਅਸੀਂ ਹਨ੍ਹੇਰੇ ਵਿਚ ਤੀਰ ਚਲਾ ਰਹੇ ਹਾਂ। ਸਾਡੇ ਕੋਲ ਇਨਕਮ ਟੈਕਸ ਵਿਭਾਗ ਦਾ ਬਹੁਤ ਸਾਰਾ ਡਾਟਾ ਹੈ। ਰਾਜੂ ਨੇ ਅੱਗੇ ਕਿਹਾ ਕਿ ਜਦੋਂ ਅਜਿਹੇ ਪ੍ਰਭਾਵਸ਼ਾਲੀ ਲੋਕ ਅਪਰਾਧ ਵਿਚ ਸ਼ਾਮਲ ਹੋਣ ਤਾਂ ਉਨ੍ਹਾਂ ਖਿਲਾਫ ਸਬੂਤ ਇਕੱਠੇ ਕਰਨਾ ਮੁਸ਼ਕਲ ਹੈ, ਇਸ ਲਈ ਕਾਨੂੰਨ ਇਹ ਹੈ ਕਿ ਜਦੋਂ ਅਜਿਹੇ ਲੋਕ ਸ਼ਾਮਲ ਹੋਣ ਤਾਂ ਸਰਕਾਰੀ ਗਵਾਹਾਂ 'ਤੇ ਭਰੋਸਾ ਕੀਤਾ ਜਾ ਸਕਦਾ ਹੈ। ਜੇਕਰ ਸਾਨੂੰ ਲੱਗੇਗਾ ਕਿ ਇਸ ਲਈ ਹੋਰ ਲੋਕ ਵੀ ਜ਼ਿੰਮੇਵਾਰ ਹਨ ਤਾਂ ਅਸੀਂ ਉਨ੍ਹਾਂ 'ਤੇ ਵੀ ਕਾਰਵਾਈ ਕਰਾਂਗੇ। ਅਜੇ ਤੱਕ ਈਡੀ ਨਾ ਤਾਂ ਮਨੀ ਟ੍ਰੇਲ ਨੂੰ ਸਾਬਤ ਕਰ ਸਕੀ ਹੈ ਅਤੇ ਨਾ ਹੀ ਕੋਈ ਸਬੂਤ ਇਕੱਠਾ ਕਰ ਸਕੀ ਹੈ। ਸਰਕਾਰੀ ਗਵਾਹਾਂ ਦੇ ਬਿਆਨਾਂ ਦੇ ਆਧਾਰ 'ਤੇ ਹੀ ਗ੍ਰਿਫਤਾਰ ਕੀਤਾ ਗਿਆ। ਹਾਲਾਂਕਿ ਗ੍ਰਿਫਤਾਰੀ ਲਈ ਸਰਕਾਰੀ ਗਵਾਹਾਂ ਦੇ ਬਿਆਨ ਅਹਿਮ ਨਹੀਂ ਹਨ। ਸਿੰਘਵੀ ਨੇ ਕਿਹਾ ਕਿ ਦਿੱਤੇ ਗਏ ਸੰਮਨ ਗੈਰ–ਕਾਨੂੰਨੀ ਸਨ। ਇਨ੍ਹਾਂ ਸੰਮਨਾਂ ਨੂੰ ਪਹਿਲਾਂ ਹੀ ਚੁਣੌਤੀ ਦਿੱਤੀ ਜਾ ਚੁੱਕੀ ਸੀ। ਹੁਣ ਉਹ ਗ੍ਰਿਫਤਾਰੀ ਨੂੰ ਵੀ ਚੁਣੌਤੀ ਦੇ ਰਹੇ ਹਨ।

## ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਬੋਲੇ ਸੰਜੇ ਸਿੰਘ, ਕਿਹਾ- ਇਹ ਜਸ਼ਨ ਨਹੀਂ, ਜੰਗ ਦਾ ਸਮਾਂ ਹੈ

ਨੈਸ਼ਨਲ ਡੈਸਕ , 3 ਅਪ੍ਰੈਲ। ਆਮ ਆਦਮੀ ਪਾਰਟੀ ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੂੰ ਤਿਹਾੜ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਸਰਾਬ ਘੁਟਾਲੇ ਵਿੱਚ 6 ਮਹੀਨਿਆਂ ਬਾਅਦ ਸਰਤੀਆ ਜਮਾਨਤ ਮਿਲੀ ਹੈ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਇਹ ਕੋਈ ਜਸਨ ਨਹੀਂ, ਜੰਗ ਦਾ ਸਮਾਂ ਹੈ, ਆਮ ਆਦਮੀ ਪਾਰਟੀ ਦੇ ਹਰ ਵਰਕਰ ਨੂੰ ਸੰਘਰਸ ਲਈ ਤਿਆਰ ਰਹਿਣਾ ਚਾਹੀਦਾ ਹੈ। ਸਾਡੀ ਪਾਰਟੀ ਦੇ ਸਭ ਤੋਂ ਵੱਡੇ ਨੇਤਾ ਅਰਵਿੰਦ ਕੇਜਰੀਵਾਲ, ਮਨੀਸ ਸਿਸੋਦੀਆ, ਸਤੇਂਦਰ ਜੈਨ ਜੇਲ੍ਹ ਵਿੱਚ ਹਨ। ਅਸੀਂ ਇਕੱਠੇ ਹੋ ਕੇ ਲੜਾਂਗੇ, ਸੰਘਰਸ ਕਰਾਂਗੇ ਅਤੇ ਤਾਨਾਸਾਹੀ ਸਾਸਨ ਨੂੰ ਹਟਾਵਾਂਗੇ। ਉਨ੍ਹਾਂ ਕਿਹਾ ਕਿ ਮੈਨੂੰ ਪੂਰਾ ਭਰੋਸਾ ਹੈ ਕਿ ਜੇਲ੍ਹ ਦੇ ਤਾਲੇ ਤੋੜ ਦਿੱਤੇ ਜਾਣਗੇ ਅਤੇ ਸਾਡੇ ਸਾਥੀਆਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਵਿੱਚ ਕੋਈ ਅਹਿਮ ਜ਼ਿੰਮੇਵਾਰੀ ਮਿਲੇਗੀ ਤਾਂ ਇਸ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਮੈਂ ਹੁਣ ਬਾਹਰ ਆ ਗਿਆ ਹਾਂ ਪਰ ਆਮ ਆਦਮੀ ਪਾਰਟੀ ਜੋ ਵੀ ਫੈਸਲਾ ਕਰੇਗੀ, ਮੈਂ ਉਹੀ ਕਰਾਂਗਾ। ਮੈਂ ਪਾਰਟੀ



ਦਾ ਵਰਕਰ ਹਾਂ। ਹਮੇਸਾ ਲਗਨ ਨਾਲ ਕੰਮ ਕੀਤਾ ਹੈ। ਪਾਰਟੀ ਲਈ ਕੰਮ ਕਰਨਗੇ। ਸੰਜੇ ਸਿੰਘ ਆਮ ਆਦਮੀ ਪਾਰਟੀ ਦੇ ਮੁੱਖ ਦਫਤਰ ਪੁੱਜੇ ਅਤੇ ਪਾਰਟੀ ਵਰਕਰਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਭਾਜਪਾ 'ਤੇ ਤਿੱਖਾ ਨਿਸਾਨਾ ਸਾਧਿਆ। ਉਨ੍ਹਾਂ ਕਿਹਾ ਕਿ ਤੁਸੀਂ ਅਰਵਿੰਦ ਕੇਜਰੀਵਾਲ, ਮਨੀਸ ਸਿਸੋਦੀਆ, ਸਤੇਂਦਰ ਜੈਨ ਨੂੰ ਗ੍ਰਿਫਤਾਰ ਕੀਤਾ ਹੈ।

## ਫਾਰੂਕ ਅਬਦੁੱਲਾ ਆਖਰ ਕਿਉਂ ਨਹੀਂ ਲੜ ਰਹੇ ਲੋਕ ਸਭਾ ਚੋਣਾਂ ?

ਸ੍ਰੀਨਗਰ 3 ਅਪ੍ਰੈਲ। ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਅਤੇ ਸ੍ਰੀਨਗਰ ਤੋਂ ਮੌਜੂਦਾ ਸੰਸਦ ਮੈਂਬਰ ਫਾਰੂਕ ਅਬਦੁੱਲਾ ਸਿਹਤ ਸੰਬੰਧੀ ਕਾਰਨਾਂ ਕਰ ਕੇ ਲੋਕ ਸਭਾ ਚੋਣਾਂ ਨਹੀਂ ਲੜਨਗੇ। ਪਾਰਟੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਫਾਰੂਕ ਅਬਦੁੱਲਾ ਦੇ ਚੋਣ ਨਾ



ਲੜਨ ਸੰਬੰਧੀ ਇਹ ਐਲਾਨ ਉਨ੍ਹਾਂ ਦੇ ਪੁੱਤ ਅਤੇ ਨੈਸ਼ਨਲ ਕਾਨਫਰੰਸ ਦੇ ਉੱਪ ਪ੍ਰਧਾਨ ਉਮਰ ਅਬਦੁੱਲਾ ਨੇ ਰਾਵਲਪੋਰਾ 'ਚ ਇਕ ਪਾਰਟੀ ਸਮਾਰੋਹ ਦੌਰਾਨ ਕੀਤੀ। ਉਮਰ ਅਬਦੁੱਲਾ ਨੇ ਕਿਹਾ,"ਉਨ੍ਹਾਂ ਨੇ (ਫਾਰੂਕ ਅਬਦੁੱਲਾ ਨੇ) ਆਪਣੇ ਸਿਹਤ ਸੰਬੰਧੀ ਕਾਰਨਾਂ ਕਰ ਕੇ ਇਸ ਵਾਰ ਚੋਣ ਲੜਨ ਲਈ (ਪਾਰਟੀ ਦੇ ਜਨਰਲ ਸਕੱਤਰ) ਅਲੀ ਮੁਹੰਮਦ ਸਾਗਰ ਅਤੇ ਪਾਰਟੀ ਦੇ ਹੋਰ ਮੈਂਬਰਾਂ ਤੋਂ ਮਨਜ਼ੂਰੀ ਲਈ ਹੈ।" ਉਨ੍ਹਾਂ ਕਿਹਾ ਕਿ ਹੁਣ ਇਹ ਪਾਰਟੀ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਚੋਣ ਖੇਤਰ ਤੋਂ ਅਜਿਹੇ ਉਮੀਦਵਾਰ ਨੂੰ ਉਤਾਰੇ, ਜਿਸ ਨੂੰ ਵੋਟਰ ਜਿਤਾਉਣ ਤਾਂ ਕਿ ਉਹ ਦਿੱਲੀ 'ਚ ਇੱਥੇ ਦੇ ਲੋਕਾਂ ਦੀ ਆਵਾਜ ਬਣ ਸਕੇ।

## 'ਅਕਾਲੀ ਦਲ ਲਈ ਸੱਤਾ ਤੋਂ ਵੱਧ ਪੰਥ ਤੇ ਪੰਜਾਬ ਮਾਇਨੇ ਰੱਖਦਾ ਹੈ: ਸੁਖਬੀਰ ਬਾਦਲ

**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 3 ਅਪ੍ਰੈਲ। ਭਾਜਪਾ ਨਾਲ ਗਠਜੋੜ 'ਤੇ ਸਹਿਮਤੀ ਨਾ ਬਣਨ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵਲੋਂ ਇਕ ਵਾਰ ਫਿਰ ਪੰਥਕ ਏਜੰਡੇ 'ਤੇ ਜੋਰ ਦਿੱਤਾ ਜਾ ਰਿਹਾ ਹੈ। ਸੁਖਬੀਰ ਬਾਦਲ ਨੇ ਇਕ ਅੰਗਰੇਜੀ ਅਖਬਾਰ ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਬਾਕੀ ਸਾਰੀਆਂ ਪਾਰਟੀਆਂ ਦੇ ਉਲਟ ਸਾਡੀ ਤਰਜੀਹ ਪੰਜਾਬ ਹੈ ਅਤੇ ਅਸੀਂ ਸੂਬੇ ਲਈ ਹਮੇਸ਼ਾ ਲੜਦੇ ਰਹਾਂਗੇ, ਫਿਰ ਭਾਵੇਂ ਜਿੱਤੀਏ ਜਾਂ ਨਾ ਜਿੱਤੀਏ। ਅਕਾਲੀ ਦਲ 103 ਸਾਲ ਪੁਰਾਣੀ ਪਾਰਟੀ ਹੈ ਅਤੇ ਜੇਕਰ ਸਾਡੀ ਪਾਰਟੀ ਨੰਬਰਾਂ ਦੀ ਖੇਡ 'ਚ ਹੁੰਦੀ ਤਾਂ ਮੇਰੇ ਪਿਤਾ ਜੀ ਸ. ਪ੍ਰਕਾਸ਼ ਸਿੰਘ ਬਾਦਲ ਸਮੇਤ ਪਾਰਟੀ ਦੇ ਬਾਕੀ ਆਗੂ ਜੇਲ੍ਹਾਂ 'ਚ ਨਾ ਜਾਂਦੇ। ਸੁਖਬੀਰ ਬਾਦਲ ਨੇ ਕਿਹਾ ਕਿ ਖਾਲਸਾ ਪੰਥ ਸਾਡਾ ਆਧਾਰ ਹੈ ਅਤੇ ਅਸੀਂ ਪੰਜਾਬ ਦੀ ਸ਼ਾਨ ਅਤੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦੀ ਹੈ, ਜੋ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ। ਅਸੀਂ ਚਾਹੁੰਦੇ ਹਾਂ ਕਿ ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ। 2020–21 ਦੇ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ ਦਰਜ ਅਪਰਾਧਿਕ ਕੇਸ ਵਾਪਸ ਲਏ ਜਾਣ। ਜਦੋਂ ਸੁਖਬੀਰ ਬਾਦਲ ਨੂੰ ਇਹ ਪੁੱਛਿਆ ਗਿਆ ਕਿ ਅਕਾਲੀ ਦਲ ਦੀਆਂ ਸ਼ਰਤਾਂ 'ਤੇ ਭਾਜਪਾ ਗਠਜੋੜ ਲਈ ਤਿਆਰ ਕਿਉਂ ਨਹੀਂ ਹੋਈ ਤਾਂ ਉਨ੍ਹਾਂ ਜਵਾਬ ਦਿੱਤਾ ਕਿ ਮੈਂ ਇਸ ਦਾ ਜਵਾਬ ਨਹੀਂ ਦੇ ਸਕਦਾ, ਸਗੋਂ ਭਾਜਪਾ ਨੇ ਇਸ ਦਾ ਜਵਾਬ ਦੇਣਾ ਹੈ। ਉਨ੍ਹਾਂ



ਕਿਹਾ ਕਿ ਪਿਛਲੇ 5 ਸਾਲਾਂ ਦੌਰਾਨ ਸਿਰਫ ਹਰਸਿਮਰਤ ਕੌਰ ਬਾਦਲ ਨੇ ਕਿਸਾਨਾਂ ਲਈ ਸੰਸਦ 'ਚ ਆਪਣੀ ਆਵਾਜ ਬੁਲੰਦ ਕੀਤੀ ਹੈ। ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ 'ਚ ਭਾਜਪਾ ਦਾ ਕੋਈ ਆਧਾਰ ਨਹੀਂ ਹੈ ਅਤੇ ਨਤੀਜੇ ਆਉਣ 'ਤੇ ਲੋਕਾਂ ਨੂੰ ਖੁਦ ਭਾਜਪਾ ਦੀ ਕਾਰਗੁਜਾਰੀ ਦਾ ਪਤਾ ਲੱਗ ਜਾਵੇਗਾ। ਪਿਤਾ ਸ. ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਮਗਰੋਂ ਪਹਿਲੀ ਵਾਰ ਚੋਣਾਂ ਦੀ ਅਗਵਾਈ ਕਰਨ ਦੇ ਸਵਾਲ ਦਾ ਜਵਾਬ ਦਿੰਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਬਹੁਤ ਔਖਾ ਹੈ ਅਤੇ ਮੈਂ ਆਪਣੇ ਪਿਤਾ ਜੀ ਦਾ 20 ਫੀਸਦੀ ਵੀ ਨਹੀਂ ਹੈ।

### ਰਾਹੁਲ ਗਾਂਧੀ ਨੇ ਵਾਇਨਾਡ ਤੋਂ ਭਰਿਆ ਨਾਮਜਦਗੀ ਪੱਤਰ

ਵਾਇਨਾਡ 3 ਅਪ੍ਰੈਲ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਅੱਜ ਯਾਨੀ ਕਿ ਬੁੱਧਵਾਰ ਨੂੰ ਵਾਇਨਾਡ ਤੋਂ ਨਾਮਜਦਗੀ ਪੱਤਰ ਭਰਿਆ। ਇਸ ਦੌਰਾਨ ਉਨ੍ਹਾਂ ਨਾਲ ਪ੍ਰਿਯੰਕਾ ਗਾਂਧੀ ਅਤੇ ਉਨ੍ਹਾਂ ਦੇ ਕਈ ਸਮਰਥਕ ਵੀ ਮੌਜੂਦ ਰਹੇ। ਇਸ ਤੋਂ ਪਹਿਲਾਂ ਰਾਹੁਲ ਨੇ ਇੱਥੇ ਰੋਡ ਸ਼ੋਅ ਵੀ ਕੱਢਿਆ। ਇਸ ਦੌਰਾਨ ਰਾਹੁਲ ਨੇ ਕਿਹਾ ਕਿ ਮੈਂ 5 ਸਾਲ ਪਹਿਲਾਂ ਵੀ ਵਾਇਨਾਡ ਆਇਆ, ਜਦੋਂ ਤੁਸੀਂ ਮੈਨੂੰ ਸੰਸਦ ਮੈਂਬਰ ਦੇ ਰੂਪ ਵਿਚ ਚੁਣਿਆ ਸੀ। ਵਾਇਨਾਡ ਦੇ ਹਰ ਸ਼ਖਸ ਨੇ ਮੈਨੂੰ ਪਿਆਰ ਅਤੇ ਸਨਮਾਨ ਦਿੱਤਾ, ਮੈਨੂੰ ਆਪਣੇ ਵਰਗਾ ਮੰਨਿਆ। ਪਾਰਟੀ ਵਰਕਰਾਂ ਅਤੇ ਸਮਰਥਕਾਂ ਸਮੇਤ ਹਜਾਰਾਂ ਲੋਕਾਂ ਦੀ ਭੀੜ ਨੂੰ ਸੰਬੋਧਿਤ ਕਰਦਿਆਂ ਰਾਹੁਲ ਨੇ ਕਿਹਾ ਕਿ ਵਾਇਨਾਡ ਦੇ ਲੋਕਾਂ ਦਾ ਅਟੁੱਟ ਸਮਰਥਨ ਲਈ ਉਨ੍ਹਾਂ ਦਾ ਬਹੁਤ ਧੰਨਵਾਦੀ ਹਾਂ। ਅਸੀਂ ਨਿਆਂ ਦੇ ਇਕ ਨਵੇਂ ਯੁੱਗ ਵਿਚ ਕਦਮ ਰੱਖ ਰਹੇ ਹਾਂ।

## ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਰਾਜ ਸਭਾ ਕਾਰਜਕਾਲ ਖਤਮ, 33 ਸਾਲ ਬਾਅਦ ਹੋਏ ਸੇਵਾਮੁਕਤ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 3 ਅਪ੍ਰੈਲ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ 9 ਕੇਂਦਰੀ ਮੰਤਰੀਆਂ ਸਮੇਤ ਰਾਜ ਸਭਾ ਦੇ ਘੱਟੋ–ਘੱਟ 54 ਮੈਂਬਰਾਂ ਦਾ ਕਾਰਜਕਾਲ ਬੁੱਧਵਾਰ ਨੂੰ ਖਤਮ ਹੋ ਰਿਹਾ ਹੈ। ਇਨ੍ਹਾਂ 'ਚੋਂ ਕੁਝ ਰਾਜ ਸਭਾ 'ਚ ਵਾਪਸ ਨਹੀਂ ਆਉਣਗੇ। ਸਾਬਕਾ ਪ੍ਰਧਾਨ ਮੰਤਰੀ ਸਿੰਘ ਦੀ 33 ਸਾਲ ਦੀ ਸੰਸਦੀ ਪਾਰੀ ਬੁੱਧਵਾਰ ਨੂੰ ਖਤਮ ਹੋਵੇਗੀ। ਇਹ ਅਜਿਹੇ ਸਮੇਂ 'ਚ ਹੋ ਰਿਹਾ ਹੈ ਜਦੋਂ ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਪਹਿਲੀ ਵਾਰ ਰਾਜ ਸਭਾ 'ਚ ਪਹੁੰਚ ਰਹੀ ਹੈ। ਆਰਥਿਕ ਸੁਧਾਰਾਂ ਦੇ ਆਰਕੀਟੈਕਟ ਮੰਨੇ ਜਾਂਦੇ 91 ਸਾਲਾ ਸਿੰਘ ਅਕਤੂਬਰ 1991 ਵਿਚ ਪਹਿਲੀ ਵਾਰ ਰਾਜ ਸਭਾ ਦੇ ਮੈਂਬਰ ਬਣੇ। ਮਨਮੋਹਨ ਸਿੰਘ 1991 ਤੋਂ 1996 ਤੱਕ ਨਰਸਿਮਹਾ ਰਾਓ ਸਰਕਾਰ ਵਿਚ ਵਿੱਤ ਮੰਤਰੀ ਰਹੇ, ਇਸ ਦੌਰਾਨ ਉਨ੍ਹਾਂ ਨੇ ਭਾਰਤ ਦੀ ਅਰਥਵਿਵਸਥਾ ਵਿਚ ਕਈ ਸੁਧਾਰਾਂ ਦੀ ਸ਼ੁਰੂਆਤ ਕੀਤੀ। 2004 ਤੋਂ 2014 ਤੱਕ ਦੇਸ ਦੇ ਪ੍ਰਧਾਨ ਮੰਤਰੀ ਰਹੇ। ਡਾ. ਮਨਮੋਹਨ ਸਿੰਘ ਦੀ ਇਸ ਸੀਟ 'ਤੇ ਕਾਂਗਰਸ ਨੇਤਾ ਸੋਨੀਆ ਗਾਂਧੀ ਨੂੰ ਰਾਜ ਸਭਾ ਵਿਚ ਐਂਟਰੀ ਮਿਲੇਗੀ। ਦੱਸ ਦੇਈਏ ਕਿ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ, ਸਿਹਤ ਮੰਤਰੀ ਮਨਸੁਖ ਮਾਂਡਵੀਆ, ਪਸੂ ਪਾਲਣ ਅਤੇ ਮੱਛੀ ਪਾਲਣ ਮੰਤਰੀ ਪਰਸੋਤਮ ਰੁਪਾਲਾ, ਸੂਚਨਾ ਤਕਨਾਲੋਜੀ ਰਾਜ ਮੰਤਰੀ ਰਾਜੀਵ ਚੰਦਰਸੇਖਰ, ਵਿਦੇਸ ਰਾਜ ਮੰਤਰੀ ਵੀ. ਮੁਰਲੀਧਰਨ, ਸੂਖਮ, ਲਘੂ ਅਤੇ



ਦਰਮਿਆਨੇ ਉਦਯੋਗ ਮੰਤਰੀ ਨਰਾਇਣ ਰਾਣੇ ਅਤੇ ਸੂਚਨਾ ਅਤੇ ਪ੍ਰਸਾਰਣ ਲਈ ਐੱਲ. ਮੁਰੂਗਨ ਦਾ ਰਾਜ ਸਭਾ ਕਾਰਜਕਾਲ ਮੰਗਲਵਾਰ ਨੂੰ ਪੂਰਾ ਹੋ ਗਿਆ। ਇਸ ਦੇ ਨਾਲ ਹੀ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਅਤੇ ਰੇਲ ਮੰਤਰੀ ਅਸਵਿਨੀ ਵੈਸਨਵ ਦਾ ਕਾਰਜਕਾਲ ਬੁੱਧਵਾਰ ਨੂੰ ਖਤਮ ਹੋ ਜਾਵੇਗਾ। ਰੇਲ ਮੰਤਰੀ ਅਤੇ ਐਲ. ਮੁਰੂਗਨ ਨੂੰ ਛੱਡ ਕੇ ਇਹ ਸਾਰੇ ਕੇਂਦਰੀ ਮੰਤਰੀ ਲੋਕ ਸਭਾ ਚੋਣਾਂ ਲੜ ਰਹੇ ਹਨ। ਇਸ ਤੋਂ ਇਲਾਵਾ ਸੇਵਾਮੁਕਤ ਹੋਣ ਵਾਲੇ ਹੋਰ ਨੇਤਾਵਾਂ ਵਿਚ ਭਾਜਪਾ ਦੇ ਰਾਸਟਰੀ ਮੀਡੀਆ ਇੰਚਾਰਜ ਅਨਿਲ ਬਲੂਨੀ ਅਤੇ ਛੱਤੀਸਗੜ੍ਹ ਤੋਂ ਸਰੋਜ ਪਾਂਡੇ ਵੀ ਸਾਮਲ ਹਨ। ਅਨਿਲ ਬਲੂਨੀ ਉੱਤਰਾਖੰਡ ਦੀ ਗੜ੍ਹਵਾਲ ਸੀਟ ਤੋਂ ਲੋਕ ਸਭਾ ਚੋਣ ਲੜ ਰਹੇ ਹਨ ਜਦਕਿ ਸਰੋਜ ਪਾਂਡੇ ਛੱਤੀਸਗੜ੍ਹ ਤੋਂ ਚੋਣ ਲੜ ਰਹੇ ਹਨ। ਸਾਬਕਾ ਕੇਂਦਰੀ ਮੰਤਰੀ ਪ੍ਰਕਾਸ ਜਾਵਡੇਕਰ, ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਸੁਸੀਲ ਕੁਮਾਰ ਮੋਦੀ ਅਤੇ ਅਨਿਲ ਜੈਨ ਵੀ ਰਾਜ ਸਭਾ ਤੋਂ ਸੇਵਾਮੁਕਤ ਹੋ ਰਹੇ ਹਨ। ਪਾਰਟੀ ਨੇ ਉਨ੍ਹਾਂ ਨੂੰ ਮੁੜ ਰਾਜ ਸਭਾ ਨਹੀਂ ਭੇਜਿਆ। ਰਾਜ ਸਭਾ ਤੋਂ ਸੇਵਾਮੁਕਤ ਹੋਣ ਵਾਲਿਆਂ ਵਿਚ ਸਮਾਜਵਾਦੀ ਪਾਰਟੀ ਦੀ ਜਯਾ ਬੱਚਨ ਵੀ ਸਾਮਲ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਨੇ ਇਕ ਹੋਰ ਕਾਰਜਕਾਲ ਲਈ ਮੁੜ ਨਾਮਜਦ ਕੀਤਾ ਹੈ। ਅਜਿਹੇ ਹੀ ਮਨੋਜ ਕੁਮਾਰ ਝਾਅ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਰਾਸਟਰੀ ਜਨਤਾ ਦਲ ਨੇ ਬਿਹਾਰ ਤੋਂ ਰਾਜ ਸਭਾ ਲਈ ਇਕ ਹੋਰ ਕਾਰਜਕਾਲ ਲਈ ਮੁੜ ਨਾਮਜਦ ਕੀਤਾ ਹੈ।

## ਆਈ.ਆਈ.ਟੀ. ਵਰਗੀਆਂ ਸੰਸਥਾਵਾਂ 'ਤੇ ਵੀ ਬੇਰੁਜਗਾਰੀ ਦਾ ਸੰਕਟ : ਰਾਹੁਲ ਗਾਂਧੀ

ਨਵੀਂ ਦਿੱਲੀ 3 ਅਪ੍ਰੈਲ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਬੇਰੁਜਗਾਰੀ ਨੂੰ ਲੈ ਕੇ ਭਾਜਪਾ ਸਰਕਾਰ 'ਤੇ ਮੁੜ ਹਮਲਾ ਕੀਤਾ ਅਤੇ ਕਿਹਾ ਕਿ ਮੋਦੀ ਸਰਕਾਰ ਦੀ ਰੁਜਗਾਰ ਨੂੰ ਲੈ ਕੇ ਕੋਈ ਨੀਤੀ ਨਹੀਂ ਹੈ, ਇਸ ਲਈ ਭਾਰਤੀ ਤਕਨਾਲੋਜੀ ਸੰਸਥਾ (ਆਈ.ਆਈ.ਟੀ.) ਵਰਗੀਆਂ ਮੁੱਖ ਸੰਸਥਾਵਾਂ ਵੀ ਬੇਰੁਜਗਾਰੀ ਦੀ ਲਪੇਟ 'ਚ ਆ ਗਏ ਹਨ। ਰਾਹੁਲ ਨੇ ਟਵੀਟ ਕਰ ਕੇ ਕਿਹਾ,"ਬੇਰੁਜਗਾਰੀ ਦੀ ਬੀਮਾਰੀ ਦੀ ਲਪੇਟ 'ਚ ਹੁਣ ਆਈ.ਆਈ.ਟੀ. ਵਰਗੀਆਂ ਉੱਚ ਸੰਸਥਾਵਾਂ ਵੀ ਆ ਗਈਆਂ ਹਨ। ਆਈ.ਆਈ.ਟੀ. ਮੁੰਬਈ 'ਚ ਪਿਛਲੇ ਸਾਲ 32 ਫੀਸਦੀ ਅਤੇ ਇਸ ਸਾਲ 36 ਫੀਸਦੀ ਵਿਦਿਆਰਥੀਆਂ ਦਾ ਪਲੇਸਮੈਂਟ ਨਹੀਂ ਹੋ ਸਕਿਆ।" ਉਨ੍ਹਾਂ ਕਿਹਾ,"ਦੇਸ਼ ਦੇ ਸਭ ਤੋਂ ਮਸ਼ਹੂਰ ਤਕਨੀਕੀ ਸੰਸਥਾ ਦਾ ਇਹ ਹਾਲ ਹੈ ਤਾਂ ਕਲਪਣਾ ਕਰੋ ਭਾਜਪਾ ਨੇ ਪੂਰੇ ਦੇਸ਼ ਦੀ ਸਥਿਤੀ ਕੀ ਬਣਾ ਰੱਖੀ ਹੈ। ਨਰਿੰਦਰ ਮੋਦੀ ਕੋਲ ਨਾ ਰੁਜਗਾਰ ਦੇਣ ਦੀ ਕੋਈ ਨੀਤੀ ਹੈ ਅਤੇ ਨਾ ਹੀ ਨੀਅਤ, ਉਹ ਸਿਰਫ ਭਾਵਨਾਤਮਕ ਮੁੱਦਿਆਂ ਦੇ ਜਾਲ 'ਚ ਫਸਾ ਕੇ ਦੇਸ਼ ਦੇ ਨੌਜਵਾਨਾਂ ਨੂੰ ਧੋਖਾ ਦੇ ਰਹੇ ਹਨ।" ਕਾਂਗਰਸ ਨੇਤਾ ਨੇ ਕਿਹਾ,"ਕਾਂਗਰਸ ਵਲੋਂ ਨੌਜਵਾਨਾਂ ਲਈ ਰੁਜਗਾਰ ਦੀ ਠੋਸ ਯੋਜਨਾ ਦੇਸ਼ ਦੇ ਸਾਹਮਣੇ ਰੱਖੇ ਲਗਭਗ ਇਕ ਮਹੀਨਾ ਲੰਘ ਗਿਆ ਹੈ ਪਰ ਭਾਜਪਾ ਸਰਕਾਰ ਨੇ ਇਸ



ਮੁੱਦੇ 'ਤੇ ਹੁਣ ਤੱਕ ਸਾਹ ਵੀ ਨਹੀਂ ਲਿਆ ਹੈ। ਨੌਜਵਾਨ ਇਸ ਸਰਕਾਰ ਨੂੰ ਉਖਾੜ ਕੇ ਆਪਣੇ ਭਵਿੱਖ ਦੀ ਨੀਂਹ ਖੁਦ ਰੱਖੇਗੀ। ਕਾਂਗਰਸ ਦਾ ਨੌਜਵਾਨ ਨਿਆਂ ਦੇਸ਼ 'ਚ ਇਕ ਨਵੀਂ 'ਰੁਜਗਾਰ ਕ੍ਰਾਂਤੀ' ਨੂੰ ਜਨਮ ਦੇਵੇਗਾ।"

# ਅਮਰੀਕਾ ਅਧਾਰਤ ਪਵਿੱਤਰ-ਹੁਸਨਦੀਪ ਗੈਂਗ ਦੇ ਖਤਰਨਾਕ ਗੈਂਗਸਟਰ ਅਸਲੇ ਸਮੇਤ ਗ੍ਰਿਫ਼ਤਾਰ

ਮੋਹਾਲੀ 3 ਅਪ੍ਰੈਲ। ਪੰਜਾਬ ਪੁਲਸ ਦੇ ਸਟੇਟ ਸਪੈਸਲ ਆਪਰੇਟਿੰਗ ਸੈੱਲ ਮੋਹਾਲੀ ਨੇ ਵੱਡੀ ਸਫ਼ਲਤਾ ਹਾਸਲ ਕਰਦਿਆਂ ਅਮਰੀਕਾ-ਅਧਾਰਿਤ ਚੌੜਾ ਮਧਰੇ ਗੈਂਗ ਦੇ ਪਵਿੱਤਰ ਚੌੜਾ ਅਤੇ ਹੁਸਨਦੀਪ ਸਿੰਘ ਵੱਲੋਂ ਚਲਾਏ ਜਾ ਰਹੇ ਅਪਰਾਧਿਕ ਨੈਟਵਰਕ ਦੇ ਤਿੰਨ ਮੁੱਖ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਵੱਲੋਂ ਉਨ੍ਹਾਂ ਕੋਲੋਂ .30 ਬੋਰ ਚੀਨੀ ਪਿਸਤੌਲ ਸਮੇਤ 15 ਕਾਰਤੂਸ ਬਰਾਮਦ ਕੀਤੇ ਹਨ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਲਵਜੀਤ ਸਿੰਘ ਉਰਫ ਲਵ ਖੱਖ ਵਾਸੀ ਪਿੰਡ ਖੱਖ ਤਰਨਤਾਰਨ, ਗੁਰਸੇਵਕ ਸਿੰਘ ਉਰਫ ਬੰਬ ਵਾਸੀ ਗੋਇੰਦਵਾਲ ਸਾਹਿਬ ਅਤੇ ਬਹਾਦਰ ਖਾਨ ਉਰਫ ਖਾਨ ਭਗੜਾਣਾ ਵਾਸੀ ਫਤਹਿਗੜ੍ਹ ਸਾਹਿਬ ਵਜੋਂ ਹੋਈ ਹੈ। ਪੁਲਸ ਟੀਮਾਂ ਨੇ ਉਨ੍ਹਾਂ ਦੀ ਟੋਇਟਾ ਫਾਰਚੂਨਰ ਗੱਡੀ ਵੀ ਜਬਤ ਕਰ ਲਈ ਹੈ।



ਇਹ ਸਫ਼ਲਤਾ ਐੱਸ.ਏ.ਐੱਸ.ਨਗਰ ਜ਼ਿਲ੍ਹਾ ਪੁਲਸ ਵੱਲੋਂ ਇਸੇ ਗਿਰੋਹ ਦੇ ਇੱਕ ਹੋਰ ਮੈਂਬਰ ਗੁਰਇਕਬਾਲ ਸਿੰਘ ਉਰਫ ਰੋਬਿਨ ਦੀ ਹਥਿਆਰਾਂ ਸਮੇਤ ਗ੍ਰਿਫ਼ਤਾਰੀ ਉਪਰੰਤ ਪ੍ਰਾਪਤ ਹੋਈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਤਿੰਨੋਂ ਵਿਅਕਤੀ ਕਤਲ, ਇਰਾਦਾ ਕਤਲ, ਡਕੈਤੀ, ਅਸਲਾ ਐਕਟ, ਐੱਨਡੀਪੀਐਸ ਸਮੇਤ ਕਈ ਅਪਰਾਧਿਕ ਮਾਮਲਿਆਂ ਵਿਚ ਲੋੜੀਂਦੇ ਸਨ ਅਤੇ ਗ੍ਰਿਫਤਾਰੀ ਤੋਂ ਬਚਣ ਲਈ ਆਪਣੀ ਅਸਲ ਪਛਾਣ ਛੁਪਾ ਕੇ ਮੁਹਾਲੀ ਵਿਚ ਰਹਿ ਰਹੇ ਸਨ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰੀ ਕੀਤੇ ਗਏ ਵਿਅਕਤੀ ਨਸੀਲੇ ਪਦਾਰਥਾਂ ਦੇ ਤਸਕਰਾਂ ਅਤੇ ਗੈਂਗਸਟਰ ਪਵਿੱਤਰ ਚੌੜਾ ਦੇ ਲਗਾਤਾਰ ਸੰਪਰਕ ਵਿਚ ਸਨ ਅਤੇ ਸਰਹੱਦੀ ਸੂਬੇ ਦੀ ਅਮਨ-ਸਾਂਤੀ ਨੂੰ ਭੰਗ ਕਰਨ ਲਈ ਮਿੱਥ ਕੇ ਕਤਲ ਦੀ ਘਟਨਾਵਾਂ ਅਤੇ ਹੋਰ ਅਪਰਾਧਿਕ/ਗੈਂਗਸਟਰ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਸਾਜਿਸ਼ ਰਚ ਰਹੇ ਸਨ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਪਵਿੱਤਰ ਚੌੜਾ ਬੱਬਰ ਖਾਲਸਾ ਇੰਟਰਨੈਸਨਲ (ਬੀ.ਕੇ.ਆਈ.) ਦੇ ਅੱਤਵਾਦੀ ਲਖਬੀਰ ਸਿੰਘ ਲੰਡਾ ਅਤੇ ਉਸਦੇ ਹੋਰ ਮੈਂਬਰਾਂ ਨਾਲ ਮਿਲ ਗਿਆ ਹੈ। ਇਸ ਕਾਰਵਾਈ ਸਬੰਧੀ ਜਾਣਕਾਰੀ ਦਿੰਦਿਆਂ, ਡੀਆਈਜੀ ਕਾਊਂਟਰ ਇੰਟੈਲੀਜੈਂਸ ਜੇ ਏਲੈਂਚੇਜੀਅਨ ਨੇ ਦੱਸਿਆ ਕਿ ਭਰੋਸੇਯੋਗ ਸੂਹ ਮਿਲਣ ਉਪਰੰਤ, ਐੱਸਐੱਸਓਸੀ ਮੋਹਾਲੀ ਦੀਆਂ ਪੁਲਸ ਟੀਮਾਂ ਨੇ ਮੋਹਾਲੀ ਦੇ ਇਕ ਫਲੈਟ, ਜਿੱਥੇ ਉਕਤ ਤਿੰਨੇ ਮੁਲਜਮ ਰਹਿ ਰਹੇ ਸਨ, ਵਿਚ ਛਾਪਾ ਮਾਰ ਕੇ ਇਨ੍ਹਾਂ ਮੁਲਜਮਾਂ ਨੂੰ ਆਧੁਨਿਕ ਹਥਿਆਰ ਸਮੇਤ ਸਫ਼ਲਤਾਪੂਰਵਕ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਮੁਲਜਮ ਲਵਜੀਤ ਸਿੰਘ ਉਰਫ ਲਵ ਖੱਖ ਭਗੌੜਾ (ਪੀ.ਓ.) ਹੈ, ਜਦਕਿ ਗੁਰਸੇਵਕ ਬੰਬ ਤਰਨਤਾਰਨ ਪੁਲਸ ਵੱਲੋਂ ਇਰਾਦਾ ਕਤਲ ਮਾਮਲੇ ਵਿਚ ਲੋੜੀਂਦਾ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਸਬੰਧੀ ਹੋਰ ਪੁੱਛਗਿੱਛ ਜਾਰੀ ਹੈ ਅਤੇ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਉਮੀਦ ਹੈ। ਇਸ ਸਬੰਧੀ ਅਸਲਾ ਐਕਟ ਦੀ ਧਾਰਾ 25 ਅਤੇ 25 (7) ਅਤੇ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 120-ਬੀ ਤਹਿਤ ਥਾਣਾ ਐੱਸ.ਐੱਸ.ਓ.ਸੀ, ਮੋਹਾਲੀ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਅਕਾਲੀ ਦਲ ਵਲੋਂ ਸੁਰਜੀਤ ਸਿੰਘ ਰੱਖੜਾ ਨਹੀਂ ਲੜਨਗੇ ਚੋਣ

ਚੰਡੀਗੜ੍ਹ 3 ਅਪ੍ਰੈਲ। ਪੰਜਾਬ ਦੇ ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਲੋਕ ਸਭਾ ਚੋਣ ਲੜਨ ਨੂੰ ਲੈ ਕੇ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਅਕਾਲੀ ਦਲ ਵਲੋਂ ਲੋਕ ਸਭਾ ਚੋਣ ਨਹੀਂ ਲੜਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਚੋਣ ਖੁਦ ਲੜਨ ਨਾਲ ਗੱਡੀ ਨਹੀਂ ਚੱਲਦੀ ਅਤੇ ਵਿਅਕਤੀ ਨੂੰ ਇਕ ਸਮੇਂ 'ਤੇ ਆ ਕੇ ਖੁਦ ਹੀ ਪਿੱਛੇ ਹਟ ਜਾਣਾ ਚਾਹੀਦਾ ਹੈ। ਤੁਹਾਨੂੰ ਦੱਸ ਦੇਈਏ ਕਿ ਅਕਾਲੀ ਦਲ ਵਲੋਂ ਸੁਰਜੀਤ ਸਿੰਘ ਰੱਖੜਾ ਨੂੰ ਪਟਿਆਲਾ ਲੋਕ ਸਭਾ ਸੀਟ ਤੋਂ ਚੋਣ ਮੈਦਾਨ 'ਚ ਉਤਾਰਨ ਦੀਆਂ ਚਰਚਾਵਾਂ ਚੱਲ ਰਹੀਆਂ ਸਨ। ਇਸ ਸੀਟ 'ਤੇ ਆਮ ਆਦਮੀ ਪਾਰਟੀ ਵਲੋਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਭਾਜਪਾ ਵਲੋਂ ਪਰਨੀਤ ਕੌਰ ਚੋਣ ਮੈਦਾਨ 'ਚ ਹਨ, ਜਦੋਂ ਕਿ ਕਾਂਗਰਸ ਵਲੋਂ ਡਾ. ਧਰਮਵੀਰ ਗਾਂਧੀ ਨੂੰ ਇਸ ਸੀਟ ਤੋਂ ਚੋਣ ਮੈਦਾਨ 'ਚ ਉਤਾਰਨ ਦੀਆਂ ਚਰਚਾਵਾਂ ਹਨ। ਅਜਿਹੇ 'ਚ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ ਦਾ ਜਿਹੜਾ ਵੀ ਆਗੂ ਇਸ ਸੀਟ ਤੋਂ ਚੋਣ ਲੜੇਗਾ, ਉਹ ਬਾਕੀ ਪਾਰਟੀਆਂ ਦੇ ਆਗੂਆਂ ਨਾਲੋਂ ਬੇਹੱਦ ਮਜਬੂਤ ਹੋਵੇਗਾ। ਉਨ੍ਹਾਂ ਨੇ ਅਕਾਲੀ ਦਲ ਦੇ ਉਮੀਦਵਾਰ ਦੇ 100 ਫੀਸਦੀ ਜਿੱਤਣ ਦਾ ਦਾਅਵਾ ਕੀਤਾ। ਭਾਜਪਾ 'ਚ ਜਾਣ ਦੇ ਸਵਾਲ 'ਤੇ ਬੋਲਦਿਆਂ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਜਦੋਂ ਤੋਂ ਮੈਂ ਜੰਮਿਆ ਹਾਂ, ਅਕਾਲੀ ਦਲ ਹੀ ਹਾਂ ਅਤੇ ਅਕਾਲੀ ਦਲ 'ਚ ਹੀ ਰਹਾਂਗਾ।

## ਪੁਲਸ ਨੂੰ ਚੈਕਿੰਗ ਦੌਰਾਨ ਕਾਰ 'ਚੋਂ ਮਿਲੀ 35 ਲੱਖ ਦੀ ਨਕਦੀ, ਮੋਡ 'ਚ ਹੈ ਚੰਡੀਗੜ੍ਹ ਪੁਲਸ

ਚੰਡੀਗੜ੍ਹ 3 ਅਪ੍ਰੈਲ। ਚੰਡੀਗੜ੍ਹ 'ਚ ਹਰਿਆਣਾ ਨੰਬਰ ਵਾਲੀ ਕਾਰ 'ਚੋਂ 35 ਲੱਖ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਨਾਕੇ 'ਤੇ ਚੈਕਿੰਗ ਦੌਰਾਨ ਥਾਣਾ ਸੈਕਟਰ-36 ਦੀ ਪੁਲਸ ਨੂੰ ਇਹ ਨਕਦੀ ਮਿਲੀ। ਇਸ ਤੋਂ ਬਾਅਦ ਪੁਲਸ ਨੇ ਨਕਦੀ ਅਤੇ ਕਾਰ ਨੂੰ ਵੀ ਜਬਤ ਕਰ ਲਿਆ। ਕਾਰ 'ਚ ਡਰਾਈਵਰ ਸਮੇਤ 2 ਵਿਅਕਤੀ ਸਵਾਰ ਸਨ। ਦੋਹਾਂ ਨੂੰ ਵੀ ਪੁਲਸ ਨੇ ਹਿਰਾਸਤ 'ਚ ਲੈ ਲਿਆ ਹੈ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਚੰਡੀਗੜ੍ਹ ਪੁਲਸ ਨੇ ਆਦਰਸ ਚੋਣ ਜਾਬਤਾ ਲਾਗੂ ਹੋਣ ਕਾਰਨ ਇਸ ਮਾਮਲੇ ਦੀ ਜਾਣਕਾਰੀ ਆਮਦਨ ਟੈਕਸ ਵਿਭਾਗ ਅਤੇ ਚੋਣ ਕਮਿਸਨ ਨੂੰ ਦੇ ਦਿੱਤੀ ਹੈ। ਮੰਨਿਆ ਜਾ ਰਿਹਾ ਹੈ ਕਿ ਲੱਖਾਂ ਰੁਪਏ ਦੀ ਇਸ ਨਕਦੀ ਦੀ ਵਰਤੋਂ ਚੋਣਾਂ 'ਚ ਸਿਆਸੀ ਤੌਰ 'ਤੇ ਕੀਤੀ ਜਾਣੀ ਸੀ। ਫਿਲਹਾਲ ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਪੁਲਸ ਇਸ ਗੱਲ ਦਾ ਪਤਾ ਲਗਾ ਰਹੀ ਹੈ ਕਿ ਚੋਣ ਜਾਬਤੇ ਦੌਰਾਨ ਕਾਰ 'ਚ ਇੰਨੀ ਨਕਦੀ ਕਿੱਥੋਂ ਅਤੇ ਕਿਵੇਂ ਲਿਆਂਦੀ ਗਈ। ਦੱਸਿਆ ਜਾ ਰਿਹਾ ਹੈ ਕਿ ਲੋਕ



ਸਭਾ ਚੋਣਾਂ ਦੇ ਮੱਦੇਨਜਰ ਚੰਡੀਗੜ੍ਹ ਪੁਲਸ ਦੇ ਅਧਿਕਾਰੀ ਚੋਣ ਕਮਿਸਨ ਦੇ ਦਿਸਾ-ਨਿਰਦੇਸਾਂ ਨੂੰ ਲੈ ਕੇ ਚੌਕਸ ਹਨ। ਜਿੱਥੇ ਇਸੇ ਲੜੀ ਤਹਿਤ ਥਾਣਾ ਸੈਕਟਰ-36 ਦੀ ਪੁਲਸ ਨੇ ਸੈਕਟਰ 35/36 ਛੋਟਾ ਚੌਂਕ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਨਾਕਾਬੰਦੀ ਦੌਰਾਨ ਪੁਲਸ ਵੱਲੋਂ ਆਉਣ-ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸੇ ਦੌਰਾਨ ਇਕ ਹਰਿਆਣਾ ਨੰਬਰ ਦੀ ਸਵਿੱਫਟ ਡਿਜਾਇਰ ਕਾਰ ਆਈ। ਕਾਰ ਨੂੰ ਕਰਨਾਲ ਜ਼ਿਲ੍ਹਾ ਹਰਿਆਣਾ ਦਾ ਰਹਿਣ ਵਾਲਾ ਰਾਜਕੁਮਾਰ ਚਲਾ ਰਿਹਾ ਸੀ, ਜਦੋਂ ਕਿ ਉਸ ਦੇ ਨਾਲ ਇਕ ਹੋਰ ਵਿਅਕਤੀ ਬੈਠਾ ਸੀ। ਪੁਲਸ ਨੇ ਜਦੋਂ ਕਾਰ ਨੂੰ ਰੋਕ ਕੇ ਚੈਕਿੰਗ ਕੀਤੀ ਤਾਂ ਕਾਰ ਵਿੱਚੋਂ ਕੁੱਲ 35 ਲੱਖ, 21 ਹਜਾਰ, 071 ਰੁਪਏ ਨਕਦੀ ਬਰਾਮਦ ਹੋਈ। ਜਦੋਂ ਪੁਲਿਸ ਨੇ ਦੋਹਾਂ ਤੋਂ ਨਕਦੀ ਬਾਰੇ ਪੁੱਛਗਿੱਛ ਕੀਤੀ ਤਾਂ ਦੋਹਾਂ 'ਚੋਂ ਕੋਈ ਵੀ ਤਸੱਲੀਬਖਸ ਜਵਾਬ ਨਹੀਂ ਦੇ ਸਕਿਆ ਅਤੇ ਨਾ ਹੀ ਕੋਈ ਦਸਤਾਵੇਜ ਦਿਖਾ ਸਕਿਆ।

## ਲੋਕ ਸਭਾ ਚੋਣਾਂ ਦੌਰਾਨ ਚੋਣ ਜ਼ਾਬਤੇ ਦੇ ਮੱਦੇਨਜ਼ਰ ਲੋਕਾਂ ਨੂੰ ਅਸਲਾ ਜਮ੍ਹਾ ਕਰਵਾਉਣ ਦੀ ਹਦਾਇਤ

ਤਲਵੰਡੀ ਸਾਬੋ 3 ਅਪ੍ਰੈਲ। ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਕਈ ਪੜਾਵਾਂ 'ਚ ਲੋਕ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਦੇਸ਼ ਭਰ 'ਚ ਲਾਏ ਚੋਣ ਜ਼ਾਬਤੇ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਮੰਤਵ ਤਹਿਤ ਥਾਣਾ ਤਲਵੰਡੀ ਸਾਬੋ ਮੁਖੀ ਹਰਜੀਤ ਸਿੰਘ ਮਾਨ ਨੇ ਥਾਣੇ ਅਧੀਨ ਆਉਂਦੇ ਸਮੁੱਚੇ ਪਿੰਡਾਂ ਅਤੇ ਤਲਵੰਡੀ ਸਾਬੋ ਨਗਰ ਦੇ ਲੋਕਾਂ ਨੂੰ ਤੁਰੰਤ ਆਪਣਾ ਅਸਲਾ ਜਮ੍ਹਾ ਕਰਵਾਉਣ ਦੀ ਅਪੀਲ ਕੀਤੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਥਾਣਾ ਮੁਖੀ ਨੇ ਕਿਹਾ ਕਿ ਮਾਣਯੋਗ ਚੋਣ ਕਮਿਸ਼ਨ ਦੇ ਹੁਕਮਾਂ 'ਤੇ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਜਾਰੀ ਨਿਰਦੇਸ਼ਾਂ ਮੁਤਾਬਕ ਸਾਰੇ ਅਸਲਾ ਧਾਰਕਾਂ ਨੂੰ ਆਪਣਾ ਅਸਲਾ ਤੁਰੰਤ ਗੰਨ ਹਾਊਸਾਂ ਜਾਂ ਥਾਣਿਆਂ



'ਚ ਜਮ੍ਹਾ ਕਰਵਾਉਣਾ ਹੋਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਿਨਾਂ ਦੇਰੀ ਉਹ ਆਪਣਾ ਅਸਲਾ ਜਮ੍ਹਾ ਕਰਵਾਉਣ ਅਤੇ ਜਿਨ੍ਹਾਂ ਨੇ ਅਸਲਾ ਜਮ੍ਹਾ ਨਾ ਕਰਵਾਇਆ ਉਨ੍ਹਾਂ ਖ਼ਿਲਾਫ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ਅਤੇ ਅਸਲਾ ਲਾਇਸੰਸ ਰੱਦ ਤਕ ਵੀ ਹੋ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਅਸਲਾ ਜਮ੍ਹਾ ਕਰਵਾਉਣ ਲਈ ਜਾਗਰੂਕ ਕਰਨ ਦੇ ਮੰਤਵ ਤਹਿਤ ਇਲਾਕੇ 'ਚ ਮੁਨਿਆਦੀ ਵੀ ਕਰਵਾ ਦਿੱਤੀ ਗਈ ਹੈ ਪਰ ਜਿਨ੍ਹਾਂ ਨੇ ਅਜੇ ਤਕ ਵੀ ਅਸਲਾ ਜਮ੍ਹਾ ਨਹੀਂ ਕਰਵਾਇਆ ਉਹ ਤੁਰੰਤ ਅਸਲਾ ਜਮ੍ਹਾ ਕਰਵਾਉਣ। ਥਾਣਾ ਮੁਖੀ ਨੇ ਦੱਸਿਆ ਕਿ ਜੋ ਵਿਅਕਤੀ ਅਸਲਾ ਜਮ੍ਹਾ ਕਰਵਾਉਣ ਤੋਂ ਛੋਟ ਲੈਣਾ ਚਾਹੁੰਦਾ ਹੈ, ਉਹ ਡਿਪਟੀ ਕਮਿਸ਼ਨਰ ਬਠਿੰਡਾ ਵੱਲੋਂ ਬਣਾਈ ਸਕਰੀਨਿੰਗ ਕਮੇਟੀ ਅੱਗੇ ਪੇਸ਼ ਹੋ ਕੇ ਅਪੀਲ ਕਰ ਸਕਦਾ ਹੈ।

## ਟੀ. ਬੀ. ਦੀ ਬੀਮਾਰੀ ਨੇ ਧਾਰਿਆ ਗੰਭੀਰ ਰੂਪ, ਅੰਮ੍ਰਿਤਸਰ 'ਚ 1 ਸਾਲ ਵਿਚ 65 ਮਰੀਜਾਂ ਦੀ ਮੌਤ, 28.2 ਲੱਖ ਮਾਮਲੇ ਦਰਜ

ਅੰਮ੍ਰਿਤਸਰ 3 ਅਪ੍ਰੈਲ। ਟੀ. ਬੀ. ਦੀ ਬੀਮਾਰੀ ਗੰਭੀਰ ਰੂਪ ਧਾਰਨ ਕਰ ਰਹੀ ਹੈ ਅਤੇ ਪਿਛਲੇ ਇਕ ਸਾਲ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਉਕਤ ਬੀਮਾਰੀ ਦੇ 65 ਦੇ ਕਰੀਬ ਮਰੀਜਾਂ ਦੀ ਮੌਤ ਹੋ ਚੁੱਕੀ ਹੈ, ਜਦੋਂਕਿ ਵਿਸਵ ਸਿਹਤ ਸੰਗਠਨ ਦੇ ਗਲੋਬਲ ਟੀ. ਬੀ. ਰਿਪੋਰਟ 2023 ਦੇ ਅਨੁਸਾਰ ਭਾਰਤ ਵਿਚ 2022 ਵਿਚ ਦੁਨੀਆ ਵਿਚ ਟੀ. ਬੀ. ਦੇ ਸਭ ਤੋਂ ਵੱਧ ਕੇਸ ਮਾਮਲੇ ਸਾਹਮਣੇ ਆਏ ਹਨ। ਭਾਰਤ ਵਿਚ ਹਰ ਸਾਲ ਦੁਨੀਆ ਭਰ ਵਿਚ ਟੀ. ਬੀ. ਦੇ 28.2 ਲੱਖ ਮਾਮਲੇ ਦਰਜ ਕੀਤੇ ਗਏ ਹਨ। ਇਸ ਬੀਮਾਰੀ ਦਾ ਸਮੇਂ ਸਿਰ ਇਲਾਜ ਨਾ ਹੋਣਾ ਮਰੀਜ ਲਈ ਘਾਤਕ ਸਿੱਧ ਹੁੰਦਾ ਹੈ। ਟੀ. ਬੀ. ਦਿਵਸ 24 ਮਾਰਚ ਨੂੰ ਮਨਾਇਆ ਜਾਂਦਾ ਹੈ। ਇਹ ਦਿਨ 1882 ਦਾ ਉਹ ਦਿਨ ਹੈ, ਜਦੋਂ ਡਾਕਟਰ ਰਾਬਰਟ ਕੋਚ ਨੇ ਘੋਸਣਾ ਕੀਤੀ ਸੀ ਕਿ ਉਸ ਨੂੰ ਟੀ. ਬੀ. ਦਾ ਕਾਰਨ ਬਣਨ ਵਾਲੇ ਬੈਕਟੀਰੀਆ ਦੀ ਖੋਜ ਕਰ ਲਈ ਹੈ, ਜਿਸ ਨਾਲ ਇਸ ਬੀਮਾਰੀ ਦੇ ਨਿਦਾਨ ਅਤੇ ਇਲਾਜ ਲਈ ਰਾਹ ਪੱਧਰਾ ਹੋ ਗਿਆ ਹੈ। ਵਿਸਵ ਸਿਹਤ ਸੰਗਠਨ (ਡਬਲਯੂ. ਐੱਚ. ਓ.) ਗਲੋਬਲ ਟੀ. ਬੀ. ਰਿਪੋਰਟ 2023 ਦੇ ਅਨੁਸਾਰ, ਭਾਰਤ ਵਿਚ 2022 ਵਿਚ ਦੁਨੀਆ ਵਿਚ ਸਭ ਤੋਂ ਵੱਧ ਕੇਸ ਹਨ ਜੋ ਕਿ ਵਿਸਵ ਬੋਝ ਦਾ 27 ਪ੍ਰਤੀਸਤ ਹੈ, ਭਾਰਤ ਵਿਚ 2022 ਵਿਚ 2.8 ਮਿਲੀਅਨ (28.2 ਲੱਖ) ਟੀ. ਬੀ ਦੇ ਕੇਸ ਦਰਜ ਕੀਤੇ ਗਏ ਸਨ। ਮਾਹਰਾਂ ਦਾ ਕਹਿਣਾ ਹੈ ਕਿ ਟੀ. ਬੀ. ਇਕ ਭਿਆਨਕ ਬੀਮਾਰੀ ਹੈ, ਜੋ ਮਨੁੱਖ ਨੂੰ ਸਰੀਰਕ, ਸਮਾਜਿਕ, ਮਾਨਸਿਕ ਅਤੇ ਆਰਥਿਕ ਨੁਕਸਾਨ ਪਹੁੰਚਾਉਂਦੀ ਹੈ। ਦੁਨੀਆ ਦੇ ਟੀ. ਬੀ. ਦੇ ਇਕ ਚੌਥਾਈ ਕੇਸ ਮਰੀਜ ਭਾਰਤ ਵਿਚ ਹੀ ਪਾਏ ਜਾਂਦੇ ਹਨ। ਦੁਨੀਆ ਵਿਚ ਹਰ ਸਾਲ ਲਗਭਗ 100 ਲੱਖ ਲੋਕ ਟੀ. ਬੀ. ਤੋਂ ਪੀੜਤ ਹੁੰਦੇ ਹਨ ਅਤੇ ਲਗਭਗ 15 ਲੱਖ ਲੋਕ ਟੀ. ਬੀ. ਦੇ ਕਾਰਨ ਮਰ ਜਾਂਦੇ ਹਨ। ਭਾਰਤ ਵਿਚ ਟੀ. ਬੀ. ਦੀ ਸਥਿਤੀ ਬਾਰੇ ਉਨ੍ਹਾਂ ਕਿਹਾ ਕਿ ਚਿੰਤਾਜਨਕ ਗੱਲ ਇਹ ਹੈ ਕਿ ਹਰ ਸਾਲ 26 ਲੱਖ ਭਾਰਤੀਆਂ ਨੂੰ ਟੀ.



ਬੀ. ਹੋ ਜਾਂਦੀ ਹੈ। ਇਸ ਵਿਚੋਂ ਇਕ ਹਜਾਰ ਦੇ ਕਰੀਬ ਲੋਕਾਂ ਦੀ ਮੌਤ ਹੋ ਜਾਂਦੀ ਹੈ। ਸਵਾਲ ਇਹ ਹੈ ਕਿ ਜਿਸ ਬੀਮਾਰੀ ਦਾ ਕਾਰਨ ਪਤਾ ਹੈ ਅਤੇ ਜਿਸ ਲਈ ਹਰ ਦਵਾਈ ਮੁਹੱਈਆ ਹੈ, ਉਹ ਅੱਜ ਵੀ ਪੂਰੇ ਦੇਸ ਵਿਚ ਮਹਾਮਾਰੀ ਵਾਂਗ ਫੈਲੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਦਾ ਸਭ ਤੋਂ ਵੱਡਾ ਕਾਰਨ ਮਰੀਜ ਦਾ ਸਿਹਤ ਕੇਂਦਰਾਂ ਵਿਚ ਦੇਰੀ ਨਾਲ ਪਹੁੰਚਣਾ, ਇਲਾਜ ਦਾ ਦੇਰੀ ਨਾਲ ਸੁਰੂ ਹੋਣਾ ਅਤੇ ਮਰੀਜਾਂ ਨੂੰ ਦਵਾਈਆਂ ਦੇ ਕੋਰਸ ਅੱਧ ਵਿਚਾਲੇ ਛੱਡਣਾ ਸਾਮਲ ਹੈ। ਭਾਰਤ 2025 ਤੱਕ ਟੀ. ਬੀ. ਮੁਕਤ ਹੋਣ ਦਾ ਸੁਫਨਾ ਦੇਖ ਰਿਹਾ ਹੈ। ਇਸ ਸੁਫਨੇ ਨੂੰ ਪੂਰਾ ਕਰਨ ਲਈ ਪੂਰੇ ਦੇਸ ਵਿਚ ਰਾਸਟਰੀ ਟੀ. ਬੀ. ਖਾਤਮਾ ਪ੍ਰੋਗਰਾਮ ਚੱਲ ਰਿਹਾ ਹੈ ਪਰ ਹੁਣ ਟੀ. ਬੀ. ਨੂੰ ਖਤਮ ਕਰਨ ਲਈ, ਸਾਨੂੰ ਸਰਗਰਮ ਕੇਸ ਦੀ ਖੋਜ ਨੂੰ ਅਪਣਾਉਣਾ ਹੋਵੇਗਾ। ਝੁੱਗੀਆਂ-ਝੌਂਪੜੀਆਂ, ਇੱਟਾਂ ਦੇ ਭੱਠਿਆਂ, ਕਬਾਇਲੀ ਖੇਤਰਾਂ ਅਤੇ ਉੱਚ ਜੋਖਮ ਵਾਲੀ ਆਬਾਦੀ ਤੱਕ ਪਹੁੰਚਣਾ ਹੋਵੇਗਾ। ਟੀ. ਬੀ. ਦੇ ਨਵੇਂ ਕੇਸਾਂ ਦਾ ਪਤਾ ਲਗਾ ਕੇ ਅਤੇ ਤੁਰੰਤ ਇਲਾਜ ਮੁਹੱਈਆ ਕਰਵਾ ਕੇ, ਟੀ. ਬੀ. ਦੇ 10 ਨਵੇਂ ਕੇਸਾਂ ਨੂੰ ਰੋਕਿਆ ਜਾ ਸਕਦਾ ਹੈ। ਇਕ ਹੋਰ ਮਾਹਰ ਨੇ ਗਲੋਬਲ ਐਡਲਟ ਤੰਬਾਕੂ ਸਰਵੇਖਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਦੇਸ ਵਿਚ ਵੱਡੀ ਗਿਣਤੀ ਵਿਚ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ। ਤੰਬਾਕੂ ਦੀ ਲਤ ਟੀ. ਬੀ. ਦਾ ਇਕ ਵੱਡਾ ਕਾਰਨ ਬਣ ਕੇ ਉਭਰੀ ਹੈ ਪਰ ਤੰਬਾਕੂ ਸਬੰਧੀ ਸਖਤ ਕਾਨੂੰਨਾਂ ਦੀ ਘਾਟ ਜਾਪਦੀ ਹੈ। ਕੋਟਪਾ ਐਕਟ 2020 ਦੇ ਸੁਝਾਵਾਂ ਨੂੰ ਲਾਗੂ ਕਰ ਕੇ ਖਤਰੇ ਤੋਂ ਬਚਿਆ ਜਾ ਸਕਦਾ ਹੈ। ਤੰਬਾਕੂ ਨਿਯੰਤਰਣ ਉਪਾਵਾਂ ਨੂੰ ਲਾਗੂ ਕਰ ਕੇ ਟੀ. ਬੀ. ਦੀਆਂ ਘਟਨਾਵਾਂ ਅਤੇ ਮੌਤ ਦਰ 'ਤੇ ਤੰਬਾਕੂ ਦੀ ਵਰਤੋਂ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ। ਟੀ. ਬੀ. ਇਕ ਜਟਿਲ ਚੁਣੌਤੀ ਹੈ। ਤਾਜਾ ਖੋਜ ਨੇ ਤੰਬਾਕੂ ਦੀ ਵਰਤੋਂ ਅਤੇ ਟੀ. ਬੀ. ਵਿਚਾਲੇ ਸਬੰਧਾਂ ਨੂੰ ਲੈ ਕੇ ਚਿੰਤਾ ਵਧਾ ਦਿੱਤੀ ਹੈ, ਜਿਸ ਵਿਚ ਦੱਸਿਆ ਗਿਆ ਕਿ ਕਿਸ ਤਰ੍ਹਾਂ ਸਿਗਰਟ ਪੀਣ ਨਾਲ ਟੀ. ਬੀ. ਦਾ ਖਤਰਾ ਕਾਫੀ ਵੱਧ ਜਾਂਦਾ ਹੈ। ਜ਼ਿੰਦਗੀ ਵਿਚੋਂ ਤੰਬਾਕੂ ਦੀ ਲਤ ਨੂੰ ਖਤਮ ਕਰਨ ਲਈ ਸਿਰਫ ਇੱਕ ਮਜਬੂਤ ਇਰਾਦੇ ਦੀ ਲੋੜ ਹੈ। ਸਿਹਤਮੰਦ ਜੀਵਨ ਸੈਲੀ ਦੀ ਪਾਲਣਾ ਕਰ ਕੇ ਸਿਹਤ ਨੂੰ ਸੁਰੱਖਿਅਤ ਰੱਖੋ। ਟੀ. ਬੀ. ਨੂੰ ਹਰਾਉਣ ਲਈ, ਤੰਬਾਕੂ ਤੋਂ ਆਪਣੇ ਆਪ ਨੂੰ ਮੁਕਤ ਕਰਨ ਦੀ ਪਹਿਲਕਦਮੀ ਕਰੋ, ਕਿਉਂਕਿ ਤੰਬਾਕੂ ਟੀ. ਬੀ. ਦਾ ਇਕ ਵੱਡਾ ਕਾਰਨ ਹੈ।

## ਪੰਜਾਬ 'ਚ 'ਕੱਛੂ ਦੀ ਚਾਲ' ਨਾਲ ਚੱਲ ਰਿਹਾ ਚੋਣ ਪ੍ਰਚਾਰ, ਕਈ ਸੀਟਾਂ 'ਤੇ ਸ਼ਸ਼ੋਪੰਜ

ਜਲੰਧਰ 3 ਅਪ੍ਰੈਲ। ਪੰਜਾਬ 'ਚ ਲੋਕ ਸਭਾ ਚੋਣਾਂ ਲੜਨ ਵਾਲੇ ਉਮੀਦਵਾਰਾਂ ਨੇ 'ਕੱਛੂ ਦੀ ਚਾਲ' ਨਾਲ ਆਪਣੀ ਮੁਹਿੰਮ ਸ਼ੁਰੂ ਕੀਤੀ ਹੈ। ਪੰਜਾਬ 'ਚ 13 ਲੋਕ ਸਭਾ ਸੀਟਾਂ ਲਈ 1 ਜੂਨ ਨੂੰ ਵੋਟਾਂ ਪੈਣੀਆਂ ਹਨ। ਵੋਟਾਂ 'ਚ ਲਗਭਗ 2 ਮਹੀਨਿਆਂ ਦਾ ਸਮਾਂ ਹੋਣ ਕਾਰਨ ਉਮੀਦਵਾਰ ਬਹੁਤੀ ਜਲਦਬਾਜੀ 'ਚ ਨਹੀਂ ਹਨ ਅਤੇ ਉਹ ਫਿਲਹਾਲ ਰੋਜਾਨਾ 2 ਤੋਂ 3 ਬੈਠਕਾਂ ਹੀ ਕਰ ਰਹੇ ਹਨ। ਉਮੀਦਵਾਰਾਂ ਨੂੰ ਪਤਾ ਹੈ ਕਿ ਜੇਕਰ ਸ਼ੁਰੂਆਤ 'ਚ ਜ਼ਿਆਦਾ ਤੇਜੀ ਦਿਖਾਈ ਤਾਂ ਆਖਰੀ ਸਮੇਂ 'ਚ ਸਾਹ ਫੁੱਲਣਾ ਸ਼ੁਰੂ ਹੋ ਜਾਵੇਗਾ। ਇਸ ਨੂੰ ਦੇਖਦੇ ਹੋਏ ਵੱਡੇ ਨੇਤਾਵਾਂ ਦੀ ਹੁਣ ਤਕ ਕੋਈ ਵੀ ਵੱਡੀ ਬੈਠਕ ਨਹੀਂ ਹੋਈ ਹੈ। ਉੱਥੇ ਹੀ ਨੇਤਾਵਾਂ ਨੇ ਆਪਣੇ ਉਮੀਦਵਾਰਾਂ ਨੂੰ ਸੰਦੇਸ਼ ਦਿੱਤਾ ਹੈ ਕਿ ਅਜੇ ਉਹ ਆਪਣੇ ਪੱਧਰ 'ਤੇ ਹੀ ਵਰਕਰਾਂ ਨੂੰ ਗਤੀਸ਼ੀਲ ਕਰਨ ਲਈ ਉਨ੍ਹਾਂ ਨਾਲ ਰੂ-ਬ-ਰੂ ਹੋ ਕੇ ਬੈਠਕਾਂ ਕਰਨ। ਅਜੇ ਤਕ ਅਕਾਲੀ ਦਲ ਨੇ ਇਕ ਵੀ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਉਮੀਦਵਾਰਾਂ ਦਾ ਐਲਾਨ ਕਰਨ 'ਚ ਆਮ ਆਦਮੀ ਪਾਰਟੀ ਨੇ ਬਾਜੀ ਮਾਰੀ ਸੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਦੇ ਲਗਭਗ 8 ਉਮੀਦਵਾਰ ਐਲਾਨ ਦਿੱਤੇ ਸਨ। ਉਸ ਤੋਂ ਬਾਅਦ ਇਕ ਉਮੀਦਵਾਰ ਸੁਸ਼ੀਲ ਰਿੰਕੂ ਭਾਜਪਾ 'ਚ ਸ਼ਾਮਲ ਹੋ ਗਿਆ ਸੀ। ਇਸੇ ਤਰ੍ਹਾਂ ਭਾਜਪਾ ਨੇ ਵੀ ਪੰਜਾਬ 'ਚ ਆਪਣੇ 6 ਉਮੀਦਵਾਰ ਐਲਾਨ ਦਿੱਤੇ ਹਨ। ਕਾਂਗਰਸ ਨੇ ਅਜੇ ਤਕ ਅਕਾਲੀ ਦਲ ਦੀ ਤਰ੍ਹਾਂ ਹੀ ਆਪਣਾ ਕੋਈ ਵੀ ਉਮੀਦਵਾਰ ਨਹੀਂ ਐਲਾਨਿਆ। ਕੁਲ ਮਿਲਾ ਕੇ ਉਮੀਦਵਾਰਾਂ ਨੂੰ ਲੈ ਕੇ ਵੱਖ-ਵੱਖ ਸੀਟਾਂ 'ਤੇ ਅਜੇ ਵੀ ਸ਼ਸ਼ੋਪੰਜ ਦੀ ਸਥਿਤੀ ਬਣੀ ਹੋਈ ਹੈ। ਇਸ ਲਈ ਜੋ ਉਮੀਦਵਾਰ ਚੋਣ ਮੈਦਾਨ 'ਚ ਆ ਗਏ ਹਨ, ਉਹ ਹੁਣ ਸਿਰਫ ਵਰਕਰਾਂ ਨਾਲ ਹੀ ਤਾਲਮੇਲ ਕਰ ਰਹੇ ਹਨ। ਜਨਤਾ ਵਿਚ ਜਾਣ ਦਾ ਰੁਝਾਨ ਅਜੇ ਸ਼ੁਰੂ ਨਹੀਂ ਹੋਇਆ ਹੈ। ਲੰਬਾ ਚੋਣ ਸਫਰ ਅਤੇ ਆਉਣ ਵਾਲੇ ਸਮੇਂ 'ਚ ਵਧਦੀ ਗਰਮੀ ਵੀ ਉਮੀਦਵਾਰਾਂ ਦਾ ਇਸ ਵਾਰ ਕਾਫੀ ਪਸੀਨਾ ਵਹਾਏਗੀ। 1 ਜੂਨ ਤਕ ਤਾਂ ਤਾਪਮਾਨ 40 ਡਿਗਰੀ ਨੂੰ ਪਾਰ ਕਰ ਜਾਵੇਗਾ।

## ਰਣਜੀਤ ਸਾਗਰ ਡੈਮ ਦੀ ਝੀਲ ਨੇੜੇ ਵੱਡੇ ਪਹਾੜ ਦਾ ਇਕ ਹਿੱਸਾ ਢਹਿਣ ਕੰਢੇ

ਪਠਾਨਕੋਟ 3 ਅਪ੍ਰੈਲ। ਪਿਛਲੇ ਕੁਝ ਦਿਨਾਂ ਤੋਂ ਰਣਜੀਤ ਸਾਗਰ ਡੈਮ ਪ੍ਰਾਜੈਕਟ ਦੀ ਵਿਸ਼ਾਲ ਝੀਲ ਕੋਲ ਵੱਡੇ ਪਹਾੜ ਦਾ ਇਕ ਹਿੱਸਾ ਆਪਣੇ ਆਪ ਹੀ ਢਹਿਣ ਦੀ ਕਗਾਰ 'ਤੇ ਖੜ੍ਹਾ ਹੈ, ਜਿਸ ਕਾਰਨ ਡੈਮ ਪ੍ਰਾਜੈਕਟ ਦੇ ਮਲਬੇ ਦੇ ਝੀਲ ਵਿੱਚ ਡਿੱਗਣ ਦਾ ਖ਼ਦਸ਼ਾ ਹੈ। ਜੇਕਰ ਡਿੱਗਦੇ ਪਹਾੜ ਨੂੰ ਰੋਕਣ ਲਈ ਤੁਰੰਤ ਸੁਰੱਖਿਆ ਨਾ ਕੀਤੀ ਗਈ ਤਾਂ ਵੱਡਾ ਹਾਦਸਾ ਵਾਪਰ ਸਕਦਾ ਹੈ। ਉਕਤ ਮਾਮਲੇ ਦੀ ਸੂਚਨਾ ਮਿਲਣ ਤੋਂ ਬਾਅਦ ਡੈਮ ਪ੍ਰਸ਼ਾਸਨ ਦੇ ਅਧਿਕਾਰੀ ਪੂਰੀ ਤਰ੍ਹਾਂ ਨਾਲ ਚੌਕਸ ਹੋ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਪਹਾੜ ਦੀ ਚੋਟੀ 'ਤੇ ਮਹਾਰਾਜਾ ਰਣਜੀਤ ਸਿੰਘ ਦਾ ਕਾਂਸੀ ਦਾ ਬੁੱਤ ਬਣਿਆ ਹੋਇਆ ਹੈ ਅਤੇ ਉਕਤ ਵੱਡੇ ਪਹਾੜ ਦਾ ਆਪਣੇ ਆਪ ਖਿਸਕਣਾ ਖ਼ਤਰੇ ਦੀ ਘੰਟੀ ਹੈ, ਜਿਸ ਲਈ ਡੈਮ ਪ੍ਰਸ਼ਾਸਨ ਨੂੰ ਜਲਦ ਤੋਂ ਜਲਦ ਠੋਸ ਕਦਮ ਚੁੱਕਣ ਦੀ ਲੋੜ ਹੈ। ਦੂਜੇ ਪਾਸੇ ਜਦੋਂ ਡੈਮ ਪ੍ਰਸ਼ਾਸਨ ਦੇ ਚੀਫ ਇੰਜੀਨੀਅਰ ਸ਼ੇਰ ਸਿੰਘ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਉਕਤ ਪਹਾੜ ਪੂਰੀ ਤਰ੍ਹਾਂ ਕੱਚਾ ਹੈ, ਜਿਸ ਦੀ ਸੁਰੱਖਿਆ ਲਈ ਡੈਮ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ ਅਤੇ ਜਲਦੀ ਹੀ ਇਸ ਦਾ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਇਸ ਸਬੰਧੀ ਟੈਂਡਰ ਕੱਢਿਆ ਜਾਵੇਗਾ ਅਤੇ ਇਸ ਦੀ ਥਾਂ ਕੰਕਰੀਟ ਪਾ ਕੇ ਡਿੱਗ ਰਹੇ ਪਹਾੜ ਦੇ ਮਲਬੇ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਜਾਵੇਗਾ। ਜ਼ਿਲ੍ਹਾ ਕਾਂਗਰਸ ਪ੍ਰਧਾਨ ਅਤੇ ਵਿਧਾਇਕ ਸੁਜਾਨਪੁਰ ਨਰੇਸ਼ ਪੁਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਕਾਫੀ ਸਮਾਂ ਪਹਿਲਾਂ ਡੈਮ ਪ੍ਰਾਜੈਕਟ ਦੀ ਵਿਸ਼ਾਲ ਝੀਲ ਨੇੜੇ ਪਹਾੜ ਦਾ ਇਕ ਹਿੱਸਾ ਡਿੱਗਣ ਦੀ ਕਗਾਰ 'ਤੇ ਖੜ੍ਹੇ ਹੋਣ ਦੀ ਸੂਚਨਾ ਮਿਲੀ ਸੀ ਅਤੇ ਉਨ੍ਹਾਂ ਵੱਲੋਂ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ ਸੀ ਪਰ ਅਧਿਕਾਰੀਆਂ ਨਾਲ ਕੋਈ ਤਾਲਮੇਲ ਨਹੀਂ ਹੋ ਸਕਿਆ। ਜੇਕਰ ਸਮੇਂ ਰਹਿੰਦਿਆਂ ਇਸ ਮਾਮਲੇ ਨੂੰ ਸੰਜੀਦਗੀ ਨਾਲ ਲਿਆ ਜਾਂਦਾ ਤਾਂ ਸਰਕਾਰੀ ਪੈਸੇ ਦੀ ਦੁਰਵਰਤੋਂ ਹੋਣ ਤੋਂ ਬਚਿਆ ਜਾ ਸਕਦਾ ਸੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਅਧਿਕਾਰੀ ਨੇ ਇਸ ਮਾਮਲੇ 'ਚ ਆਪਣੀ ਜ਼ਿੰਮੇਵਾਰੀ ਤੋਂ ਅਣਗਹਿਲੀ ਵਰਤੀ ਹੈ ਤਾਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਸਖ਼ਤ ਕਾਰਵਾਈ ਵੀ ਹੋਣੀ ਚਾਹੀਦੀ ਹੈ ਤਾਂ ਜੋ ਅਜਿਹਾ ਮੁੜ ਨਾ ਵਾਪਰੇ।



## ਬਾਰਡਰ ਰੇਂਜ ਪੁਲਸ ਦੀ ਨਸ਼ਿਆਂ ਖਿਲਾਫ ਵੱਡੀ ਕਾਰਵਾਈ

ਅੰਮ੍ਰਿਤਸਰ 3 ਅਪ੍ਰੈਲ। ਭਾਰਤ ਦੇ ਚੋਣ ਕਮਿਸਨ ਅਤੇ ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਦੀਆਂ ਹਦਾਇਤਾਂ 'ਤੇ ਨਸ਼ਿਆਂ ਖ਼ਿਲਾਫ ਇਕ ਵੱਡਾ ਸਰਚ ਆਪ੍ਰੇਸ਼ਨ ਚਲਾਉਂਦੇ ਹੋਏ ਨਸੀਲੇ ਪਦਾਰਥਾਂ ਦੀ ਵੱਡੀ ਖੇਪ ਬਰਾਮਦ ਕੀਤੀ ਹੈ। ਇਸ ਵੱਡੇ ਆਪ੍ਰੇਸਨ ਦੌਰਾਨ ਅੰਮ੍ਰਿਤਸਰ ਬਾਰਡਰ ਰੇਂਜ ਦੇ 4 ਜ਼ਿਲ੍ਹਿਆਂ 'ਚੋਂ 30 ਮੁਲਜਮਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 3.5 ਲੱਖ ਮਿਲੀਲੀਟਰ ਸਰਾਬ ਅਤੇ 22140 ਲੀਟਰ ਲਾਹਣ ਬਰਾਮਦ ਕੀਤੀ ਹੈ। ਇਸ ਦੇ ਨਾਲ ਹੀ ਪੁਲਸ ਨੇ ਮੁਲਜਮਾਂ ਵੱਲੋਂ ਨਸੇ ਦੇ ਇਸ ਕਾਰੋਬਾਰ 'ਚ ਵਰਤੇ ਜਾਂਦੇ 2 ਵਾਹਨ ਵੀ ਜਬਤ ਕੀਤੇ ਹਨ। ਇਸ ਸਬੰਧੀ ਅੰਮ੍ਰਿਤਸਰ ਬਾਰਡਰ ਰੇਂਜ ਦੇ ਆਈ. ਪੀ. ਐੱਸ. ਅਧਿਕਾਰੀ ਡੀ. ਆਈ. ਜੀ. ਰਾਕੇਸ ਕੌਸਲ ਨੇ ਦੱਸਿਆ ਕਿ ਅੰਮ੍ਰਿਤਸਰ ਰੇਂਜ ਦੇ 4 ਪੁਲਸ ਜ਼ਿਲ੍ਹਿਆਂ, ਜਿਨ੍ਹਾਂ ਵਿਚ ਅੰਮ੍ਰਿਤਸਰ ਦਿਹਾਤੀ, ਪੁਲਸ ਜ਼ਿਲ੍ਹਾ ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਦੇ ਇਲਾਕਿਆਂ ਵਿਚ ਕੀਤੀ ਵੱਡੀ ਕਾਰਵਾਈ ਦੌਰਾਨ 624 ਹਥਿਆਰਬੰਦ ਜਵਾਨਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਦਿਹਾਤੀ ਵਿਚ 7 ਕੇਸ ਦਰਜ ਕਰ ਕੇ 6 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਇਸੇ ਤਰ੍ਹਾਂ ਬਟਾਲਾ ਵਿਚ 9 ਕੇਸ ਦਰਜ ਕਰ ਕੇ 8 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ।

## ਸ਼ਰਾਰਤੀ ਅਨਸਰਾਂ ਨੇ ਫਿਰੋਜਪੁਰ ਦੀ ਕੇਂਦਰੀ ਜੇਲ੍ਹ ਅੰਦਰ ਸੁੱਟੇ 13 ਪੈਕੇਟ, ਪੁਲਸ ਨੇ ਕੀਤੇ ਬਰਾਮਦ

ਫਿਰੋਜ਼ਪੁਰ 3 ਅਪ੍ਰੈਲ। ਪਿਛਲੇ ਕਾਫੀ ਸਮੇਂ ਤੋਂ ਸ਼ਰਾਰਤੀ ਅਨਸਰ ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਦੇ ਅੰਦਰ ਲਗਾਤਾਰ ਮੋਬਾਈਲ ਫੋਨ ਅਤੇ ਨਸ਼ੀਲੇ ਪਦਾਰਥਾਂ ਦੇ ਪੈਕੇਟ ਸੁੱਟ ਰਹੇ ਹਨ। ਦੂਜੇ ਪਾਸੇ ਅਜਿਹੀਆਂ ਘਟਨਾਵਾਂ ਨੂੰ ਦੇਖਦੇ ਹੋਏ ਜੇਲ੍ਹ ਪ੍ਰਸ਼ਾਸਨ ਵੱਲੋਂ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕਰਦੇ ਹੋਏ ਅਜਿਹੇ ਸੁੱਟੇ ਗਏ ਪੈਕਟ ਲਗਾਤਾਰ ਫੜੇ ਜਾ ਰਹੇ ਹਨ ਅਤੇ ਸਮਾਜ ਵਿਰੋਧੀ ਅਨਸਰਾਂ ਦੇ ਮਨਸੂਬਿਆਂ ਨੂੰ ਨਾਕਾਮ ਕੀਤਾ ਜਾ ਰਿਹਾ ਹੈ। ਸ਼ਰਾਰਤੀ ਅਨਸਰਾਂ ਨੇ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਬਾਹਰੋਂ ਫਿਰ ਜੇਲ੍ਹ ਅੰਦਰ 13 ਪੈਕਟ ਸੁੱਟੇ ਹਨ, ਜਿਸਨੂੰ ਲੈ ਕੇ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਸਹਾਇਕ ਸੁਪਰਡੈਂਟ ਸਰਬਜੀਤ ਸਿੰਘ ਵੱਲੋਂ ਪੁਲਸ ਨੂੰ ਭੇਜੀ ਲਿਖਤੀ ਸੂਚਨਾ ਦੇ ਆਧਾਰ 'ਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਇਹ ਪੈਕੇਟ ਕਬਜ਼ੇ ਵਿਚ ਲੈ ਲਏ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਬ-ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ



ਜੇਲ੍ਹ ਪ੍ਰਸ਼ਾਸਨ ਵੱਲੋਂ ਪੁਲਸ ਨੂੰ ਭੇਜੀ ਲਿਖਤੀ ਸੂਚਨਾ ਅਨੁਸਾਰ ਜਦੋਂ ਸ਼ਰਾਰਤੀ ਅਨਸਰਾਂ ਵੱਲੋਂ ਜੇਲ੍ਹ ਅੰਦਰ ਸੁੱਟੇ ਗਏ ਪੈਕੇਟਾਂ ਨੂੰ ਜੇਲ ਸਟਾਫ ਨੇ ਖੋਲ੍ਹ ਕੇ ਤਲਾਸ਼ੀ ਲਈ ਤਾਂ ਉਨ੍ਹਾਂ 'ਚੋਂ 243 ਤੰਬਾਕੂ ਦੀਆਂ ਪੁੜੀਆਂ, 2 ਸਿਗਰਟ ਦੀਆਂ ਡੱਬੀਆਂ, 2 ਕੀਪੈਡ ਮੋਬਾਈਲ ਫੋਨ, ਇਕ ਟੱਚ ਸਕਰੀਨ ਮੋਬਾਈਲ ਫੋਨ, ਇਕ ਨੋਕੀਆ ਕੰਪਨੀ ਦਾ ਚਾਰਜਰ, ਇਕ ਚਾਰਜਰ ਅਡਾਪਟਰ ਅਤੇ 2 ਚਿੱਟੇ ਰੰਗ ਦੀਆਂ ਡਾਟਾ ਕੇਬਲਾਂ ਬਰਾਮਦ ਹੋਈਆਂ ਹਨ। ਉਨ੍ਹਾਂ ਨੇ ਦੱਸਿਆ ਕਿ ਜਦੋਂ ਸਹਾਇਕ ਸੁਪਰਡੈਂਟ ਸਰਬਜੀਤ ਸਿੰਘ ਦੀ ਅਗਵਾਈ ਹੇਠ ਜੇਲ੍ਹ ਸਟਾਫ ਨੇ ਤਲਾਸ਼ੀ ਲਈ ਤਾਂ ਉਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਪਏ ਦੋ ਕੀਪੈਡ ਮੋਬਾਈਲ ਫੋਨ ਵੀ ਮਿਲੇ।

## ਹੋਟਲ 'ਚ ਵਿਦੇਸ਼ੀ ਕੁੜੀਆਂ ਨਾਲ ਰੰਗਰਲੀਆਂ ਮਨਾ ਰਿਹਾ ਸੀ ਆਈ. ਏ. ਐੱਸ. ਅਧਿਕਾਰੀ ਦਾ ਪਤੀ, ਪੁਲਸ ਨੇ ਕੀਤਾ ਕਾਬੂ

ਲੁਧਿਆਣਾ 3 ਅਪ੍ਰੈਲ। ਥਾਣਾ ਸਰਾਭਾ ਨਗਰ ਦੇ ਇਲਾਕੇ 'ਚ ਸਥਿਤ ਇਕ ਹੋਟਲ 'ਚ ਰੰਗਰਲੀਆਂ ਮਨਾਉਂਦੇ ਇਕ ਆਈ. ਏ. ਐੱਸ. ਅਧਿਕਾਰੀ ਦੇ ਪਤੀ ਨੂੰ ਥਾਣਾ ਡਵੀਜ਼ਨ ਨੰ. 5 ਦੀ ਪੁਲਸ ਨੇ ਕਾਬੂ ਕੀਤਾ ਹੈ ਪਰ ਇਥੇ ਜ਼ਿਕਰਯੋਗ ਹੈ ਕਿ ਕਿਸੇ ਵੀ ਪੁਲਸ ਅਧਿਕਾਰੀ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਹੈ। ਜਾਣਕਾਰੀ ਅਨੁਸਾਰ ਥਾਣਾ ਡਵੀਜ਼ਨ ਨੰ. 5 ਦੀ ਪੁਲਸ ਨੂੰ ਸੂਚਨਾ ਮਿਲਦੀ ਹੈ ਕਿ ਸਰਾਭਾ ਨਗਰ ਸਥਿਤ ਇਥ ਹੋਟਲ 'ਚ ਕੁਝ ਲੋਕ ਵਿਦੇਸ਼ੀ ਕੁੜੀਆਂ ਨਾਲ ਰੰਗਰਲੀਆਂ ਮਨਾ ਰਹੇ ਸਨ, ਜਿਸ ਤੋਂ ਬਾਅਦ ਇਲਾਕਾ ਪੁਲਸ ਮੌਕੇ 'ਤੇ ਪੁੱਜਦੀ ਹੈ, ਜਿਥੇ 2 ਵਿਦੇਸ਼ੀ ਕੁੜੀਆਂ ਤੇ 2 ਵਿਅਕਤੀ ਰੰਗਰਲੀਆਂ ਮਨਾਉਂਦੇ ਇਲਾਕਾ ਪੁਲਸ ਦੇ ਹੱਥੀਂ ਚੜ੍ਹ ਜਾਂਦੇ ਹਨ। ਸ਼ੁਰੂਆਤੀ ਪੁੱਛਗਿੱਛ ਦੌਰਾਨ ਕਾਬੂ ਕੀਤਾ ਇਕ ਵਿਅਕਤੀ ਪੁਲਸ 'ਤੇ ਰੋਹਬ ਜਮਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਖੁਦ ਨੂੰ ਆਈ. ਏ. ਐੱਸ. ਅਧਿਕਾਰੀ ਦਾ ਪਤੀ ਦੱਸਦਾ ਹੈ ਤਾਂ ਪੁਲਸ ਸੰਯਮ ਨਾਲ ਕੰਮ ਲੈਂਦਿਆਂ ਮੁਲਜ਼ਮ ਤੋਂ ਮਹਿਲਾ ਆਈ. ਏ. ਐੱਸ. ਅਧਿਕਾਰੀ ਨੂੰ ਨਾਮ ਪੁੱਛ ਕੇ ਉਸ ਨੂੰ ਕਾਲ ਕਰਦੀ ਹੈ। ਪੁਲਸ ਜਦੋਂ ਮਹਿਲਾ ਅਧਿਕਾਰੀ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਉਂਦੀ ਹੈ ਤਾਂ ਮਹਿਲਾ ਅਧਿਕਾਰੀ ਪੁਲਸ ਨੂੰ ਪਤੀ ਖ਼ਿਲਾਫ ਕੇਸ ਦਰਜ ਕਰਨ ਦੀ ਹਦਾਇਤ ਦੇ ਨਾਲ ਨਿਰਦੇਸ਼ ਵੀ ਦਿੰਦੀ ਹੈ, ਜਿਸ ਤੋਂ ਬਾਅਦ ਪੰਜਾਬ ਪੁਲਸ ਵੀ ਦੁਵਿਧਾ 'ਚ ਪੈ ਜਾਂਦੀ ਹੈ। ਉਥੇ ਖਬਰ ਲਿਖੇ ਜਾਣ ਤੱਕ ਪੁਲਸ ਨੇ ਕੇਸ ਦਰਜ ਨਹੀਂ ਕੀਤਾ ਹੈ ਪਰ ਸੂਤਰਾਂ ਅਨੁਸਾਰ ਪੁਲਸ ਨੇ ਦੇਰ ਰਾਤ ਕੇਸ ਦਰਜ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਇਸ ਸਬੰਧੀ ਥਾਣਾ ਇੰਚਾਰਜ ਤੋਂ ਲੈ ਕੇ ਏ. ਸੀ. ਪੀ. ਸਿਵਲ ਲਾਈਨਜ ਤੇ ਏ. ਡੀ. ਸੀ. ਪੀ. ਨੇ ਵੀ ਮੀਡੀਆ ਦਾ ਫੋਨ ਚੁੱਕਣਾ ਉਚਿਤ ਨਹੀਂ ਸਮਝਿਆ। ਕੁਲ ਮਿਲਾ ਕੇ ਆਈ. ਏ. ਐੱਸ. ਮਹਿਲਾ ਅਧਿਕਾਰੀ ਦੇ ਇਸ ਫੈਸਲੇ ਤੋਂ ਪੰਜਾਬ ਪੁਲਸ ਵੀ ਕੁਝ ਖਾਸ ਸੰਤੁਸ਼ਟ ਦਿਖਾਈ ਨਹੀਂ ਦਿੱਤੀ, ਉਥੇ ਮਹਿਲਾ ਅਧਿਕਾਰੀ ਦੇ ਇਸ ਫੈਸਲੇ ਦੀ ਚਰਚਾ ਮੀਡੀਆ 'ਚ ਬਣੀ ਰਹੀ।

## ਮੂੰਹ ਖੁਰ ਤੇ ਗਲਘੋਟੂ ਦੀ ਬੀਮਾਰੀ ਨੇ ਕਿਸਾਨ-ਮਜਦੂਰਾਂ ਦੀਆਂ ਖੁਰਲੀਆਂ ਕੀਤੀਆਂ ਸੁੰਨੀਆ

ਬੁਢਲਾਡਾ 3 ਅਪ੍ਰੈਲ। ਇਲਾਕੇ ਅੰਦਰ ਪਸ਼ੂਆਂ ਨੂੰ ਮੂੰਹ ਖੁਰ ਅਤੇ ਗਲਘੋਟੂ ਦੀ ਹੋਈ ਬੀਮਾਰੀਆਂ ਨੇ ਕਿਸਾਨਾਂ-ਮਜਦੂਰਾਂ ਦੀਆਂ ਖੁਰਲੀਆਂ ਸੁੰਨੀਆਂ ਕਰ ਦਿੱਤੀਆਂ ਹਨ। ਸੈਂਕੜੇ ਪਸ਼ੂ ਬੀਮਾਰ ਪਏ ਹਨ, ਉਥੇ 1 ਦਰਜਨ ਤੋਂ ਵੱਧ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਇਸ ਸੰਬੰਧੀ ਪਸ਼ੂ ਪਾਲਣ ਵਿਭਾਗ ਵੱਲੋਂ ਕੋਈ ਸਾਰ ਨਾ ਲੈਣ ਕਾਰਨ ਲੋਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇੱਕਤਰ ਕੀਤੀ ਜਾਣਕਾਰੀ ਅਨੁਸਾਰ ਜੇਕਰ ਸਰਕਾਰ ਇਸ ਪਾਸੇ ਵੱਲ ਗੰਭੀਰ ਨਹੀਂ ਹੁੰਦੀ ਤਾਂ ਇਹ ਬੀਮਾਰੀ ਪਸ਼ੂਆਂ ਲਈ ਕਾਫੀ ਘਾਤਕ ਸਾਬਿਤ ਹੋ ਸਕਦੀ ਹੈ। ਹਲਕਾ ਬੁਢਲਾਡਾ ਦੇ ਪਿੰਡ ਗੁਰਨੇ ਕਲਾਂ ਵਿੱਚ ਪਿਛਲੇ ਕਈ ਦਿਨਾਂ ਤੋਂ ਦੁਧਾਰੂ ਤੇ ਪਾਲਤੂ ਪਸ਼ੂਆਂ ਦੀਆਂ ਮੌਤਾਂ ਲਗਾਤਾਰ ਹੋ ਰਹੀਆਂ ਹਨ। ਪਿੰਡ ਦੇ ਪਸ਼ੂ ਪਾਲਕਾਂ ਦਾ ਕਹਿਣਾ ਹੈ ਕਿ ਹਰ ਰੋਜ਼ ਇਸ ਅਗਿਆਤ ਬੀਮਾਰੀ ਕਾਰਨ ਪਸ਼ੂਆਂ ਦੀਆਂ ਮੌਤਾਂ ਹੋ ਰਹੀਆਂ ਹਨ। ਪ੍ਰਸ਼ਾਸਨ ਜਾਂ ਸਬੰਧਤ ਵਿਭਾਗ ਵੱਲੋਂ ਪਿੰਡ ਵਿੱਚ ਕੋਈ ਮਾਹਿਰ ਟੀਮਾਂ ਭੇਜ ਕੇ ਕੋਈ ਇਲਾਜ ਸ਼ੁਰੂ ਨਹੀਂ ਕੀਤਾ ਗਿਆ। ਪਿੰਡ ਦੇ ਲੋਕ ਮਜਬੂਰੀ ਵੱਸ ਆਪਣੇ ਪੱਧਰ 'ਤੇ ਇਲਾਜ ਕਰਵਾ ਰਹੇ ਹਨ, ਜੋ ਦਵਾਈਆ ਬਹੁਤ ਜ਼ਿਆਦਾ ਮਹਿੰਗੀਆਂ ਪੈ ਰਹੀਆਂ ਹਨ, ਜਿਸ ਕਾਰਨ ਕਿਸਾਨਾਂ ਮਜਦੂਰਾਂ ਨੂੰ ਆਰਥਿਕ ਮੰਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਦੱਸਿਆ ਕਿ ਪਿੰਡ ਵਿੱਚ ਜਿੰਨਾ ਪਸ਼ੂ ਪਾਲਕਾਂ ਦੇ ਪਸ਼ੂਆਂ ਦੀਆਂ ਮੌਤਾਂ ਹੋ ਚੁੱਕੀਆਂ ਹਨ, ਉਹਨਾਂ ਵਿਚ ਬਲਰਾਜ ਸਿੰਘ ਦੀਆਂ ਦੋ ਗਊਆਂ, ਨਾਇਬ ਸਿੰਘ ਦੀਆ ਦੋ ਮੱਝਾਂ, ਹਰੀ ਸਿੰਘ ਦੀ 1 ਮੱਝ, ਗੁਲਾਬ ਗਿਰ ਦੀਆਂ ਤਿੰਨ ਗਊਆਂ ਦੀ ਮੌਤ ਹੋ ਗਈ ਤੇ ਸੈਕੜੇ ਪਸ਼ੂ ਬੀਮਾਰੀ ਨਾਲ ਜੂਝ ਰਹੇ ਹਨ। ਇਸ ਮੌਕੇ ਜਿੰਨਾ ਪਸ਼ੂ ਪਾਲਕਾਂ ਦੇ ਪਸ਼ੂ ਬੀਮਾਰ ਹਨ, ਉਹਨਾਂ ਵਿਚ ਤੇਜੀ ਗਿਰ ਦੇ ਛੇ ਪਸ਼ੂ, ਗੁਰਚਰਨ ਗਿਰ ਦੇ ਦੋ ਪਸ਼ੂ, ਨਾਜਰ ਸਿੰਘ ਦੇ ਚਾਰ ਪਸ਼ੂ, ਅਮਰਜੀਤ ਸਿੰਘ ਦੇ ਪੰਜ ਪਸ਼ੂ ਹਨ। ਉਨ੍ਹਾਂ ਨੇ ਦੱਸਿਆ ਕਿ ਪਿੰਡ ਵਿੱਚ ਬਹੁਤ ਸਾਰੇ ਪਰਿਵਾਰ ਪਸ਼ੂ ਪਾਲਣ ਦਾ ਕਿੱਤਾ ਕਰਦੇ ਹਨ ਅਤੇ ਦੁੱਧ ਵੇਚ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਸਾਡੀ ਮੁੱਖ ਮੰਗ ਇਹ ਹੈ ਕਿ ਸਰਕਾਰ ਪੀੜਤ ਪਸ਼ੂ ਪਾਲਕਾਂ ਦੀ ਬਾਂਹ ਫੜੇ ਤੇ ਇਲਾਜ ਦਾ ਮੁਫ਼ਤ ਪ੍ਰਬੰਧ ਕਰੇ, ਜਿਨ੍ਹਾਂ ਪਰਿਵਾਰਾਂ ਦੇ ਘਰਾਂ 'ਚੋਂ ਪਸ਼ੂ ਮਰ ਗਏ ਹਨ, ਉਨ੍ਹਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਇਕਾਈ ਪ੍ਰਧਾਨ ਦਰਸ਼ਨ ਸਿੰਘ ਮਾਨ, ਜਨਰਲ ਸਕੱਤਰ ਗੁਰਦਰਸਨ ਸਿੰਘ, ਖਜਾਨਚੀ ਸਰੂਪ ਸਿੰਘ ਸੀਨੀਅਰ ਮੀਤ ਪ੍ਰਧਾਨ ਜਗਸੀਰ ਸਿੰਘ ਤੇ ਲਾਭ ਸਿੰਘ, ਬਲਾਕ ਆਗੂ ਜੋਗਿੰਦਰ ਸਿੰਘ ਆਦਿ ਨੇ ਮੀਟਿੰਗ ਦੌਰਾਨ ਕਿਹਾ ਕਿ ਜੇਕਰ ਸਬੰਧਿਤ ਵਿਭਾਗ ਨੇ ਇਸਦਾ ਯੋਗ ਇਲਾਜ ਦੀ ਗੌਰ ਨਾ ਕੀਤੀ ਤਾਂ ਜਨਤਕ ਸੰਘਰਸ਼ ਕੀਤਾ ਜਾਵੇਗਾ। ਵਿਭਾਗ ਦੇ ਡਿਪਟੀ ਡਾਇਰੈਕਟਰ ਮਾਨਸਾ ਡਾ. ਗਣਪਤ ਸਿੰਘ ਨੇ ਦੱਸਿਆ ਕਿ ਬੁਢਲਾਡਾ ਹਲਕੇ ਦੇ ਪਿੰਡ ਗੁਰਨੇ ਕਲਾਂ 'ਚ ਪਸ਼ੂਆਂ ਦਾ ਗੱਲ ਘੋਟੂ ਬੀਮਾਰੀ ਦਾ ਮਾਮਲਾ ਧਿਆਨ ਵਿੱਚ ਆਉਣ ਤੋਂ ਬਾਅਦ ਪੂਰੇ ਪਿੰਡ ਚ ਟੀਕਾਕਰਨ ਕੀਤਾ ਜਾ ਚੁੱਕਾ ਹੈ। 3 ਅਪ੍ਰੈਲ ਤੋਂ ਮਾਨਸਾ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ ਟੀਕਾਕਰਨ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸ ਤੋਂ ਪਹਿਲਾ ਮਾਨਸਾ ਅਤੇ ਸਰਦੂਲਗੜ੍ਹ ਹਲਕੇ ਵਿੱਚ ਗੱਲ ਘੋਟੂ ਦੀ 24 ਹਜਾਜਾਰ ਪਸ਼ੂਆਂ ਦਾ ਟੀਕਾਕਰਨ ਕੀਤਾ ਜਾ ਚੁੱਕਿਆ ਹੈ। ਵਿਭਾਗ ਪੂਰੀ ਤਰ੍ਹਾਂ ਮੁਸਤੈਦ ਹੈ। ਕਿਸੇ ਵੀ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

### ਇਕ ਮਹੀਨੇ ਤੋਂ ਟਾਵਰ 'ਤੇ ਬੈਠੀ ਔਰਤ ਦੀ ਸਿਹਤ ਵਿਗੜੀ, ਖੁਦ ਨੂੰ ਅੱਗ ਲਾਉਣ ਦੀ ਦਿੱਤੀ ਧਮਕੀ

ਸੰਗਰੂਰ 3 ਅਪ੍ਰੈਲ। ਸੰਗਰੂਰ ਵਿਚ ਪਿਛਲੇ ਮਹੀਨੇ ਤੋਂ ਇਕ ਔਰਤ ਆਪਣੀਆਂ ਮੰਗਾਂ ਨੂੰ ਲੈ ਕੇ ਮੋਬਾਈਲ ਟਾਵਰ 'ਤੇ ਬੈਠੀ ਹੈ। ਉਹ ਪਿਛਲੇ ਤਕਰੀਬਨ 29 ਦਿਨ ਤੋਂ 125 ਫੁੱਟ ਉੱਚੇ ਮੋਬਾਈਲ ਟਾਵਰ 'ਤੇ ਬੈਠੀ ਹੈ। ਇਸ ਵੇਲੇ ਉਸ ਦੀ ਸਿਹਤ ਵਿਗੜ ਚੁੱਕੀ ਹੈ, ਉਹ ਬੇਹੋਸ਼ੀ ਦੀ ਹਾਲਤ ਵਿਚ ਹੈ। ਉਸ ਦਾ ਕਹਿਣਾ ਹੈ ਕਿ ਉਸ ਦਾ ਸਰੀਰ ਹੁਣ ਸਾਥ ਛੱਡ ਰਿਹਾ ਹੈ ਤੇ ਉਹ ਜਾਂ ਤਾਂ ਖੁਦ ਨੂੰ ਅੱਗ ਲਗਾ ਲਵੇਗੀ, ਜਾਂ ਥੱਲੇ ਛਾਲ ਮਾਰ ਦੇਵੇਗੀ। ਉਸ ਨੇ ਲੈਟਰ ਲਿਖ ਕੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ ਹੈ। ਪੀੜਤਾ ਹਰਦੀਪ ਕੌਰ ਦਾ ਕਹਿਣਾ ਹੈ ਕਿ ਉਹ 7 ਸਾਲ ਪਹਿਲਾਂ ਪੰਜਾਬ ਪੁਲਸ ਭਰਤੀ ਦੇ ਟੈਸਟ ਕਲੀਅਰ ਕਰ ਚੁੱਕੀ ਹੈ, ਪਰ ਅੱਜ ਤਕ ਵੀ ਉਸ ਨੂੰ ਜੁਆਇਨਿੰਗ ਲੈਟਰ ਨਹੀਂ ਮਿਲਿਆ। ਉਸ ਦਾ ਕਹਿਣਾ ਹੈ ਕਿ 7 ਸਾਲ ਪਹਿਲਾਂ ਪੰਜਾਬ ਪੁਲਸ ਵਿਚ ਸਿਪਾਹੀਆਂ ਦੀਆਂ 7416 ਭਰਤੀਆਂ ਕੱਢੀਆਂ ਗਈਆਂ ਸਨ। ਉਹ ਇਸ ਦੇ ਸਾਰੇ ਟੈਸਟ ਪਾਸ ਕਰ ਚੁੱਕੀ ਹੈ, ਪਰ ਅੱਜ ਤਕ ਵੀ ਉਸ ਨੂੰ ਜੁਆਨਿੰਗ ਲੈਟਰ ਨਹੀਂ ਮਿਲਿਆ, ਸਗੋਂ ਉਸ ਦਾ ਨਾਂ ਵੇਟਿੰਗ ਲਿਸਟ ਵਿਚ ਰੱਖਿਆ ਹੋਇਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਕੇਕ ਖਾਣ ਤੋਂ ਬਾਅਦ 10 ਸਾਲਾ ਕੁੜੀ ਦੀ ਮੌਤ ਹੋਣ ਦੇ ਮਾਮਲੇ 'ਚ ਹੈਰਾਨ ਕਰ ਦੇਣ ਵਾਲਾ ਖੁਲਾਸਾ

ਪਟਿਆਲਾ 3 ਅਪ੍ਰੈਲ। ਪਟਿਆਲਾ 'ਚ ਜਨਮ ਦਿਨ ਮੌਕੇ ਕੇਕ ਖਾਣ ਨਾਲ 10 ਸਾਲਾ ਬੱਚੀ ਮਾਨਵੀ ਦੀ ਹੋਈ ਮੌਤ ਦੇ ਮਾਮਲੇ ਵਿਚ ਪੁਲਸ ਜਾਂਚ ਦੌਰਾਨ ਹੈਰਾਨ ਕਰਨ ਵਾਲੀ ਗੱਲ ਸਾਹਮਣੇ ਆਈ ਹੈ। ਸੂਤਰਾਂ ਦਾ ਆਖਣਾ ਹੈ ਕਿ ਮੁਲਜ਼ਮ ਬੇਕਰੀ ਵਾਲਾ ਲੋਕਾਂ ਨੂੰ ਤਾਜਾ ਕੇਕ ਨਹੀਂ ਵੇਚਦਾ ਸੀ। ਉਹ ਪਹਿਲਾਂ ਹੀ 30 ਤੋਂ 40 ਅੱਧ ਪੱਕੇ ਕੇਕ ਬਣਾ ਕੇ ਰੱਖ ਲੈਂਦਾ ਸੀ ਅਤੇ ਫਿਰ ਇਨ੍ਹਾਂ ਕੇਕ ਨੂੰ 75 ਡਿਗਰੀ ਤਾਪਮਾਨ 'ਤੇ ਫਰਿੱਜ ਵਿਚ ਸਟੋਰ ਕਰ ਦਿੰਦਾ ਸੀ। ਅਜਿਹੇ 'ਚ ਜਦੋਂ ਉਨ੍ਹਾਂ ਨੂੰ ਆਨਲਾਈਨ ਆਰਡਰ ਆਉਂਦਾ ਸੀ ਤਾਂ ਉਹ ਇਨ੍ਹਾਂ ਕੇਕ ਨੂੰ ਸਜਾ ਕੇ ਲੋਕਾਂ ਨੂੰ ਭੇਜ ਦਿੰਦਾ ਸੀ। ਇਥੇ ਹੀ ਬਸ ਨਹੀਂ ਇਸ ਦੌਰਾਨ ਇਹ ਵੀ ਚੈੱਕ ਨਹੀਂ ਕੀਤਾ ਜਾਂਦਾ ਸੀ ਕਿ ਕੇਕ ਠੀਕ ਹੈ ਜਾਂ ਖਰਾਬ ਹੈ। ਇਹ ਗੱਲ ਗ੍ਰਿਫਤਾਰ ਕੀਤੇ ਗਏ ਤਿੰਨ ਮੁਲਜਮਾਂ ਤੋਂ ਪੁੱਛਗਿੱਛ ਦੌਰਾਨ ਸਾਹਮਣੇ ਆਈ ਹੈ। ਮੁਲਜਮਾਂ ਦਾ ਕਹਿਣਾ ਹੈ ਕਿ ਇਸ ਤੋਂ ਇਲਾਵਾ ਉਨ੍ਹਾਂ ਨੂੰ ਕੋਈ ਹੋਰ ਜਾਣਕਾਰੀ ਨਹੀਂ ਹੈ। ਦੂਜੇ ਪਾਸੇ ਅਨਾਜ ਮੰਡੀ ਥਾਣਾ ਦੇ ਐੱਸ. ਐੱਚ. ਓ. ਗੁਰਮੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਤਿੰਨ ਮੁਲਜਮਾਂ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਜਦਕਿ ਚੌਥੇ ਮੁਲਜਮ ਨੂੰ ਕਾਬੂ ਕਰਨ ਲਈ ਪੁਲਸ ਕਾਰਵਾਈ ਜਾਰੀ ਹੈ। ਪਰਿਵਾਰ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਦਾ ਜਨਮਦਿਨ ਸੀ ਅਤੇ ਅਸੀਂ ਆਨਲਾਈਨ ਕੇਕ ਮੰਗਵਾਇਆ ਸੀ, ਜਿਸ ਨੂੰ ਖਾਣ ਤੋਂ ਬਾਅਦ ਸਾਡਾ ਸਾਰਾ ਪਰਿਵਾਰ ਬੀਮਾਰ ਹੋ ਗਿਆ। ਇਸ ਤੋਂ ਬਾਅਦ ਦੇਰ ਰਾਤ ਮਾਨਵੀ ਦੀ ਤਬੀਅਤ ਜ਼ਿਆਦਾ ਖਰਾਬ ਹੋਈ। ਮਾਨਵੀ ਨੂੰ ਉਲਟੀਆਂ ਆਉਣ ਲੱਗੀਆਂ ਪਰ ਕੁਝ ਸਮੇਂ ਬਾਅਦ ਹੀ ਉਹ ਰਾਤ ਨੂੰ ਸੌਂ ਗਈ। ਉਂਝ ਰਾਤ ਵੇਲੇ ਮਾਨਵੀ ਨੇ ਜ਼ਿਆਦਾ ਮੂੰਹ ਸੁੱਕਣ ਮਗਰੋਂ ਦੋ ਵਾਰ ਪਾਣੀ ਵੀ ਪੀਤਾ ਪਰ ਸਵੇਰੇ ਜਦੋਂ ਉਨ੍ਹਾਂ ਵੇਖਿਆ ਤਾਂ ਉਨ੍ਹਾਂ ਦੀ ਬੇਟੀ ਦਾ ਸਰੀਰ ਠੰਡਾ ਪੈ ਚੁੱਕਿਆ ਸੀ, ਜਿਸ ਤੋਂ ਬਾਅਦ ਪਰਿਵਾਰ ਵੱਲੋਂ ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਹਸਪਤਾਲ 'ਚ ਡਾਕਟਰਾਂ ਵੱਲੋਂ ਮਾਨਵੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

# ਹਾਲਤ ਬੇਹੱਦ ਖਰਾਬ ਹੋਣ ਕਾਰਨ ਪੈਚਵਰਕ ਨਾਲ ਵੀ ਠੀਕ ਨਹੀਂ ਹੋ ਸਕਦੀਆਂ ਕਈ ਮੁੱਖ ਸੜਕਾਂ

ਜਲੰਧਰ 3 ਅਪ੍ਰੈਲ। ਨਗਰ ਨਿਗਮ ਵੱਲੋਂ ਸੜਕਾਂ 'ਤੇ ਪੈਚਵਰਕ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ ਪਰ ਸ਼ਹਿਰ ਵਿਚ ਕਈ ਥਾਵਾਂ 'ਤੇ ਸੜਕਾਂ ਦੀ ਹਾਲਤ ਇੰਨੀ ਖਰਾਬ ਹੈ ਕਿ ਪੈਚਵਰਕ ਨਾਲ ਵੀ ਸੜਕਾਂ ਦੀ ਹਾਲਤ ਠੀਕ ਨਹੀਂ ਹੋ ਸਕਦੀ। ਬਾਰਿਸ਼ ਦਾ ਮੌਸਮ ਆਉਣ ਵਾਲਾ ਹੈ। ਅਜਿਹੇ ਵਿਚ ਇਨ੍ਹਾਂ ਸੜਕਾਂ ਦੇ ਹਾਲਾਤ ਹੋਰ ਵੀ ਖਰਾਬ ਹੋ ਜਾਣਗੇ। ਅਜਿਹੀਆਂ ਸੜਕਾਂ ਜਨਤਾ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਸਕਦੀਆਂ ਹਨ। ਇਸ ਲਈ ਇਸ ਤਰ੍ਹਾਂ ਦੀਆਂ ਸੜਕਾਂ ਪ੍ਰਤੀ ਧਿਆਨ ਦੇਣ ਦੀ ਲੋੜ ਹੈ। ਲਤੀਫਪੁਰਾ ਤੋਂ ਮਾਡਲ ਟਾਊਨ ਵੱਲ ਜਾਣ ਵਾਲੀ ਸੜਕ ਤੋਂ ਸੀਵਰੇਜ ਦੇ ਢੱਕਣ ਗਾਇਬ ਹਨ ਅਤੇ ਪਿਛਲੇ ਸਮੇਂ ਦੌਰਾਨ ਕਈ ਵਾਹਨ ਹਾਦਸੇ ਦਾ ਸ਼ਿਕਾਰ ਹੋ ਚੁੱਕੇ ਹਨ। ਆਲੇ-ਦੁਆਲੇ ਦੇ ਇਲਾਕਾ ਵਾਸੀਆਂ ਨੇ ਇਨ੍ਹਾਂ ਹਾਦਸਿਆਂ ਨੂੰ ਰੋਕਣ ਲਈ ਟੋਇਆਂ ਵਿਚ ਲੱਕੜੀ ਆਦਿ ਲਾ ਕੇ ਉਨ੍ਹਾਂ 'ਤੇ ਕੱਪੜੇ ਲਾ ਦਿੱਤੇ ਤਾਂ ਕਿ ਲੋਕਾਂ ਨੂੰ ਟੋਇਆਂ ਬਾਰੇ ਪਤਾ ਲੱਗ ਸਕੇ। ਉਥੇ ਹੀ ਇਲਾਕਾ ਵਾਸੀਆਂ ਦਾ ਦੋਸ਼ ਹੈ ਕਿ 6 ਮਹੀਨੇ ਪਹਿਲਾਂ ਪੱਥਰ ਪਾਇਆ ਗਿਆ ਸੀ ਪਰ ਸੜਕਾਂ ਬਣਾਉਣ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਉਕਤ ਸੜਕਾਂ ਨੂੰ ਦੇਖ ਕੇ ਇਨ੍ਹਾਂ ਦੀ ਖਸਤਾ



ਹਾਲਤ ਖੁਦ-ਬ-ਖੁਦ ਦੁਹਾਈ ਦੇਣ ਲੱਗਦੀ ਹੈ। ਥਾਂ-ਥਾਂ ਪੱਥਰ ਖਿੱਲਰੇ ਪਏ ਹਨ, ਜਿਸ ਨਾਲ ਖਾਸ ਤੌਰ 'ਤੇ ਦੋਪਹੀਆ ਵਾਹਨ ਚਾਲਕਾਂ ਨੂੰ ਦਿੱਕਤਾਂ ਉਠਾਉਣੀਆਂ ਪੈ ਰਹੀਆਂ ਹਨ। ਉਥੇ ਹੀ ਵੱਖ-ਵੱਖ ਥਾਵਾਂ 'ਤੇ ਸੜਕ ਕੰਢੇ ਸੀਵਰੇਜ ਲਾਈਨ ਧੱਸੀ ਹੋਈ ਨਜਰ ਆ ਰਹੀ ਹੈ। ਇਥੇ ਅਸਥਾਈ ਤੌਰ 'ਤੇ ਚਿਤਾਵਨੀ ਚਿੰਨ੍ਹ ਨਾ ਹੋਣ ਕਾਰਨ ਦੋਪਹੀਆ ਵਾਹਨ ਚਾਲਕ ਹਾਦਸੇ ਦਾ ਸ਼ਿਕਾਰ ਹੋ ਰਹੇ ਹਨ। ਇਸੇ ਤਰ੍ਹਾਂ ਨਾਲ ਥਾਂ-ਥਾਂ ਲੱਗੇ ਪੱਥਰਾਂ ਦੇ ਢੇਰਾਂ ਕਾਰਨ ਸੜਕਾਂ ਦਾ ਆਕਾਰ ਵੀ ਛੋਟਾ ਹੋ ਚੁੱਕਾ ਹੈ। ਇਲਾਕਾ ਵਾਸੀਆਂ ਨੇ ਕਿਹਾ ਕਿ ਨਿਗਮ ਪ੍ਰਸ਼ਾਸਨ ਨੂੰ ਸਮਾਂ ਰਹਿੰਦੇ ਸੜਕਾਂ ਬਣਾਉਣ ਪ੍ਰਤੀ ਜਰੂਰ ਕਦਮ ਉਠਾਉਣਾ ਚਾਹੀਦਾ ਹੈ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ। ਇਕ ਪਾਸੇ ਸੜਕਾਂ ਦੀ ਹਾਲਤ ਪ੍ਰੇਸ਼ਾਨੀ ਦਾ ਸਬੱਬ ਬਣ ਰਹੀ ਹੈ ਤਾਂ ਉਥੇ ਹੀ ਦੂਜੇ ਪਾਸੇ ਸੀਵਰੇਜ ਜਾਮ ਦੀ ਵਜ੍ਹਾ ਨਾਲ ਵੱਖ-ਵੱਖ ਇਲਾਕਿਆਂ ਦੀਆਂ ਸੜਕਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਸੋਢਲ ਤੋਂ ਸੇਵਾ ਸਦਨ ਨੂੰ ਜਾਂਦੀ ਰੋਡ 'ਤੇ ਚੱਲ ਰਹੇ ਸੀਵਰੇਜ ਦੇ ਕੰਮ ਕਾਰਨ ਉਕਤ ਸੜਕ ਤੋਂ ਲੰਘਣਾ ਪ੍ਰੇਸ਼ਾਨੀ ਦਾ ਸਬੱਬ ਬਣ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਲੋਕ ਸਭਾ ਚੋਣਾਂ ਸਿਰ 'ਤੇ ਹਨ ਅਤੇ ਸੜਕਾਂ ਦੀ ਖਸਤਾ ਹਾਲਤ ਸੱਤਾਧਾਰੀ ਸਰਕਾਰ ਲਈ ਵਿਰੋਧ ਦਾ ਕਾਰਨ ਬਣ ਸਕਦੀ ਹੈ।

## ਜਲੰਧਰ 'ਚ ਕਿਉਂ ਹੋਈ ਪੰਜਾਬੀ ਗਾਇਕ ਦੇ ਘਰ ਦੇ ਬਾਹਰ ਫਾਇਰਿੰਗ, ਸਾਹਮਣੇ ਆਈ ਵਜ੍ਹਾ

ਜਲੰਧਰ (ਮ੍ਰਿਦੁਲ) - ਬੀਤੀ ਰਾਤ ਬੂਟਾ ਮੰਡੀ ਇਲਾਕੇ ਦੇ ਰਹਿਣ ਵਾਲੇ ਪੰਜਾਬੀ ਗਾਇਕ ਸਾਹਿਲ ਦੇ ਘਰ 'ਤੇ ਗੋਲੀਆਂ ਚਲਾਈਆਂ ਗਈਆਂ। ਦੱਸਿਆ ਜਾ ਰਿਹਾ ਹੈ ਕਿ ਸਾਹਿਲ, ਜਿਸ ਮਿਊਜ਼ਿਕ ਕੰਪਨੀ 'ਚ ਕੰਮ ਕਰਦਾ ਸੀ, ਦੇ ਵਰਕਰਾਂ 'ਤੇ ਗੋਲੀਆਂ ਚਲਾਉਣ ਦਾ ਦੋਸ਼ ਲਾਇਆ ਜਾ ਰਿਹਾ ਹੈ। ਫਿਲਹਾਲ ਪੁਲਸ ਨੇ ਮਾਮਲੇ ਦੀ ਸ਼ਿਕਾਇਤ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਗਾਇਕ ਸਾਹਿਲ ਨੇ ਦੱਸਿਆ ਕਿ ਬੀਤੀ ਰਾਤ ਉਹ ਘਰੋਂ ਬਾਹਰ ਸੀ ਤੇ ਉਸ ਦੇ ਪਰਿਵਾਰਕ ਮੈਂਬਰ ਗੁਆਂਢ 'ਚ ਕਿਸੇ ਵਿਆਹ ਸਮਾਗਮ 'ਚ ਗਏ ਹੋਏ ਸਨ, ਜਿੱਥੇ ਰਾਤ ਕਰੀਬ 12 ਵਜੇ ਕੁਝ ਨੌਜਵਾਨ ਬਾਹਰੋਂ ਆਏ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ, ਜਿਸ ਦਾ ਗੁਆਂਢੀਆਂ ਨੂੰ ਸਵੇਰੇ ਪਤਾ ਲੱਗਾ। ਉਸ ਨੇ ਪੁਲਸ ਨੂੰ ਦੱਸਿਆ ਕਿ ਜਿਸ ਮਿਊਜ਼ਿਕ ਕੰਪਨੀ 'ਚ ਉਹ ਕੰਮ ਕਰਦਾ ਸੀ, ਉਹ ਉਸ 'ਤੇ ਦਬਾਅ ਪਾ ਰਹੀ ਸੀ ਕਿ ਉਹ ਉਨ੍ਹਾਂ ਦੀ ਕੰਪਨੀ ਨਾ ਛੱਡੇ ਤੇ ਇਕਰਾਰਨਾਮਾ ਪੂਰਾ ਹੋਣ ਤੋਂ ਬਾਅਦ ਵੀ ਕੰਮ ਕਰੇ, ਜਿਸ ਕਾਰਨ ਉਨ੍ਹਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ। ਉਧਰ ਪੁਲਸ ਮਾਮਲੇ ਸਬੰਧੀ ਥਾਣਾ ਨੰ. 6 ਦੇ ਐੱਸ. ਐੱਚ. ਓ. ਨੇ ਬਿਆਨ ਦਰਜ ਕਰ ਲਏ ਹਨ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਾਰੀ ਜਾਂਚ ਕੀਤੀ। ਅਜੇ ਤੱਕ ਕੋਈ ਖੋਲ ਬਰਾਮਦ ਨਹੀਂ ਹੋਇਆ ਹੈ। ਜਾਂਚ ਪੂਰੀ ਹੋਣ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

# ਚਰਿੱਤਰ 'ਤੇ ਸ਼ੱਕ ਕਾਰਨ ਪਤੀ ਵੱਲੋਂ ਪਤਨੀ ਦਾ ਬੇਰਹਿਮੀ ਨਾਲ ਕਤਲ

ਲੁਧਿਆਣਾ 3 ਅਪ੍ਰੈਲ। ਥਾਣਾ ਜੋਧੇਵਾਲ ਦੇ ਅਧੀਨ ਆਉਂਦੀ ਏਕਜੋਤ ਨਗਰ ਕਾਲੋਨੀ 'ਚ ਅੱਜ ਇਕ ਪਤੀ ਵੱਲੋਂ ਆਪਣੀ ਪਤਨੀ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਹੋਏ ਏ. ਸੀ. ਪੀ. ਨਾਰਥ ਜੈਅੰਤ ਪੁਰੀ ਅਤੇ ਥਾਣਾ ਮੁਖੀ ਗੁਰਦਿਆਲ ਸਿੰਘ ਨੇ ਦੱਸਿਆ ਕਿ ਬੀਤੇ ਸਵੇਰੇ ਉਨ੍ਹਾਂ ਨੂੰ ਕਰੀਬ 8 ਵਜੇ ਸੂਚਨਾ ਮਿਲੀ ਕਿ ਇਕਜੋਤ ਨਗਰ 'ਚ ਔਰਤ ਦਾ ਕਤਲ ਹੋਇਆ ਹੈ, ਜਿਸ ਤੋਂ ਬਾਅਦ ਪੁਲਸ ਤੁਰੰਤ ਮੌਕੇ 'ਤੇ ਪੁੱਜੀ ਅਤੇ ਮ੍ਰਿਤਕ ਔਰਤ ਦੀ ਲਾਸ਼ ਕਬਜ਼ੇ 'ਚ ਲੈ ਕੇ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਔਰਤ ਦੀ ਪਛਾਣ 25 ਸਾਲਾ ਆਸ਼ਮਾ ਵਜੋਂ ਕੀਤੀ ਗਈ ਹੈ, ਜਦੋਂਕਿ ਉਸ ਦਾ ਕਤਲ ਕਰਨ ਵਾਲਾ ਮੁਲਜ਼ਮ ਮੁੰਨਾ (23) ਨੂਤਰ ਜਮਰੂਦੀਨ ਨਿਵਾਸੀ ਸੀਤਾਮੜੀ, (ਬਿਹਾਰ) ਹਾਲ ਨਿਵਾਸੀ ਏਕਜੋਤ ਨਗਰ, ਲੁਧਿਆਣਾ ਵਜੋਂ ਹੋਈ। ਥਾਣਾ ਮੁਖੀ ਨੇ ਦੱਸਿਆ ਕਿ ਮ੍ਰਿਤਕ ਆਸ਼ਮਾ ਅਤੇ ਮੁੰਨਾ ਦੀ ਲਵ




ਮੈਰਿਜ 5 ਸਾਲ ਪਹਿਲਾਂ ਹੋਈ ਸੀ। ਉਨ੍ਹਾਂ ਦੇ ਢਾਈ ਸਾਲ ਦਾ ਇਕ ਮੁੰਡਾ ਅਤੇ 9 ਮਹੀਨੇ ਦੀ ਇਕ ਕੁੜੀ ਹੈ। ਮੁਲਜ਼ਮ ਮੁੰਨਾ ਆਪਣੀ ਪਤਨੀ ਆਸ਼ਮਾ 'ਤੇ ਸ਼ੱਕ ਕਰਦਾ ਸੀ ਕਿ ਉਸ ਦੇ ਨਾਜਾਇਜ ਸਬੰਧ ਬਾਹਰ ਕਿਸੇ ਦੇ ਨਾਲ ਹਨ, ਜਿਸ ਕਾਰਨ ਪਤਨੀ ਦੇ ਨਾਲ ਲੜਾਈ-ਝਗੜਾ ਰਹਿੰਦਾ ਸੀ। ਬੀਤੀ ਸਵੇਰੇ ਮੁੰਨਾ ਤੇ ਆਸ਼ਮਾ 'ਚ ਲੜਾਈ ਹੋ ਗਈ ਅਤੇ ਇਸੇ ਦੌਰਾਨ ਘਰ 'ਚ ਸਬਜ਼ੀ ਕੱਟਣ ਵਾਲੇ ਚਾਕੂ ਨਾਲ ਮੁੰਨਾ ਨੇ ਆਸ਼ਮਾ 'ਤੇ ਹਮਲਾ ਕਰ ਦਿੱਤਾ ਅਤੇ ਚਾਕੂ ਸਿੱਧਾ ਪੇਟ 'ਚ ਲੱਗਾ, ਜਿਸ ਦੌਰਾਨ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਥਾਣਾ ਮੁਖੀ ਨੇ ਦੱਸਿਆ ਕਿ ਕਤਲ ਤੋਂ ਬਾਅਦ ਮੁਲਜ਼ਮ ਮੁੰਨਾ ਉਥੋਂ ਫਰਾਰ ਹੋ ਗਿਆ, ਜਿਸ ਤੋਂ ਬਾਅਦ ਮ੍ਰਿਤਕ ਆਸ਼ਮਾ ਦਾ ਭਰਾ ਮੁਹੰਮਦ ਸ਼ੋਇਬ ਅਖ਼ਤਰ ਘਰ ਆਇਆ, ਜਿਸ ਨੇ ਦੇਖਿਆ ਕਿ ਉਸ ਦੀ ਭੈਣ ਆਸ਼ਮਾ ਜ਼ਮੀਨ 'ਤੇ ਮ੍ਰਿਤਕ ਹਾਲਤ ਪਈ ਸੀ। ਉਸ ਨੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਪੁਲਸ ਨੇ ਮ੍ਰਿਤਕਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ 'ਚ ਭੇਜ ਦਿੱਤਾ ਅਤੇ ਮੁਹੰਮਦ ਸ਼ੋਇਬ ਅਖ਼ਤਰ ਦੇ ਬਿਆਨਾਂ 'ਤੇ ਮੁਲਜ਼ਮ ਮੁੰਨਾ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ 'ਚ ਵਾਪਰੇ ਭਿਆਨਕ ਹਾਦਸੇ ਦੌਰਾਨ ਉੱਘੇ ਵਪਾਰੀ ਦੀ ਮੌਤ

ਸ਼ੇਰਪੁਰ 3 ਅਪ੍ਰੈਲ। ਕਸਬਾ ਸੇਰਪੁਰ ਦੇ ਇਕ ਉੱਘੇ ਕਾਰੋਬਾਰੀ ਦੀ ਅੱਜ ਤੜਕਸਾਰ ਸੇਰਪੁਰ ਤੋਂ ਨੇੜਲੇ ਪਿੰਡ ਘਨੌਰੀ ਕਲਾਂ ਅਤੇ ਕਾਲਾਬੂਲਾ ਦੀ ਵਿਚਕਾਰ ਸੜਕ ਹਾਦਸੇ ਵਿਚ ਦੁਖਦਾਈ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਸੁਰੇਸ ਕੁਮਾਰ ਉਰਫ ਭੋਲਾ ਪੁੱਤਰ ਧਾਰੀ ਰਾਮ ਵਾਸੀ ਮੇਨ ਬਾਜਾਰ ਸੇਰਪੁਰ ਅੱਜ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕਾਲਾਬੂਲਾ ਤੋਂ ਘਨੌਰੀ ਕਲਾਂ ਅੱਗੇ ਜਹਾਂਗੀਰ ਨਹਿਰ 'ਤੇ ਬਾਂਦਰਾ ਨੂੰ ਕੇਲੇ ਪਾਉਣ ਲਈ ਜਾ ਰਿਹਾ ਸੀ। ਪ੍ਰੰਤੂ ਉਸ ਦਾ ਮੋਟਰਸਾਈਕਲ ਇਕ ਮੋੜ ਮੁੜਨ ਸਮੇਂ ਦਰਖੱਤ ਨਾਲ ਟਕਰਾ ਗਿਆ ਜਿਸ ਕਾਰਨ ਉਸਦੇ ਗੰਭੀਰ ਰੂਪ ਵਿਚ ਸੱਟਾਂ ਲੱਗੀਆਂ ਅਤੇ ਉਸਨੂੰ ਤੁਰੰਤ ਇਲਾਜ ਲਈ ਸਿਵਲ ਹਸਪਤਾਲ ਪਹੁੰਚਾਇਆ ਗਿਆ। ਜਿੱਥੇ ਡਾਕਟਰਾਂ ਵੱਲੋਂ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਮ੍ਰਿਤਕ ਸੁਰੇਸ਼ ਕੁਮਾਰ ਭੋਲਾ ਦਾ ਇਕ ਨੌਜਵਾਨ ਲੜਕਾ ਕੁਝ ਸਮਾਂ ਪਹਿਲਾਂ ਘਰੋਂ ਚਲਿਆ ਗਿਆ ਸੀ ਜਿਸ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗਿਆ ਹੈ। ਅੱਜ ਸੁਰੇਸ਼ ਕੁਮਾਰ ਭੋਲਾ ਦੀ ਮੌਤ ਹੋ ਜਾਣ ਨਾਲ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਹੈ। ਥਾਣਾ ਸ਼ੇਰਪੁਰ ਐੱਸਐੱਚਓ ਕਮਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਸੇਰਪੁਰ ਦੀ ਪੁਲਸ ਵੱਲੋਂ 174 ਦੀ ਕਾਰਵਾਈ ਦਰਜ ਕਰਕੇ ਲਾਸ਼ ਦਾ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਗਈ ਹੈ। ਮ੍ਰਿਤਕ ਸੁਰੇਸ ਕੁਮਾਰ ਭੋਲਾ ਦਾ ਅੰਤਿਮ ਸੰਸਕਾਰ ਕਸਬਾ ਸੇਰਪੁਰ ਦੇ ਰਾਮਬਾਗ ਵਿਖੇ ਕੀਤਾ ਗਿਆ।

# ਮਥੁਰਾ 'ਚ ਵਾਪਰੀ ਵੱਡੀ ਵਾਰਦਾਤ: ਦਿਨ-ਦਿਹਾੜੇ 22 ਸਾਲਾ ਨੌਜਵਾਨ ਨੂੰ ਜਿੰਦਾ ਸਾੜਿਆ

ਮਥੁਰਾ 3 ਅਪ੍ਰੈਲ। ਉੱਤਰ ਪ੍ਰਦੇਸ ਦੇ ਮਥੁਰਾ ਜ਼ਿਲ੍ਹੇ ਦੇ ਹਾਈਵੇਅ ਥਾਣਾ ਖੇਤਰ ਦੇ ਅਧੀਨ ਏਟੀਵੀ ਫੈਕਟਰੀ ਨੇੜੇ ਵੀਰਵਾਰ ਨੂੰ ਦਿਨ ਦਿਹਾੜੇ ਇੱਕ ਨੌਜਵਾਨ ਨੂੰ ਜ਼ਿੰਦਾ ਸਾੜ ਦਿੱਤਾ ਗਿਆ। ਪੁਲਸ ਅਨੁਸਾਰ ਉਸ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸਿਟੀ ਐੱਸ.ਪੀ. ਡਾ: ਅਰਵਿੰਦ ਕੁਮਾਰ ਨੇ ਦੱਸਿਆ ਕਿ ਵਿਜੇ ਪੁੱਤਰ ਪੱਪੂ (22) ਵਾਸੀ ਮਹੋਲੀ ਦਾ ਵਿਆਹ ਰਿਫਾਇਨਰੀ ਥਾਣੇ ਦੇ ਪਿੰਡ ਭੂਦਰਸੂ ਵਿਖੇ ਹੋਇਆ ਸੀ। ਮ੍ਰਿਤਕ ਦਾ ਆਪਣੇ ਸਹੁਰਿਆਂ ਨਾਲ ਝਗੜਾ ਚੱਲ ਰਿਹਾ ਸੀ। ਇਸ ਤੋਂ ਪਹਿਲਾਂ ਵੀ ਪੁਲਸ ਨੇ ਮ੍ਰਿਤਕਾ ਅਤੇ ਉਸ ਦੇ ਸਹੁਰਿਆਂ ਵਿਚਕਾਰ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਪਿਤਾ ਪੱਪੂ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕਰਕੇ ਜਾਂਚ ਕੀਤੀ ਜਾ ਰਹੀ ਹੈ ਅਤੇ ਕਾਨੂੰਨ ਆਪਣੇ ਹੱਥਾਂ ਵਿੱਚ ਲੈਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਮ੍ਰਿਤਕ ਦੇ ਮਾਮਾ ਦੇਵੀ ਸਿੰਘ ਨੇ ਦੱਸਿਆ ਕਿ ਅੱਜ ਕਰੀਬ 1 ਵਜੇ ਉਸ ਨੂੰ ਉਸ ਦੇ ਭਾਣਜੇ ਦਾ ਫੋਨ ਆਇਆ ਕਿ ਥਾਣੇ ਸਮਝੌਤੇ ਲਈ ਬੁਲਾਇਆ ਗਿਆ ਹੈ, ਇਸ 'ਤੇ ਉਸ ਨੇ ਉਸ ਨੂੰ ਥਾਣੇ ਜਾਣ ਲਈ ਕਿਹਾ ਸੀ। ਇਸ ਤੋਂ ਬਾਅਦ ਵਿਜੇ ਆਪਣੇ ਪਿਤਾ ਨਾਲ ਮੋਟਰਸਾਈਕਲ 'ਤੇ ਥਾਣੇ ਜਾ ਰਿਹਾ ਸੀ। ਮਾਮੇ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਦੁਬਾਰਾ ਫੋਨ ਆਇਆ ਕਿ ਵਿਜੇ ਨੂੰ ਏਟੀਵੀ ਫੈਕਟਰੀ ਨੇੜੇ ਘੇਰ ਕੇ ਕੁੱਟਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਤੱਕ ਉਹ ਮੌਕੇ 'ਤੇ ਪੁੱਜੇ, ਉਦੋਂ ਤੱਕ ਉਸ ਨੂੰ ਸਾੜ ਦਿੱਤਾ ਗਿਆ। ਦੇਵੀ ਸਿੰਘ ਨੇ ਦੱਸਿਆ ਕਿ ਮ੍ਰਿਤਕ ਦਾ ਇੱਕ ਸਾਲ ਦਾ ਪੁੱਤਰ ਹੈ। ਲਾਸ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

## ਬਾਹਰਲੇ ਸੂਬਿਆਂ ਤੋਂ ਆ ਰਹੀ ਸ਼ਰਾਬ, ਲਾਹਣ ਦੀ ਕਸੀਦਗੀ ਨੂੰ ਰੋਕਣ ਲਈ ਵਿਸ਼ੇਸ਼ ਮੁਹਿੰਮ

ਬਰਨਾਲਾ 3 ਅਪ੍ਰੈਲ। ਜ਼ਿਲ੍ਹਾ ਬਰਨਾਲਾ ਵਿਖੇ ਲੋਕ ਸਭਾ ਚੋਣਾਂ ਦੇ ਮੱਦੇਨਜਰ ਜ਼ਿਲ੍ਹਾ ਬਰਨਾਲਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਪੂਨਮਦੀਪ ਕੌਰ ਦੇ ਨਿਰਦੇਸਾਂ 'ਤੇ ਬਾਹਰਲੇ ਸੂਬਿਆਂ ਤੋਂ ਤਸਕਰੀ ਹੋ ਕੇ ਆ ਰਹੀ ਸ਼ਰਾਬ ਅਤੇ ਲਾਹਣ ਦੀ ਕਸੀਦਗੀ ਨੂੰ ਰੋਕਣ ਦੇ ਲਈ ਇਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ। ਇਸ ਤਹਿਤ ਆਬਕਾਰੀ ਵਿਭਾਗ ਅਤੇ ਪੁਲਸ ਵਿਭਾਗ ਦੀਆਂ ਸਾਂਝੀਆਂ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਟੀਮਾਂ ਵੱਲੋਂ ਜ਼ਿਲ੍ਹੇ 'ਚ ਨਾਕੇ ਲਾ ਕੇ ਅਤੇ ਜਿਨ੍ਹਾਂ ਇਲਾਕਿਆਂ 'ਚ ਨਾਜਾਇਜ ਸ਼ਰਾਬ ਦੀ ਕਸੀਦਗੀ ਹੋਣ ਅਤੇ ਬਾਹਰਲੇ ਰਾਜਾਂ ਤੋਂ ਤਸਕਰੀ ਹੋ ਕੇ ਆਈ ਸ਼ਰਾਬ ਦੀ ਵਿਕਰੀ ਦੀ ਸੰਭਾਵਨਾ ਹੈ, ਦੀ ਚੈਕਿੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਟੀਮਾਂ ਵੱਲੋਂ ਜ਼ਿਲ੍ਹੇ ਦੇ ਖਾਲੀ ਗੋਦਾਮ,



ਸ਼ੈਲਰ, ਢਾਬੇ ਅਤੇ ਹੋਰ ਥਾਵਾਂ ਜਿੱਥੇ ਸ਼ਰਾਬ ਨੂੰ ਜਮ੍ਹਾਂ ਕੀਤਾ ਜਾ ਸਕਦਾ ਹੋਵੇ ਦੀ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਦੌਰਾਨ ਇਨ੍ਹਾਂ ਟੀਮਾਂ ਵੱਲੋਂ ਆਦਰਸ਼ ਚੋਣ ਜਾਬਤਾ ਲਾਗੂ ਹੋਣ ਤੋਂ ਲੈ ਕੇ ਹੁਣ ਤੱਕ 168 ਬੋਤਲਾਂ ਦੇਸੀ ਸ਼ਰਾਬ, 320 ਲਿਟਰ ਲਾਹਣ ਅਤੇ 341 ਲਿਟਰ ਨਾਜਾਇਜ ਸ਼ਰਾਬ ਦੀ ਰਿਕਵਰੀ ਕੀਤੀ ਗਈ ਹੈ ਅਤੇ 14 ਵਿਅਕਤੀਆਂ ਖ਼ਿਲਾਫ ਆਬਕਾਰੀ ਐਕਟ ਅਧੀਨ ਮੁਕੱਦਮੇ ਦਰਜ ਕੀਤੇ ਗਏ ਹਨ। ਇੱਥੇ ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਆਬਕਾਰੀ ਵਿਭਾਗ ਦੇ ਮੁੱਖ ਦਫਤਰ ਵੱਲੋਂ ਪੰਜਾਬ ਰਾਜ ਚੋਣ ਕਮਿਸ਼ਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦੀ ਉਲੰਘਣਾ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਆਬਕਾਰੀ ਵਿਭਾਗ ਅਤੇ ਪੁਲਸ ਵਿਭਾਗ ਵੱਲੋਂ ਅਪੀਲ ਕੀਤੀ ਗਈ ਹੈ ਕਿ ਜੇਕਰ ਕੋਈ ਵਿਅਕਤੀ ਨਾਜਾਇਜ਼ ਸ਼ਰਾਬ ਦੀ ਵਿਕਰੀ ਕਰਦਾ ਹੈ ਜਾਂ ਬਣਾਉਂਦਾ ਹੈ ਤਾਂ ਉਸ ਬਾਰੇ ਜਾਣਕਾਰੀ ਦਿੱਤੀ ਜਾਵੇ।

## ਲੋਕ ਸਭਾ ਚੋਣਾਂ ਦੇ ਮੱਦੇਨਜਰ ਪੁਲਸ ਮੁਲਾਜਮਾਂ ਨੂੰ ਸਖਤ ਹੁਕਮ ਜਾਰੀ

ਲੁਧਿਆਣਾ 3 ਅਪ੍ਰੈਲ। ਆਗਾਮੀ ਲੋਕ ਸਭਾ ਚੋਣਾਂ ਕਾਰਨ ਸਿਆਸੀ ਗਲਿਆਰਿਆਂ 'ਚ ਹਲਚਲ ਸ਼ੁਰੂ ਹੋ ਗਈ ਹੈ। ਕੋਡ ਆਫ ਕੰਡਕਟ ਲੱਗਣ ਤੋਂ ਬਾਅਦ ਚੋਣ ਕਮਿਸ਼ਨ ਵੱਲੋਂ ਪੁਲਸ ਅਧਿਕਾਰੀਆਂ ਨੂੰ ਸਖਤ ਨਿਰਦੇਸ਼ ਦਿੱਤੇ ਗਏ ਹਨ, ਜਿਸ ਦੇ ਤਹਿਤ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਸ਼ਹਿਰ ਦੇ ਸਾਰੇ ਪੁਲਸ ਅਧਿਕਾਰੀਆਂ ਨਾਲ ਮੀਟਿੰਗ ਰੱਖੀ। ਬੀਤੀ ਸ਼ਾਮ ਨੂੰ ਪੁਲਸ ਲਾਈਨ 'ਚ ਮੀਟਿੰਗ ਕੀਤੀ ਗਈ, ਜਿਸ ਵਿਚ ਜੇ. ਸੀ. ਪੀ. ਜਸਕਿਰਨਜੀਤ ਸਿੰਘ ਤੇਜਾ, ਡੀ. ਸੀ. ਪੀ., ਏ. ਡੀ. ਸੀ. ਪੀ., ਏ. ਸੀ. ਪੀ. ਰੈਂਕ ਦੇ ਸਾਰੇ ਅਧਿਕਾਰੀਆਂ ਦੇ ਨਾਲ-ਨਾਲ ਸਾਰੇ ਥਾਣਿਆਂ ਦੇ ਐੱਸ. ਐੱਚ. ਓ. ਅਤੇ ਚੌਂਕੀ ਇੰਚਾਰਜ ਸ਼ਾਮਲ ਰਹੇ। ਮੀਟਿੰਗ ਦੌਰਾਨ




ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ ਦੀ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸਾਰੇ ਪੁਲਸ ਅਧਿਕਾਰੀਆਂ ਨੂੰ ਕਿਹਾ ਕਿ ਸ਼ਹਿਰ 'ਚ ਕਿਸੇ ਤਰ੍ਹਾਂ ਦੀ ਕੋਈ ਗੁੰਡਾਗਰਦੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਸ਼ਹਿਰ 'ਚ ਕਿਸੇ ਤਰ੍ਹਾਂ ਦੀ ਕੋਈ ਅਣਹੋਣੀ ਘਟਨਾ ਵਾਪਰਦੀ ਹੈ ਤਾਂ ਉਸ ਇਲਾਕੇ ਦਾ ਏ. ਸੀ. ਪੀ. ਅਤੇ ਐੱਸ. ਐੱਚ. ਓ. ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ। ਇਸ ਤੋਂ ਇਲਾਵਾ ਸੀ. ਪੀ. ਨੇ ਕਿਹਾ ਕਿ ਜੇਕਰ ਥਾਣੇ 'ਚ ਕੋਈ ਫਰਿਆਦੀ ਆਪਣੀ ਫਰਿਆਦ ਜਾਂ ਸ਼ਿਕਾਇਤ ਲੈ ਕੇ ਆਉਂਦਾ ਹੈ ਤਾਂ ਉਸ ਨਾਲ ਸਹੀ ਤਰੀਕੇ ਨਾਲ ਪੇਸ਼ ਆਇਆ ਜਾਵੇ। ਉਨ੍ਹਾਂ ਦੀ ਸਮੱਸਿਆ ਸੁਣ ਕੇ ਪਹਿਲ ਦੇ ਆਧਾਰ 'ਤੇ ਕੰਮ ਕੀਤਾ ਜਾਣਾ ਚਾਹੀਦਾ ਹੈ। ਜਨਤਾ ਦੀ ਸੁਰੱਖਿਆ ਲਈ ਪੁਲਸ ਵਚਨਬੱਧ ਹੈ।

## ਵਿਜੀਲੈਂਸ ਕਰਮਚਾਰੀਆਂ ਦੇ ਨਾਂ 'ਤੇ 2.5 ਲੱਖ ਰੁਪਏ ਰਿਸ਼ਵਤ ਲੈਣ ਵਾਲੇ 2 ਵਿਅਕਤੀ ਵਿਜੀਲੈਂਸ ਬਿਊਰੋ ਨੇ ਕੀਤੇ ਕਾਬੂ

ਚੰਡੀਗੜ੍ਹ 3 ਅਪ੍ਰੈਲ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਸੋਮਵਾਰ ਨੂੰ ਵਿਜੀਲੈਂਸ ਦੇ ਕਰਮਚਾਰੀਆਂ ਦੇ ਨਾਂ 'ਤੇ 2,50,000 ਰੁਪਏ ਰਿਸ਼ਵਤ ਲੈਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਛਾਣ ਪਰਮਜੀਤ ਸਿੰਘ ਉਰਫ਼ ਪੰਮਾ ਵਾਸੀ ਪਿੰਡ ਡਰੋਲੀ ਜ਼ਿਲ੍ਹਾ ਪਟਿਆਲਾ ਅਤੇ ਸਾਹਿਲ ਗੋਇਲ ਵਾਸੀ ਪਟਿਆਲਾ ਵਜੋਂ ਹੋਈ ਹੈ। ਉਕਤ ਮੁਲਜਮਾਂ ਨੂੰ ਪਟਿਆਲਾ ਜ਼ਿਲ੍ਹੇ ਦੇ ਪਿੰਡ ਅਰਨੇਟੂ ਦੇ ਵਸਨੀਕ ਜਗਸੀਰ ਸਿੰਘ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਕਾਬੂ ਕੀਤਾ ਗਿਆ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਦੋਵੇਂ ਮੁਲਜ਼ਮਾਂ ਨੇ ਸ਼ਿਕਾਇਤਕਰਤਾ ਦੀ ਮਾਤਾ ਵੱਲੋਂ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਕੀਤੀ ਕਥਿਤ ਧਾਂਦਲੀ ਦੇ ਦੋਸ਼ਾਂ ਸਬੰਧੀ ਚੱਲ ਰਹੀ ਜਾਂਚ ਵਿੱਚ ਵਿਜੀਲੈਂਸ ਬਿਊਰੋ ਦੇ ਕਰਮਚਾਰੀਆਂ ਰਾਹੀਂ ਮਦਦ ਕਰਨ ਬਦਲੇ 2,50,000 ਰੁਪਏ ਰਿਸ਼ਵਤ ਲਈ ਸੀ। ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ-ਵ-ਦੁਰਸਤ ਪਾਏ ਗਏ ਹਨ। ਇਸ ਉਪਰੰਤ ਦੋਵਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਤਹਿਤ ਮਿਤੀ 28.03.2024 ਥਾਣਾ ਵਿਜੀਲੈਂਸ ਬਿਊਰੋ ਰੇਂਜ ਪਟਿਆਲਾ ਵਿਖੇ ਮੁਕੱਦਮਾ ਨੰਬਰ 16 ਦਰਜ ਕੀਤਾ ਗਿਆ ਹੈ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

**PUBLIC NOTICE**

It is for general information that I NAND KISHOR S/O HARI SHANKAR CHAUDHARY R/O HNO NO- 516 ,MATA WALI GALI, BAKOLI, NORTH WEST DELHI, DELHI- 36 declare that name of mine has been wrongly written as NAND KISHORE in my minor daughter's namely AARTI aged 16 years in her 10th class Educational document .The actual name of mine is NAND KISHOR. respectively which may be amended accordingly.

**NAME CHANGE**

I, Dharmendra/Dharmendra Kumar/Dharmender Yadav S/o Puran Chand Yadav R/o House No. 5/26, Shivaji Nagar, Gurgaon, Haryana-122001, I have Changed My Name To Dharmendra Yadav For All Purpose.

**PUBLIC NOTICE**

It is for general information that I PADMA JOSHI W/O LATE CHANDRA VISITOR JOSHI R/O B-72, BLOCK-B, SWASTHYA VIHAR, SHAKARPUR, BARAMAD,EAST DELHI, DELHI- 92 declare that name of my husband has been wrongly written as ,C.V JOSHI in my minor daughter's namely GARIMA JOSHI aged15 years in her school records and CHANDER VISITOR JOSHI in adhar card no 5583 4494 3640 .The actual name of my husband is CHANDRA VISITOR JOSHI respectively which may be amended accordingly.

**NAME CHANGE**

It is for general information that I, AKASH PATIYAL S/O BHUPINDER SINGH PATIYAL R/O FLAT NO-273, BLOCK-B, PLATINUM HEIGHTS, DWARKA, SECTOR-18B, DWARKA, SOUTH WEST DELHI, DELHI-110075 declare that name of my father and my mother has been wrongly written as BHUPENDER SINGH PATIYAL and SUDESH KUMARI in my 10th and 12th class educational documents and my Passport –Z7274363, And name of my father has been wrongly written as BHUPENDER SINGH PATIYAL in my Driving License. The actual name of my father and my mother are BHUPINDER SINGH PATIYAL and SANDESH KUMARI, which may be amended accordingly.

**NAME CHANGE**

I, MOHD RAFIQ S/O MD GANI residing at A-270, SANGAM PARK, RANA PRATAP BAGH, DELHI-110007 have changed my name to MD RAFIQ for all future purposes

**NAME CHANGE**

I, VENKATAIAH P Father of No. 7432069M Rank-HAV Name-CHENNAIAH P presently residing at H NO. 4-159, PALLEMONI COLONY, VPO-PEDDADARPALLE, TEH-HANWADA, DIST-MAHBUBNAGAR, TELANGANA-509334 have changed my name from VENKATAIAH P to PALLEMONI VENKATAIAH for all future purposes vide affidavit dated 02/04/2024 before Notary Public, Delhi.

**NAME CHANGE**

I, VENKATAMMA P Mother of No. 7432069M Rank-HAV Name-CHENNAIAH P presently residing at H NO. 4-159, PALLEMONI COLONY, VPO-PEDDADARPALLE, TEH-HANWADA, DIST-MAHBUBNAGAR, TELANGANA-509334 have changed my name from VENKATAMMA P to PALLEMONI VENKATAMMA for all future purposes vide affidavit dated 02/04/2024 before Notary Public, Delhi.

**NAME CHANGE**

I, MANORANJAN BISWAL S/O LAXMI DHAR BISWAL residing atH NO-177 2ND FLOOR WARD NUMBER 2 MEHRAULI DELHI-110030 have changed my name to GYAN RANJAN BISWAL for all future purposes

**PUBLIC NOTICE**

It is for general information that I PADMA JOSHI W/O CHANDRA VISITOR JOSHI R/O B-72, BLOCK-B, SWASTHYA VIHAR, SHAKARPUR, BARAMAD,EAST DELHI, DELHI- 93 declare that name of my husband has been wrongly written as ,C.V JOSHI in my minor daughter's namely GARIMA JOSHI aged15 years in her school records and CHANDER VISITOR JOSHI in adhar card no 5583 4494 3640 .The actual name of my husband is CHANDRA VISITOR JOSHI respectively which may be amended accordingly.

**NAME CHANGE**

I Rati Lal S/o Shiv Shankar Yadav R/o H.No-39, Gali No-7, Baba Surdas Colony Part-2, Amarnagar, Faridabad,Haryana-121003, Have Changed My Name To Ratilal Yadav For All Purpose

**NAME CHANGE**

I, MAHESWAR MAHTO Father of No. 16119064X Rank-NK Name-NIRANJAN KUMAR presently residing at WARD NO-10, VILL-MALHIPUR, PO-SHALIGRAMI, TEH-SAHEBPUR KAMAL, DIST-BEGUSARAI, BIHAR-851217 have changed my name from MAHESWAR MAHTO to MAHESHWAR MAHTO for all future purposes vide affidavit dated 02/04/2024 before Notary Public, Delhi.

**NAME CHANGE**

I, AZRA YASMIN W/O MOHD SAYEED AHMAD alias MOHAMMAD SAYEED AHMAD R/O G-49, MURADI ROAD BATLA HOUSE, JAMIA NAGAR, NEW DELHI-110025, have changed my earlier name "AZRA YASMEEN" to AZRA YASMIN for all purpose.

**PUBLIC NOTICE**

It is for general information that I NAND KISHOR S/O HARI SHANKAR CHAUDHARY R/O HNO NO- 516 ,MATA WALI GALI, BAKOLI, NORTH WEST DELHI, DELHI- 36 declare that name of mine has been wrongly written as NAND KISHORE in my minor daughter's namely REKHA aged 14 years in her school record. class .The actual name of mine is NAND KISHOR. respectively which may be amended accordingly.

**NAME CHANGE**

I, Isha Budhiraja W/o Atul Kumar Budhiraja R/o 14/11 first floor Subhash nagar new delhi 110027 have changed the name of my minor son from HRIDAY to HRIDAY BUDHIRAJA for future purposes.

**NAME CHANGE**

It is for general information that I, VINOD RATHEE S/o SANT RAM, residing at 16/318, 7 Biswa, Jatwara, Mohilla, Bahadurgarh, Jhajjar, Haryana - 124507 declare that name of my minor daughter has been wrongly written as NISHTA RATHEE in my minor daughter namely NISTHA aged 14 years in her school record. The actual name of my minor daughter is NISTHA which may be amended accordingly.

**NAME CHANGE**

I, hitherto known as AGURI KHATOON alias PARVANA KHAN W/o SHAKIL Permanent R/o Ward No.-12, Shekhpura Urf Dagarwara, S. Dangarwara, Darbhanga, Bihar-847306 and Present R/o A-1/55, A-Block, Prem Nagar-3, Kirari Suleman Nagar, Delhl-110086 have changed my name and shall hereafter be known as PARVANA KHAN.

**NAME CHANGE**

It is for general information that I, RAJENDER SINGH S/o RAM SWAROOP, R/o E 7 C/615, Sangam Vihar, Air Force Station Tugalkabad, South Delhi, Delhi-110062, declare that name of mine has been wrongly written as RAJENDER THAKUR in my Driving Licence No. DL-0320130393924. The actual name of mine is RAJENDER SINGH.

**NAME CHANGE**

I, JC-562288W Rank-SUB Name-CHITRANJAN SINGH presently residing at VILL-SHIKARPUR CHHPRA, PO-SHIKARPUR, PS-SONPUR, TEHSIL-SONPUR, DISTT-SARAN(CHHPRA), BIHAR-841101 have changed my minor son's name from CHIRANJIVI KUMAR SINGH to CHIRANJEEVI KUMAR SINGH for all future purposes vide Affidavit Dated 23/03/2024 before Executive Magistrate, Sonpur, (Saran).

**NAME CHANGE**

I, MAHESWAR MAHTO Father of No. 16119064X Rank-NK Name-NIRANJAN KUMAR presently residing at WARD NO-10, VILL-MALHIPUR, PO-SHALIGRAMI, TEH-SAHEBPUR KAMAL, DIST-BEGUSARAI, BIHAR-851217 have changed my name from MAHESWAR MAHTO to MAHESHWAR MAHTO for all future purposes vide affidavit dated 02/04/2024 before Notary Public, Delhi.

**NAME CHANGE**

I, RINKU KUMARI wife of JC-562288W Rank-SUB Name-CHITRANJAN SINGH presently residing at VILL-SHIKARPUR CHHPRA, PO-SHIKARPUR, PS-SONPUR, TEHSIL-SONPUR, DISTT-SARAN (CHHPRA), BIHAR-841101 have changed my name from RINKU KUMARI to RINKU KUMARI SINGH for all future purposes vide Affidavit Dated 23/03/2024 before Executive Magistrate, Sonpur, (Saran).

**NAME CHANGE**

I, JASWINDER KAUR Wife of No. 15344206H Rank-L/NK Name-MANMOHAN SINGH presently residing at H NO-16, POOJA VIHAR, KHOJKIPUR (PART), AMBALA, HARYANA-133001 have changed my name from JASWINDER KAUR to JASVINDER KAUR for all future purposes vide affidavit dated 02/04/2024 before Notary Public, Delhi.

**NAME CHANGE**

I No.5251468 P Hav. Tanka Bahadur Karki S/o.Chandra Bahadur Karki R/o.Galkot Municipality Ward no. 2 Village Narethati PO Hatiya Dist. Baglung ,Nepal ("D" Coy 2/3 Gorkha Rifles PIN 910052 C/o 56 APO ) that my daughter's actual name is Arosi Karki but in service records there is written wrongly Presti Karki and Date of Birth 26 January 2013 Which may be amended accordingly

**NAME CHANGE**

I, Nafisa Begum W/o Salimuddin R/o B-204 Gali no-14 Man Singh Nagar old Mustafabad Delhi-110094 have changed my name from Nafisa to Nafisa Begum for all future purpose.

**NAME CHANGE**

I, Isha Budhiraja W/o Atul Kumar Budhiraja R/o 14/11 first floor Subhash nagar new delhi 110027 have changed the name of my minor daughter from NAVYA to NAVYA BUDHIRAJA for future purposes.

**NAME CHANGE**

I, PARWATI PASVAN Mother of JC-338828F Rank-SUB Name-MAHESH KUMAR R/o 86/276, DR. DEVI DEEN COMPOUND, AFEEM KOTHI, PO-ANWARGANJ, TEH+DIST-KANPUR NAGAR, UTTAR PRADESH-208003, have changed my name from PARWATI PASVAN to PARWATI PASWAN for all future purposes and in my son's service records my date of birth wrongly mentioned as 02/01/1950 instead of my correct date of birth as 01/01/1961 vide affidavit dated 02/04/2024 before Notary Public, Delhi.

**NAME CHANGE**

I, TASHEEN AHMAD S/O SAIED AHMAD residing at H NO-10 BEHIND DELHI MASJID, SECTOR-48, FARIDABAD, HARYANA-121001 have changed my name to TAHSEEN AHMED for all future purpose.

**NAME CHANGE**

I hitherto known as MAYANK KUMAR alias MAYANK PAL S/o MAHENDRA PAL, R/o JB-24G, Gupta Colony, Khirki Ext. Malviya Nagar, South Delhi, Delhi-110017, have changed my name and shall hereafter be known as MAYANK PAL.

**PUBLIC NOTICE**

It is for general information that i Sneha d/o Suresh Kumar R/o A-13, Jemini Park, Najafgarh New Delhi-110043 declare that name of my has been wrongly written as Sneha Kumari in my 12th Educational Documents the actual name of my is Sneha which may be amended accordingly it is certified that i have complied with other legal requirements in this correction.

**NAME CHANGE**

I, DAVINDER SINGH S/O MAHIPAL SINGH RAWAT residing at H NO-988, SURYA VIHAR PART-3, SECTOR-91, SEHATPUR, FARIDABAD, HARYANA-121013 have changed my name to DEVENDER RAWAT for all future purpose.

**NAME CHANGE**

I, SOM WATI mother of NO-14859520A Rank-SEP Name-ARVIND KUMAR R/O VPO-SHARIF NAGAR, TEH-BAHERI, DIST-BAREILLY, UTTAR PRADESH-243201 have changed my name from SOM WATI to SOM VATI for all future purposes vide affidavit dated 01/02/2024 before Notary Public, Delhi.

**NAME CHANGE**

I, Nasareen Bano w/o Gaus Mohd R/o House No. F-7, Second Floor, Flat No. S-2, B Block, Silver Oak Apartment, Al-Habib Masjid, Shaheen Bagh, Okhla, New Delhi-110025 have changed my name to Nasreen Bano For all future purposes.

**NAME CHANGE**

I No.5251468P Hav. Tanka Bahadur Karki S/o.Chandra Bahadur Karki R/o.Galkot Municipality Ward no. 2 Village Narethati PO Hatiya Dist. Baglung ,Nepal ("D" Coy 2/3 Gorkha Rifles PIN 910052 C/o 56 APO ) that the actual name of my son is Aron Karki Date of Birth is 3/05/ 2016 but in service records there is written wrongly as Dewansh Karki. Which may be amended accordingly.

**PUBLIC NOTICE**

Information is given to general public at large that my clients Mr. Vikas & Mrs. Pooja who are intending to purchase the Property No.28Q, area measuring 60 Sq. Yards i.e. 50.16 Sq. Meters, out of Khasra No.536, situated at Sai Enclave-III, Village Chipiyana Bujurg (Across the Railway Line), Pargana and Tehsil Dadri, Dist. Gautam Budh Nagar, U.P.-201009 from Mr. Ramveer, Mrs. Pooja & Mrs. Jyoti who became owners after the death of Late Mrs. Durgesh and Mrs. Durgesh was the owner through Sale Deed dated 10.04.2015 (vide Doc. No.7540) executed by Mr. Kamal Rastogi. Now, the same property to be financed by Hinduja Housing Finance Ltd. having its office address at C-110, Ground floor, DLF Dilshad Extension II, Bhopura Loni, Ghaziabad UP 201005. That, Original Sale Deed dated 04.05.2011 executed by Mr. Dhanesh Kumar in favour of Mrs. Kamal Rastogi in respect of the said property, vide Doc. No.7375, Book No.1, registered on 04.05.2011 in SR-Dadri has been lost/misplaced and FIR for the same has been lodged vide FIR dated 02.03.2014.
If any person(s) objection for subject property, then kindly may contact the undersigned along with original property document, within a week from the date of this notice on below mentioned address, failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**NAME CHANGE**

I, Nafisa Begum W/o Salimuddin R/o B-204 Gali no-14 Man Singh Nagar old Mustafabad Delhi-110094 have changed my name from Nafisa to Nafisa Begum for all future purpose.

**NAME CHANGE**

I, RAM NIWAS PASVAN Father of JC-338828F Rank-SUB Name-MAHESH KUMAR R/o 86/276, DR. DEVI DEEN COMPOUND, AFEEM KOTHI, PO-ANWARGANJ, TEH+DIST-KANPUR NAGAR, UTTAR PRADESH-208003, have changed my name from RAM NIWAS PASVAN to RAM NIWAS PASWAN for all future purposes and in my son's service records my date of birth wrongly mentioned as 01/02/1947 instead of my correct date of birth as 01/01/1951 vide affidavit dated 02/04/2024 before Notary Public, Delhi.

**PUBLIC NOTICE**

Notice is hereby given to the public at large that my client Shri Bhagwan Sahay is the owner of House No. G-1406 on Ground Floor, Situated at Chitteranjan Park, New Delhi ("said property"). That said property was originally acquired/purchased by Late Shri Harish Chandra Mukherjee vide a registered Conveyance Deed dated 10.05.1995 bearing Regd. No. 3904, Book No. 01, Vol. No. 8770, Page No. 46-47, , SRO-Delhi. That the said Late Shri Harish Chandra Mukherjee during his lifetime made a registered Will dated 14.10.1992 bearing Regd. No. 5816, Book No. 03, Vol. No. 695, Page No. 119-121, SRO-Delhi wherein he bequeathed the said Property to my client Shri Bhagwan Sahay. That Late Shri Harish Chandra Mukherjee died on 05.01.2001 leaving behind the said Will dated 14.10.1992 as his last Will. My client Shri Bhagwan Sahay has got the said Will dated 14.10.1992 duly probated by Shri G.P. Mittal Addl. Distt. Judge Court Delhi, Probate Case No. 459/2001 on 30.08.2001 By virtue of the said Will dated 14.10.1992 my client Shri Bhagwan Sahay become owner of the said property and is in ownership and possession of the said Property since then.All those persons/ entities having any rights, title, interest, share, claim, demand whatsoever in respect of the said property or any parts thereof by way of sale, mortgage, transfer, exchange, gift, bequest, trust, inheritance, tenancy, sub-tenancy, leave and license, care taker basis, possession, family arrangement/settlement, decree or order of any Court of Law, Contracts/agreements, encumbrance, lis pendens, and/or any commitment or otherwise howsoever into , over or upon the said property are hereby required to give notice thereof in writing together with the supporting documents and particulars of any such right or claim to the undersigned advocate, having address as Chamber No. 122, Tehsil Compound, Ghaziabad, U.P. within 7 (seven) days from the date of publication hereof, failing which the claim, if any, shall be deemed to have been released or waived.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**PUBLIC NOTICE**

Information is given to general public at large that our clients Mrs. Rashid W/o Sh. Mohd. Khalik is the owner of Freehold Residential Vacant Property measuring 100 sq. yds i.e. 83.91 sq. mtr, falling under Khasra no. 235, situated at Prakash Nagar Hadbast, Village Khoda, Pargana Loni, Tehsil, Distt. Ghaziabad, UP. By Virtue of Sale Deed dated 08.08.2022 duly registered in the office of SR-Ghaziabad, doc no. 11570, vol. no. 19645 on pg no. 365-388 dated 08.08.2022. in the chain document below mentioned document not available i.e. Original Mutation in the name of Sh. Ravimbar Kumar and Sh. Dharam Singh S/o Sh. Late Dharmveer Singh now our client is declaring that that any other Person does not have any right over the said property, Same property is currently financed by Hinduja Housing Finance and now same is going to be going to be re-financed by Utkarsh Small Finance Bank Limited Branch: Ghaziabad, Uttar Pradesh. If any person(s) has any objection(s) or claim(s) with respect to the` right, title or interest in the Said Property then contact us within 07 days from the date of Publication of this notice and or the same to the undersigned if found by anyone. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

# ਮਾਂ ਬੋਲੀ ਦਾ ਸੱਚਾ ਸਾਧਕ ਮਹਿੰਦਰ ਬੇਦੀ

• ਹਰਮੇਲ ਪਰੀਤ



ਫ਼ਰੀਦਕੋਟ ਜ਼ਿਲ੍ਹੇ ਦੀ ਇਤਿਹਾਸਕ ਨਗਰੀ ਜੈਤੋ ਦੇ ਇਤਿਹਾਸ ਦੇ ਨਾਲ-ਨਾਲ ਪੰਜਾਬੀ ਅਦਬ ਦੇ ਖੇਤਰ ਵਿਚ ਵੀ ਵੱਡਾ ਸਥਾਨ ਹੈ। ਇਸ ਧਰਤੀ ਤੋਂ ਗੁਰਦਿਆਲ ਸਿੰਘ ਨੇ ਪੰਜਾਬੀ ਨਾਵਲ ਵਿਚ ਸ਼ਿਖ਼ਰ ਛੋਹੀ, ਦੀਪਕ ਜੈਤੋਈ ਨੇ ਪੰਜਾਬੀ ਗ਼ਜ਼ਲ ਦਾ ਬਾਬਾ ਬੋਹੜ ਹੋਣ ਦਾ ਮਾਣ ਹਾਸਿਲ ਕੀਤਾ, ਪ੍ਰੋ. ਪਾਲੀ ਭੁਪਿੰਦਰ ਸਿੰਘ ਨੇ ਰੰਗ ਮੰਚ ਵਿਚ ਇਸ ਧਰਤੀ ਦੀ ਭਰਪੂਰ ਤੇ ਮਾਨਯੋਗ ਹਾਜ਼ਰੀ ਲੁਆਈ ਹੈ। ਇੱਥੋਂ ਹੀ ਅਨੁਵਾਦ ਦੇ ਖੇਤਰ ਵਿਚ ਇਕ ਨਾਂਅ ਪੰਜਾਬੀ ਅਦਬ ਦੇ ਪਾਠਕਾਂ ਲਈ ਓਪਰਾ ਨਹੀਂ। ਅਦਬ ਦੀ ਚੇਟਕ ਮਹਿੰਦਰ ਬੇਦੀ ਨੂੰ ਆਪਣੇ ਪਿਤਾ ਯਸ਼ਪਾਲ ਬੇਦੀ ਤੋਂ ਲੱਗੀ ਤੇ ਇਸੇ ਲਗਨ ਨੇ ਉਸ ਨੂੰ ਇਕ ਸਮੇਂ ਗੁਰਦਿਆਲ ਸਿੰਘ ਦੇ ਵੀ ਬੇਹੱਦ ਕਰੀਬ ਲੈ ਆਂਦਾ ਸੀ। ਪਿਤਾ ਵੱਲੋਂ ਲਿਆਂਦੇ ਹਿੰਦੀ, ਅੰਗਰੇਜ਼ੀ ਤੇ ਉਰਦੂ ਦੇ ਨਾਵਲਾਂ, ਕਹਾਣੀਆਂ ਨੂੰ ਪੜ੍ਹਦਿਆਂ-ਪੜ੍ਹਦਿਆਂ ਮਹਿੰਦਰ ਬੇਦੀ ਨੇ ਇਨ੍ਹਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਬਾਰੇ ਸੋਚਣਾ ਸ਼ੁਰੂ ਕੀਤਾ। ਉਦੋਂ ਸ਼ਾਇਦ ਉਸ ਨੇ ਇਹ ਮਹਿਜ਼ ਸ਼ੁਗਲ ਵਜੋਂ ਜਾਂ ਅਖ਼ਬਾਰ ਵਿਚ ਆਪਣਾ ਨਾਂ ਛਪਿਆ ਵੇਖਣ ਲਈ ਕੀਤਾ ਹੋਵੇ ਪਰ ਉਸੇ ਸ਼ੌਕ ਦੀ ਬਦੌਲਤ ਮਹਿੰਦਰ ਬੇਦੀ ਦਾ ਅੱਜ ਪੰਜਾਬੀ ਵਿਚ ਅਨੁਵਾਦ ਕਰਨ ਵਾਲਿਆਂ ਕੁਝ ਨਾਵਾਂ ਵਿਚ ਲਿਆ ਜਾਂਦਾ ਹੈ।

ਸਾਲ 1976 ਤੋਂ ਉਹ ਆਪਣੀ ਧੁਨ ਵਿਚ ਮਸਤ ਹੋਇਆ ਹੋਰਨਾਂ ਬੋਲੀਆਂ ਦੇ ਉੱਤਮ ਸਾਹਿਤ ਦਾ ਅਨੁਵਾਦ ਕਰ ਕੇ ਪੰਜਾਬੀ ਪਾਠਕਾਂ ਤਕ ਪੁੱਜਦਾ ਕਰ ਰਿਹਾ ਹੈ। ਮਹਿੰਦਰ ਬੇਦੀ ਦੀਆਂ ਅਨੁਵਾਦ ਕੀਤੀਆਂ ਰਚਨਾਵਾਂ ਪੰਜਾਬੀ ਦੇ ਸਭ ਅਖ਼ਬਾਰਾਂ/ਰਸਾਲਿਆਂ ਵਿਚ ਛਪ ਚੁੱਕੀਆਂ ਹਨ। ਪਿਛਲੇ ਚਾਰ ਦਹਾਕਿਆਂ ਵਿਚ ਉਸ ਨੇ ਅਨੁਵਾਦ ਦੀਆਂ ਕਈ 'ਛੁੱਟੀਆਂ' ਲਾਈਆਂ ਹਨ। ਮਸਲਨ 1976 ਤੋਂ 1979 ਤਕ ਦੇ ਅਰਸੇ ਦੌਰਾਨ ਉਸ ਨੇ ਰਾਮਪਾਲ ਦੀਆਂ ਉਰਦੂ ਕਹਾਣੀਆਂ ਦੀਆਂ ਪੁਸਤਕਾਂ ਅਨੁਵਾਦ ਕੀਤੀਆਂ। ਫਿਰ ਉਹ ਪੰਜ ਵਰ੍ਹੇ ਦਾ ਵਕਫ਼ਾ ਲੈਂਦਾ ਹੈ ਅਤੇ 1984 ਤੋਂ 1990 ਤਕ ਫੇਰ ਅਨੁਵਾਦ ਵਿਚ ਜੁੱਟ ਜਾਂਦਾ ਹੈ। ਇਨ੍ਹਾਂ ਛੇ ਸਾਲਾਂ ਵਿਚ ਟੁੱਟਵੀਆਂ ਕਹਾਣੀਆਂ ਤੋਂ ਇਲਾਵਾ ਇਸਮਤ ਚੁਗਤਾਈ ਦਾ ਨਾਵਲਿਟ 'ਜੰਗਲੀ ਕਬੂਤਰ', ਹੰਸ ਰਾਜ ਰਹਿਬਰ ਦਾ ਇਤਿਹਾਸਕ ਨਾਵਲ 'ਬੋਲੇ ਸੋ ਨਿਹਾਲ' ਅਤੇ ਰਾਬਿਨ ਸ਼ਾਹ ਪੁਸ਼ਪ ਦਾ ਨਾਵਲ 'ਜਾਗਦੀਆਂ ਅੱਖਾਂ ਦਾ ਸੁਪਨਾ' ਅਨੁਵਾਦ ਕੀਤਾ, ਜੋ ਇਕ ਪੰਜਾਬੀ ਅਖ਼ਬਾਰ ਵਿਚ ਲੜੀਵਾਰ ਛਪੇ ਤੇ ਮਹਿੰਦਰ ਬੇਦੀ ਅਨੁਵਾਦ ਦੇ ਖੇਤਰ ਦਾ ਸਥਾਪਿਤ ਨਾਂਅ ਬਣ ਗਿਆ। ਘਰੇਲੂ ਰੁਝੇਵੇਂ ਫਿਰ ਘੇਰਦੇ ਹਨ ਤਾਂ ਉਹ ਲੰਮਾ ਸਮਾਂ ਇਨ੍ਹਾਂ ਘਰੇਲੂ ਜ਼ਿੰਮੇਵਾਰੀਆਂ ਦੇ ਅੰਗ-ਸੰਗ ਗੁਜ਼ਾਰਦਾ ਹੈ। ਕਰੀਬ ਸੋਲ਼ਾਂ ਸਾਲ ਬਾਅਦ 2007 'ਚ ਉਸ ਨੇ ਫਿਰ ਕਲਮ ਚੁੱਕ ਲਈ ਤੇ ਆਪਣੇ ਮਿਸ਼ਨ ਵਿਚ ਲੱਗ ਗਿਆ।

ਇਸ ਤੀਜੀ 'ਛੁੱਟੀ' ਵਿਚ ਮਹਿੰਦਰ ਬੇਦੀ ਨੇ ਤੇਜ਼ੀ ਨਾਲ ਪੂਰਾ ਨਿੱਠ ਕੇ ਕੰਮ ਕੀਤਾ ਤੇ ਜੋ ਨਿਰੰਤਰ ਜਾਰੀ ਹੈ। ਕੁਲ ਮਿਲਾਕੇ ਮਹਿੰਦਰ ਬੇਦੀ ਦੀਆਂ ਹੁਣ ਤਕ 27 ਕਿਤਾਬਾਂ ਛਪ ਚੁੱਕੀਆਂ ਹਨ। ਦੋ ਹੋਰ ਕਿਤਾਬਾਂ ਛਪਾਈ ਅਧੀਨ ਹਨ। ਇਸ ਤੋਂ ਇਲਾਵਾ ਉਸ ਨੇ ਡੇਢ ਸੌ ਤੋਂ ਵੱਧ ਕਹਾਣੀਆਂ ਅਨੁਵਾਦ ਕੀਤੀਆਂ ਹਨ ਜੋ ਵੱਖ ਵੱਖ ਰਸਾਲਿਆਂ ਤੇ ਅਖ਼ਬਾਰਾਂ ਤੋਂ ਇਲਾਵਾ ਸੰਪਾਦਤ ਪੁਸਤਕਾਂ ਦੇ ਰੂਪ ਵਿਚ ਛਪ ਚੁੱਕੀਆਂ ਹਨ। ਇਨ੍ਹਾਂ ਵਿਚ ਇਸਮਤ ਚੁਗਤਾਈ, ਰਾਜਿੰਦਰ ਸਿੰਘ ਬੇਦੀ ਆਦਿ ਦੀਆਂ ਕਹਾਣੀਆਂ ਦੇ ਸੰਗ੍ਰਹਿ ਵੀ ਸ਼ਾਮਲ ਹਨ। ਮਹਿਦਰ ਬੇਦੀ ਹੁਣ ਕੁਲ-ਵਕਤੀ ਅਨੁਵਾਦਕ ਹੈ। ਉਸ ਕੋਲ ਆਪਣੇ ਇਸ ਸਫ਼ਰ ਨਾਲ ਜੁੜੇ ਅਨੇਕਾਂ ਚੰਗੇ-ਮਾੜੇ ਅਨੁਭਵਾਂ ਦਾ ਖ਼ਜ਼ਾਨਾ ਹੈ। ਕਈ ਵੱਡੇ ਲੇਖਕਾਂ ਨਾਲ ਨਿੱਜੀ ਮੁਲਾਕਾਤਾਂ ਦੇ ਤਜੁਰਬੇ ਹਨ। ਇਨ੍ਹਾਂ ਵਿੱਚੋਂ ਇਕ ਦਾ ਜਿਕਰ ਕਰਦਿਆਂ ਉਹ ਦੱਸਦਾ ਹੈ ਕਿ 'ਭਾਸ਼ਾ ਵਿਭਾਗ ਲਈ ਅਨੁਵਾਦ ਕੀਤਾ ਇਕ ਕਹਾਣੀ ਸੰਗ੍ਰਹਿ 'ਨਵੀ ਧਰਤੀ ਪੁਰਾਣੇ ਗੀਤ' ਢਾਈ ਦਹਾਕਿਆਂ ਵਿਚ ਵੀ ਨਹੀਂ ਛਪਿਆ। ਇਹ ਕਹਾਣੀ ਸੰਗ੍ਰਹਿ ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਉਰਦੂ ਸਾਹਿਤਕਾਰ ਵਜੋਂ ਸਨਮਾਨਿਤ ਕੀਤੇ ਗਏ ਕਹਾਣੀਕਾਰ ਰਾਮ ਲਾਲ ਦੀਆਂ ਕਹਾਣੀਆਂ ਦਾ ਸੀ। ਇਹ ਕਿਤਾਬ ਮੈਂ 1990 ਵਿਚ ਅਨੁਵਾਦ ਕਰ ਕੇ ਦਿੱਤੀ ਸੀ। ਸਾਲ ਕੁ ਪਹਿਲਾਂ ਭਾਸ਼ਾ ਵਿਭਾਗ ਤੋਂ ਇਸ ਕਿਤਾਬ ਦੀ ਹੋਣੀ ਬਾਰੇ ਜਾਣਨਾ ਚਾਹਿਆ ਤਾਂ ਕੋਈ ਸੰਤੁਸ਼ਟੀਜਨਕ ਜਵਾਬ ਨਹੀਂ ਮਿਲਿਆ।'

ਮਹਿੰਦਰ ਬੇਦੀ ਨੇ ਲਿਹਾਜ਼ ਪੂਰਨ ਜਾਂ ਕਿਸੇ ਵੱਡੇ ਨੂੰ ਖ਼ੁਸ਼ ਕਰਨ ਲਈ ਕੋਈ ਰਚਨਾ ਅਨੁਵਾਦ ਨਹੀਂ ਕੀਤੀ। ਅਨੁਵਾਦ ਲਈ ਰਚਨਾਵਾਂ ਦੀ ਚੋਣ ਉਹ ਬਹੁਤ ਹੀ ਸੰਜੀਦਗੀ ਨਾਲ ਕਰਦਾ ਹੈ। ਜੇਕਰ ਕਿਸੇ ਰਸਾਲੇ ਦਾ ਸੰਪਾਦਕ ਜਾਂ ਪ੍ਰਕਾਸ਼ਕ ਕੁਝ ਰਚਨਾਵਾਂ ਅਨੁਵਾਦ ਲਈ ਭੇਜੇ ਤਾਂ ਉਹ ਪਸੰਦ ਨਾ ਆਉਣ ਅਤੇ ਆਪਣੇ ਮਿਆਰ 'ਤੇ ਖ਼ਰੀ ਨਾ ਉਤਰਦੀ ਰਚਨਾ ਲਈ ਉਹ ਨਿਰਸੰਕੋਚ ਨਾਂਹ ਕਰ ਦਿੰਦੈ। ਨੇੜਿਓਂ ਦੇਖਿਆਂ ਮਹਿੰਦਰ ਬੇਦੀ ਦੋ ਟੁੱਕ ਗੱਲ ਕਰਨ ਵਾਲਾ ਬੰਦਾ ਹੈ, ਜੋ ਅਗਲੇ ਦੀਆਂ ਕਮੀਆਂ ਉਹ ਦੇ ਮੂੰਹ 'ਤੇ ਹੀ ਕਹਿ ਦਿੰਦਾ ਹੈ। ਅਗਲਾ ਗੁੱਸੇ ਹੋਵੇ ਜਾਂ ਖ਼ੁਸ਼। ਉਹ ਆਪਣੀਆਂ ਅਨੁਵਾਦਤ ਰਚਨਾਵਾਂ ਛਪਵਾਉਣ ਲਈ ਕਿਸੇ ਸੰਪਾਦਕ ਜਾਂ ਪ੍ਰਕਾਸ਼ਕ ਦੀਆਂ ਲੇਲ੍ਹੜੀਆਂ ਕੱਢਦਾ, ਚਾਪਲੂਸੀ ਕਰਦਾ, ਜਾਂ ਸ਼ਰਤਾਂ ਮੰਨਦਾ ਕਦੇ ਨਹੀਂ ਡਿੱਠਾ।

ਕਈ ਮਾਮਲਿਆਂ ਵਿਚ ਉਸ ਦਾ ਸਬਰ-ਸਿਦਕ ਕਾਬਲ-ਇ-ਦਾਦ ਹੈ। ਐਨਾ ਕੁਝ ਪੜ੍ਹਦਿਆਂ, ਅਨੁਵਾਦ ਕਰਦਿਆਂ ਉਸ ਨੇ ਅੱਜ ਤਕ ਕੁਝ ਵੀ ਮੌਲਿਕ ਨਹੀਂ ਲਿਖਿਆ। ਅੱਜ ਤਾਈਂ ਉਸ ਨੇ ਕੋਈ ਇਨਾਮ-ਸਨਮਾਨ ਲੈਣ ਲਈ ਜੋੜ-ਤੋੜ ਨਹੀਂ ਕੀਤਾ। ਕਦੇ-ਕਦੇ ਪੁੱਛਣ 'ਤੇ ਉਹ ਆਖਦੈ, 'ਆਪਾਂ ਆਪਣੀ ਤਸੱਲੀ ਤੇ ਖ਼ੁਸ਼ੀ ਲਈ ਕੰਮ ਕੀਤਾ ਹੈ।' ਮਹਿੰਦਰ ਬੇਦੀ ਦੀ ਅਨੁਵਾਦ ਸ਼ੈਲੀ ਬੇਹੱਦ ਪ੍ਰਭਾਵਸ਼ਾਲੀ ਹੈ। ਪਾਠਕ ਮੂਲ ਰਚਨਾ ਵਰਗਾ ਹੀ ਰਸ ਲੈਂਦਾ ਹੈ। ਇਹ ਉਸ ਦੀ ਨਿਰੰਤਰ ਸਾਹਿਤਾ ਵਿਚ ਕੀਤੀ ਸਾਧਨਾ ਦੀ ਦੇਣ ਹੈ। ਇਸ ਸਾਧਕ ਦੀ ਸਾਧਨਾ ਨਿਰੰਤਰ ਜਾਰੀ ਹੈ।

*ਮੋਬਾਈਲ : 94173 33316*

# ਹਮੇਸ਼ ਨਾ ਵੀਰਾਨ ਹੋਈ ਅੱਜ ਵਾਂਗ ਰਾਤ

ਪਹਿਲਾਂ-ਪਹਿਲ ਜੋਗੀਆਂ ਨਾਥਾਂ ਨੇ ਪੰਜਾਬੀ ਕਵਿਤਾ ਕਹੀ। ਫਿਰ ਭਗਤਾਂ ਨੇ ਕਵਿਤਾ ਰਾਹੀਂ ਰੱਬ ਦੇ ਦਰ ਤੇ ਜਾਣ, ਉੱਤਮ ਆਚਰਨ ਰੱਖਣ ਅਤੇ ਕੁਕਰਮਾਂ ਨੂੰ ਤਿਆਗਣ ਦਾ ਸੁਨੇਹਾ ਲਿਖਿਆ। ਗੁਰੂਆਂ ਨੇ ਮਨੁੱਖੀ ਹੱਕਾਂ ਅਧਿਕਾਰਾਂ ਦੀ ਗੱਲ ਕੀਤੀ ਅਤੇ ਇਲਾਹੀ ਬਾਣੀ ਰਚਕੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇ ਦੱਬੇ ਕੁਚਲੇ ਲੋਕਾਂ ਨੂੰ ਗਿਸ਼ਮਾਂ ਦਾ ਚਾਨਣ ਤੇ ਨਿੱਘ ਵੰਡਿਆ। ਸੂਫ਼ੀਆਂ ਨੇ ਕਾਫ਼ੀਆਂ 'ਚ ਨਾਸ਼ਵਾਨਤਾ ਦਾ ਅਹਿਸਾਸ ਪਰੋਸਿਆ। ਪੰਜਾਬੀ ਪ੍ਰੇਮ ਕਹਾਣੀਆਂ ਨੂੰ ਕਿੱਸਾਕਾਰਾਂ ਨੇ ਸ਼ਬਦਾਂ ਦੇ ਵਸਤਰ ਵੰਡੇ।







ਪ੍ਰਗੀਤ ਦਾ ਅੰਗਰੇਜ਼ੀ ਸ਼ਬਦ 'ਲਿਰਿਕ' ਵੀਣਾ ਵਰਗੇ ਇਕ ਯੂਨਾਨੀ ਸੰਗੀਤਕ ਸਾਜ਼ ਲਾਇਰ ਤੋਂ ਬਣਿਆ ਹੈ। ਲਿਰਿਕ ਦਾ ਸ਼ਾਬਦਿਕ ਅਰਥ ਹੈ 'ਲਾਇਰ' ਤੇ ਗਾਈ ਜਾਣ ਵਾਲੀ ਕਿਸੇ ਕਾਵਿ ਰਚਨਾ ਤੋਂ ਹੈ । ਪਰ ਸਮੇਂ ਨਾਲ ਲਿਰਿਕ ਦੇ ਸੰਕਲਪ ਵਿੱਚੋਂ ਸੰਗੀਤ ਘਟਦਾ ਗਿਆ ਤੇ ਕਾਵਿਕਤਾ ਜਮ੍ਹਾਂ ਹੁੰਦੀ ਗਈ। ਗੀਤ ਪ੍ਰਗੀਤ ਦਾ ਹੀ ਇਕ ਵਿਗਸਾ ਹੈ। ਬਹੁਤੀ ਵਾਰੀ ਗੀਤ ਨੂੰ ਪ੍ਰਗੀਤ ਦੇ ਅਰਥਾਂ ਵਿਚ ਹੀ ਲਿਆ ਜਾਂਦਾ ਹੈ। ਪਰ ਹੁਣ ਗੀਤ ਤੇ ਪ੍ਰਗੀਤ ਦੀ ਭਿੰਨਤਾ ਸੰਗੀਤਕਾਰ ਤੇ ਕਾਵਿਕਤਾ ਦੇ ਆਧਾਰ 'ਤੇ ਹੀ ਕੀਤੀ ਜਾਂਦੀ ਹੈ।

ਪੰਜਾਬੀ ਕਵਿਤਾ ਦਾ ਅਗਲਾ ਸਫ਼ਾ ਵੀਹਵੀਂ ਸਦੀ ਦੇ ਅੰਤ ਵਿਚ ਸ਼ੁਰੂ ਹੋਇਆ। ਬਹੁਤ ਸਾਰੇ ਪੰਜਾਬੀ ਕਵੀਆਂ ਨੇ ਪੰਜਾਬੀ ਕਵਿਤਾ ਨੂੰ ਲੋਕਾਂ 'ਚ ਪੇਸ਼ ਕੀਤਾ। ਸਮਾਜ ਦੇ ਵੱਡੇ ਹਿੱਸੇ ਨੂੰ ਪੰਜਾਬੀ ਕਵਿਤਾ ਨਾਲ ਤੋਰਿਆ।

ਭਾਈ ਵੀਰ ਸਿੰਘ ਦੇ ਨਾਲ ਆਧੁਨਿਕ ਪੰਜਾਬੀ ਕਾਵਿ ਦਾ ਆਰੰਭ ਹੁੰਦਾ ਹੈ। ਉਨ੍ਹਾਂ ਅਧਿਆਤਮਿਕ ਭਾਵਾਂ ਦੇ ਅਭਿਵਿਅੰਜਨ ਦਾ ਮਾਧਿਅਮ ਕਵਿਤਾ ਨੂੰ ਬਣਾਈ ਰੱਖਿਆ। ਉਨ੍ਹਾਂ ਆਪਣੀਆਂ ਰੁਬਾਈਆਂ ਵਿਚ ਦ੍ਰਿਸ਼ ਪੇਸ਼ ਕਰ ਕੇ ਨੈਤਿਕ ਸੁਨੇਹਾ ਦਿੱਤਾ ਹੈ।

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ,
ਅਸਾਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨ ਆਏ
ਸਾਡੀ ਕੰਬਦੀ ਰਹੀ ਕਲਾਈ।

ਪ੍ਰੋਫੈਸਰ ਮੋਹਨ ਸਿੰਘ ਨੇ ਪੰਜਾਬੀ ਪ੍ਰਗੀਤ-ਪਰੰਪਰਾ ਨੂੰ ਚੇਤਨਾ ਨਾਲ ਅੱਗੇ ਤੋਰਿਆ। ਕਾਵਿ ਵਿਧੀ ਅਤੇ ਭਾਸ਼ਾ ਪੱਧਰ ਉਭਾਰਿਆ ਤੇ ਅਭਿਵਿਅਕਤੀ ਸੰਵੇਦਨਾ ਵਿਧੀ ਆਰੰਭੀ।

ਰੱਬ ਇਕ ਗੁੰਝਲਦਾਰ ਬੁਝਾਰਤ,
ਰੱਬ ਇਕ ਗੋਰਖ ਧੰਦਾ।
ਖੋਲ੍ਹਣ ਲੱਗਿਆਂ ਪੇਚ ਇਸ ਦੇ,
ਕਾਫ਼ਰ ਹੋ ਜੇ ਬੰਦਾ।

ਪ੍ਰਗਤੀਵਾਦ ਅਤੇ ਰੋਮਾਂਸਵਾਦ ਜਾਗਿਆ ਤੇ ਆਧੁਨਿਕ ਕਵਿਤਾ ਦਾ ਆਗਾਜ਼ ਹੋਇਆ। ਮਧਕਾਲ ਦੇ ਕਾਵਿ ਚਿੰਤਨ ਨੂੰ ਉਨ੍ਹਾਂ ਨਵੇਂ ਮੁਹਾਵਰੇ ਦਿੱਤੇ। ਵਿਸ਼ਵਵਿਆਪੀ ਚੇਤਨਾ ਪੰਜਾਬੀ ਕਵਿਤਾ 'ਚ ਸਜਾਈ। ਅੰਬੀ ਦੇ ਬੂਟੇ ਥੱਲੇ, ਕੁੜੀ ਪੋਠੋਹਾਰ ਦੀ ਅਤੇ ਛੱਤੋ ਦੀ ਬੇਰੀ ਕਵਿਤਾਵਾਂ ਲੋਕਾਂ ਦੀਆਂ ਯਾਦਾਂ 'ਚ ਹਨ।

ਅੰਮ੍ਰਿਤਾ ਪ੍ਰੀਤਮ ਕਾਵਿ ਸੂਫ਼ੀ ਤੇ ਕਿੱਸਾ ਕਾਵਿ ਹੈ। ਕਵਿਤਾ, ਨਾਵਲ, ਜੀਵਨੀ, ਨਿਬੰਧ ਆਦਿ ਵਿਧਾਵਾਂ ਉਸ ਨੇ ਲਿਖੀਆਂ। ਮੂਲ ਪ੍ਰੇਰਣਾ ਇਸ਼ਕ ਨਾਲ ਸੰਬੰਧਿਤ ਨਾਰੀ ਸੰਵੇਦਨਾ ਹੈ।

ਜਲਾਂ-ਥਲਾਂ 'ਚੋਂ
ਇਕ ਆਵਾਜ਼ ਹੋਕੇ,
ਕਈ ਸੱਸੀਆਂ,
ਸੋਹਣੀਆਂ ਬੋਲ ਪਈਆਂ ।
ਵਾਜ਼ਿਦ ਮੇਰੀ ਨਹੀਉਂ
'ਵਾਜ਼ ਇਕੋ,
'ਵਾਜ਼-'ਵਾਜ਼ 'ਚੋਂ
ਹੋਣੀਆਂ ਬੋਲ ਪਈਆਂ।

ਪ੍ਰਗੀਤ ਪਰੰਪਰਾ ਵਿਚ ਕਵੀ, ਆਲੋਚਕ, ਟੀਕਾਕਾਰ ਅਤੇ ਅਨੁਵਾਦਕ ਡਾ. ਹਰਿਭਜਨ ਸਿੰਘ ਦੀ ਕਵਿਤਾ ਦੀ ਸ਼ੈਲੀ ਵਿਚ ਕ੍ਰਾਂਤੀ ਦਾ ਵਿਲੱਖਣ ਹਸਤਾਖ਼ਰ ਹੈ। ਉਸ ਨੇ ਕਾਵਿ ਸਾਰਥਿਕਤਾ ਦੀ ਪੱਧਰ ਉਠਾ, ਪਰੰਪਰਾ ਨੂੰ ਤੋੜਿਆ ਤੇ ਤੋਰਿਆ ਹੈ।

ਹਮੇਸ਼ ਨਹੀਂ ਮਨੁੱਖ 'ਤੇ ਕੁੱਦਣਾ ਜਨੂੰਨ
ਹਮੇਸ਼ ਨਹੀਂ ਡੁੱਲਣਾ ਜ਼ਮੀਨ ਉੱਤੇ ਖ਼ੂਨ
ਹਮੇਸ਼ ਨਾ ਵੀਰਾਨ ਹੋਈ ਅੱਜ ਵਾਂਗ ਰਾਤ..।

• ਡਾ ਅਮਰਜੀਤ ਟਾਂਡਾ

• ਸੁਖਬੀਰ ਸਿੰਘ ਖੁਰਮਣੀਆਂ




## ਸਵਾਲ-ਜਵਾਬ

ਨਿਮਾਣੇ ਦੇ ਸਾਥੀ ਅਮਰੂ ਨੇ ਮਿਹਨਤ ਮਜ਼ਦੂਰੀ ਕਰਦਿਆਂ ਆਪਣੇ ਦੋਵਾਂ ਲੜਕਿਆਂ ਨੂੰ ਬਹੁਤ ਪੜ੍ਹਾਇਆ-ਲਿਖਾਇਆ। ਪੜ੍ਹ-ਲਿਖ ਕੇ ਦੋਵੇਂ ਲੜਕੇ ਚੰਗੇ ਰੁਤਬੇ ਤੇ ਸਰਕਾਰੀ ਨੌਕਰੀ ਲੱਗ ਗਏ। ਨਿਮਾਣੇ ਦੇ ਸਾਥੀ ਦੀਆਂ ਲੋਕ ਸਿਫ਼ਤਾਂ ਕਰਦੇ ਨਾ ਥੱਕਦੇ ਕਿ ਕਿਸ ਤਰ੍ਹਾਂ ਉਸ ਨੇ ਆਪਣੇ ਬੱਚਿਆਂ ਨੂੰ ਝੂਲਣੀ ਵਿਚ ਰਾਤ ਨੂੰ ਝੂਟੇ ਦਿੰਦਿਆਂ ਆਪ ਉਨੀਂਦਰੇ ਜਾਗ ਕੇ ਆਪਣੇ ਹੱਥੀਂ ਪੱਖੀਆਂ ਝੱਲ ਕੇ ਇਨ੍ਹਾਂ ਨੂੰ ਪਾਲ਼ਿਆ। ਦੋਵਾਂ ਪੁੱਤਰਾਂ ਦੇ ਵਿਆਹ ਤੋਂ ਬਾਅਦ ਘਰ ਦੀ ਵੰਡ-ਵੰਡਾਈ ਕਰਦਿਆਂ ਨੂੰਹਾਂ-ਪੁੱਤਰਾਂ ਨੇ ਕਮਰੇ ਆਪ ਮੱਲ ਲਏ ਤੇ ਅਮਰੂ ਦੀ ਮੰਜੀ ਡਿਊੜੀ ਵਿਚ ਡਾਹ ਦਿੱਤੀ। ਇਥੋਂ ਤਕ ਕਿ ਉਸ ਦਾ ਕਮਰਿਆਂ ਵਿਚ ਆਉਣਾ ਜਾਣਾ ਵੀ ਬੰਦ ਕਰ ਦਿੱਤਾ। ਉਹ ਹੁਣ ਜਦ ਵੀ ਆਪਣੇ ਹੱਥੀਂ ਬਣਾਏ ਕਮਰਿਆਂ ਵੱਲ ਵੇਖਦਾ ਤਾਂ ਉਸ ਦੀ ਰੂਹ ਅੰਦਰੋਂ ਝੰਜੋੜੀ ਜਾਂਦੀ। ਉਹ ਸੋਚਦਾ ਕਿ ਕਿਸ ਤਰ੍ਹਾਂ ਉਸ ਨੇ ਪਿੰਡ ਦੇ ਛੱਪੜ ਵਿੱਚੋਂ ਮਿੱਟੀ ਦੀਆਂ ਟੋਕਰੀਆਂ ਭਰ-ਭਰ ਲੱਕ-ਲੱਕ ਡੂੰਘੇ ਪਲਾਟ ਵਿਚ ਭਰਤੀ ਪਾਈ ਸੀ, ਪਹਿਲਾਂ ਸਰਕੜਿਆਂ ਦੀਆਂ ਛੱਤਾਂ ਫਿਰ ਡਿੱਡ ਨੂੰ ਗੰਢ ਮਾਰਕੇ ਹੌਲੀ-ਹੌਲੀ ਲੈਂਟਰ ਪਾਇਆ ਸੀ। ਇਹ ਸਭ ਉਸ ਦੀਆਂ ਅੱਖਾਂ ਸਾਹਮਣੇ ਦ੍ਰਿਸ਼ ਘੁੰਮਣ ਲੱਗਾ। ਇਨੇ ਚਿਰ ਨੂੰ ਨਿਮਾਣਾ ਆਇਆ, ਉਹ ਅਮਰੂ ਦੇ ਮੁਰਝਾਏ ਚਿਹਰੇ ਤੇ ਨਮ ਹੋਈਆਂ ਅੱਖੀਆਂ ਨੂੰ ਦੇਖਦਿਆਂ ਸਮਝ ਗਿਆ ਕਿ ਕੋਈ ਗੱਲ ਹੈ। ਉਹ ਉਸ ਨੂੰ ਆਪਣੇ ਨਾਲ ਪਿੰਡ ਦੇ ਬਾਹਰ ਵਾਲੇ ਬੋਹੜ ਦੀ ਛਾਵੇਂ ਸੱਥ ਵਿਚ ਲੈ ਗਿਆ ਤਾਂ ਜੋ ਉਸ ਦੀ ਉਦਾਸੀ ਦਾ ਕਾਰਨ ਪੁੱਛੇ। ਅਮਰੂ ਆਪਣੀ ਹੱਡ-ਬੀਤੀ ਸੁਣਾਕੇ, ਮਨ ਹੌਲਾ ਕਰ ਕੇ, ਪਰਨੇ ਨਾਲ ਆਪਣੀਆਂ ਅੱਖਾਂ ਵਿਚਲੇ ਗਲੇਡੂ ਸਾਫ਼ ਕਰ ਹੀ ਰਿਹਾ ਸੀ ਕਿ ਦੋ ਆਦਮੀ ਆਏ, ਦੋਵੇਂ ਬੋਹੜ 'ਤੇ ਚੜ੍ਹ ਗਏ, ਇਕ ਨੇ ਡੰਡੇ ਨਾਲ ਕੱਪੜਾ ਬੰਨ੍ਹਿਆ ਹੋਇਆ ਸੀ ਤੇ ਦੂਸਰੇ ਕੋਲ ਬਾਲਟੀ ਸੀ। ਉਨ੍ਹਾਂ ਡੰਡੇ ਦੇ ਅੱਗੇ ਬੰਨ੍ਹੇ ਕੱਪੜੇ ਨੂੰ ਅੱਗ ਲਾਈ ਤੇ ਬੋਹੜ 'ਤੇ ਲੱਗੇ ਸ਼ਹਿਦ ਦੀਆਂ ਮੱਖੀਆਂ ਦੇ ਡੂਮਣੇ ਨੂੰ ਛੁਹਾਈ। ਸ਼ਹਿਦ ਦੀਆਂ ਮੱਖੀਆਂ ਸੜਕੇ ਤੜਫ਼-ਤੜਫ਼ ਮਰਨ ਲੱਗੀਆਂ, ਕੁਝ ਜਾਨ ਬਚਾਉਣ ਲਈ ਆਪਣੇ ਛੱਤੇ ਨੂੰ ਛੱਡ ਕੇ ਇੱਧਰ-ਉੱਧਰ ਉੱਡਣ ਲੱਗੀਆਂ। ਉਨ੍ਹਾਂ ਬੜੇ ਅਰਾਮ ਨਾਲ ਸ਼ਹਿਦ ਦਾ ਛੱਤਾ ਉਤਾਰਿਆ। ਬੋਹੜ ਦੇ ਥੱਲੇ ਬੈਠ ਛੱਤੇ ਵਿੱਚੋਂ ਸਾਰਾ ਸ਼ਹਿਦ ਕੱਢ ਛੱਤੇ ਨੂੰ ਵਗਾਹ ਮਾਰਿਆ ਤੇ ਚੱਲਦੇ ਬਣੇ। ਅਮਰੂ ਇਹ ਸਭ ਕੁਝ ਦੇਖ ਰਿਹਾ ਸੀ। ਉਹ ਅੱਗ ਨਾਲ ਅੱਧ ਸੜੀਆਂ ਮੱਖੀਆਂ ਜਿਹੜੀਆਂ ਉੱਡਣ ਤੋਂ ਅਸਮੱਰਥ ਸਨ ਤੇ ਕੁਝ ਹਵਾ ਵਿਚ ਮੰਡਰਾ ਰਹੀਆਂ 'ਚੋਂ ਆਪਣੇ ਛੱਤੇ ਵੱਲ ਪਰਤਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਪਰ ਛੱਤਾ ਨਾ ਮਿਲਦਾ ਤਾਂ ਉਹ ਛੱਤੇ ਵਾਲੀ ਜਗ੍ਹਾ ਉਸੇ ਟਾਹਣੇ ਤੇ ਬੈਠਣ ਨੂੰ ਕਰਦੀਆਂ ਜਿੱਥੇ ਛੱਤਾ ਸੀ। ਪਰ ਉਹ ਥਾਂ ਸੇਕ ਮਾਰਦਾ ਹੋਣ ਕਰਕੇ ਉਸ ਦੇ ਆਸੇ-ਪਾਸੇ ਘੁੰਮਣ ਲੱਗ ਜਾਂਦੀਆਂ। ਸ਼ਹਿਦ ਦੀਆਂ ਮੱਖੀਆਂ ਦੀ ਤੁਲਣਾਂ ਅਮਰੂ ਆਪਣੇ ਨਾਲ ਕਰ ਲੱਗਾ ਤੇ ਟਾਹਣੇ ਦੀ ਆਪਣੇ ਘਰ ਨਾਲ। ਉਸ ਦੇ ਧੁਰ ਅੰਦਰੋਂ ਆਵਾਜ਼ ਨਿਕਲਦੀ ਦੇਖੋ! ਜਿਹੜੀਆਂ ਮੱਖੀਆਂ ਨੇ ਸ਼ਹਿਦ ਇਕੱਠਾ ਨਹੀਂ ਕੀਤਾ, ਉਨ੍ਹਾਂ ਨੂੰ ਕੋਈ ਵੀ ਕੁਝ ਨਹੀਂ ਕਹਿੰਦਾ, ਉਹ ਹਵਾ ਵਿਚ ਕਿੰਨੀ ਆਜ਼ਾਦੀ ਨਾਲ ਉੱਡ ਰਹੀਆਂ ਹਨ। ਬੰਦੇ ਨੂੰ ਭਾਵੇਂ ਪਰੇਸ਼ਾਨ ਕਰਨ ਪਰ ਇੰਨੀ ਬੇਦਰਦੀ ਨਾਲ ਇਨ੍ਹਾਂ ਨੂੰ ਕੋਈ ਨਹੀਂ ਮਾਰਦਾ। ਇਨ੍ਹਾਂ ਵਿਚਾਰੀਆਂ ਸ਼ਹਿਦ ਦੀਆਂ ਮੱਖੀਆਂ ਨੇ ਮਿਹਨਤ ਨਾਲ ਸ਼ਹਿਦ ਇਕੱਠਾ ਕਰ ਕੇ ਕੀ ਗੁਣਾਹ ਕਰ ਲਿਆ?

ਹਨੇਰਾ ਹੋਣ ਕਰਕੇ ਨਿਮਾਣੇ ਦਾ ਸਾਥੀ ਅਮਰੂ ਕੰਬਦੀਆਂ ਲੱਤਾਂ ਨਾਲ ਖੂੰਡੇ ਦੇ ਸਹਾਰੇ ਤੁਰਦਾ ਅਪਣੀ ਡਿਉੜੀ ਵਿਚ ਪਹੁੰਚ ਗਿਆ। ਮੰਜੇ ਤੇ ਲੇਟਿਆ ਡਿਉੜੀ ਦੀ ਸਰਕੜਿਆਂ ਦੀ ਛੱਤ ਵਿਚ ਆਪਣੇ ਨਿੱਕੇ ਬੋਟਾਂ ਨਾਲ ਬੈਠੀ ਚਿੜੀ ਵੱਲ ਝਾਕਦਾ ਆਪਣਾ ਅਤੀਤ ਚੇਤੇ ਕਰਦਾ। ਆਪਣਾ ਸਭ ਕੁਝ ਗੁਆ ਚੁੱਕੀਆਂ ਅੱਧਸੜੀਆਂ ਛੱਤੇ ਦੁਆਲੇ ਮੰਡਰਾਂ ਰਹੀਆਂ ਮੱਖੀਆਂ ਤੇ ਆਪਣੇ ਬਾਰੇ ਸੋਚਦਾ ਆਪਣੇ ਮਨ ਨਾਲ ਸਵਾਲ-ਜਵਾਬ ਕਰ ਦਾ ਪਤਾ ਨਹੀ ਕਿੱਧਰ ਗੁਵਾਚ ਗਿਆ।

*ਮੋਬਾਈਲ : 98555-12677*

ਮਿੰਨੀ ਕਹਾਣੀ

## ਸੋਹਣੀ ਜਿਹੀ ਨੂੰਹ



ਸ਼ਿੰਦਰ ਮਾਂ ਬਣਨ ਵਾਲੀ ਹੈ। ਇਹ ਖ਼ਬਰ ਸੁਣਕੇ ਘਰ ਵਿਚ ਖ਼ੁਸ਼ੀ ਦਾ ਮਾਹੌਲ ਸੀ। ਸਾਰੇ ਖ਼ੁਸ਼ ਸਨ ਕਿ ਘਰ ਵਿਚ ਇਕ ਨਿੱਕਾ ਜਿਹਾ ਨਵਾਂ ਮਹਿਮਾਨ ਆਉਣ ਵਾਲਾ ਹੈ। ਸ਼ਿੰਦਰ ਦੇ ਪਤੀ ਹਰਨਾਮ ਨੂੰ ਇਸ ਗੱਲ ਨੇ ਐਨੀ ਖ਼ੁਸ਼ੀ ਦਿੱਤੀ ਕਿ ਉਹ ਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਸਾਰੀਆਂ ਵਿਉਂਤਾ ਬਣਾਉਣ ਲੱਗ ਪਿਆ। ਪਰ ਹਰਨਾਮ ਦੀ ਮਾਤਾ ਦੇ ਦਿਲ ਵਿਚ ਕੁਝ ਹੋਰ ਹੀ ਚੱਲ ਰਿਹਾ ਸੀ, ਉਹ ਚਾਹੁੰਦੀ ਸੀ ਕਿ ਆਉਣ ਵਾਲਾ ਬੱਚਾ ਮੁੰਡਾ ਹੀ ਹੋਵੇ। ਇਸ ਲਈ ਆਪਣੀ ਨੂੰਹ ਨੂੰ ਸੋਹਣੀ ਜਿਹੀ ਤਾਕੀਦ ਕਰਦਿਆਂ ਉਸ ਨੇ ਕਿਹਾ ਕਿ ਕੱਲ੍ਹ ਡਾਕਟਰ ਕੋਲ ਜਾ ਕੇ ਚੈੱਕ ਕਰਵਾਓ। ਕੁਝ ਵੀ ਹੋਵੇ ਉਸ ਨੂੰ ਪੋਤਾ ਹੀ ਚਾਹੀਦਾ ਹੈ, ਬੜੇ ਅਰਮਾਨ ਨੇ ਕਿ ਉਹ ਆਪਣੇ ਪੋਤੇ ਦਾ ਵਿਆਹ ਦੇਖੇ ਅਤੇ ਇਕ ਸੋਹਣੀ ਜਿਹੀ ਨੂੰਹ ਆਪਣੇ ਘਰ ਲੈ ਕੇ ਆਵੇ। ਇਹ ਸੁਣ ਕੇ ਸਾਰਾ ਟੱਬਰ ਸੁੰਨ ਹੋਇਆ ਉਸ ਵੱਲ ਵੇਖਦਾ ਰਿਹਾ ।

• ਸਨਦੀਪ ਸਿੰਘ ਸਿੱਧੂ, *ਮੋਬਾਈਲ : 9463661542*

# ਲੋਕ ਗੀਤਾਂ ਦਾ ਵਿਲੱਖਣ ਰੂਪ ਬਾਲੋ ਮਾਹੀਆ



ਸਤਨਾਮ ਸਿੰਘ ਕੈਂਥ

*ਮੋਬਾਈਲ : 99880-47124*

ਪੰਜਾਬੀ ਲੋਕ ਗੀਤਾਂ ਦੇ ਕਈ ਰੂਪ ਪ੍ਰਚਲਿਤ ਰਹੇ ਹਨ। ਉਨ੍ਹਾਂ ਵਿੱਚੋਂ ਕਈ ਤਾਂ ਆਪਣੀ ਹੋਂਦ ਗਵਾ ਬੈਠੇ ਹਨ ਪਰ ਕੁਝ ਦਾ ਵਜੂਦ ਅਜੇ ਵੀ ਕਾਇਮ ਹੈ। ਅਜਿਹੇ ਹੀ ਕਾਵਿ ਰੂਪਾਂ ਵਿੱਚੋਂ ਇਕ ਪ੍ਰਚਲਿਤ ਰੂਪ 'ਬਾਲੋ ਮਾਹੀਆ' ਹੈ। ਮਾਹੀਆ, ਟੱਪਾ, ਬਾਲੋ ਆਦਿ ਇਸ ਦੇ ਹੋਰ ਵੱਖੋ-ਵੱਖ ਪ੍ਰਚਲਿਤ ਨਾਂ ਹਨ। ਇਸ ਕਾਵਿ ਰੂਪ ਦਾ ਸਭ ਤੋਂ ਪ੍ਰਚਲਿਤ ਅਤੇ ਸਵੀਕ੍ਰਿਤ ਨਾਂ 'ਮਾਹੀਆ' ਮੰਨਿਆ ਗਿਆ ਹੈ। ਅੱਜ-ਕੱਲ੍ਹ ਭਾਵੇਂ ਇਸ ਦੀ ਲੋਕ-ਪ੍ਰਿਯਤਾ ਓਨੀ ਨਹੀਂ ਰਹੀ ਜਿੰਨੀ ਅੱਜ ਤੋਂ ਕੋਈ ਪੰਜ-ਛੇ ਦਹਾਕੇ ਪਹਿਲਾਂ ਹੋਇਆ ਕਰਦੀ ਸੀ ਪ੍ਰੰਤੂ ਫੇਰ ਵੀ ਲੋਕ ਗੀਤਾਂ ਵਿੱਚੋਂ ਇਸ ਨੂੰ ਸ਼ਾਹ-ਸਵਾਰ ਲੋਕ ਕਾਵਿ ਰੂਪ ਮੰਨਿਆ ਜਾਂਦਾ ਹੈ। 'ਬਾਲੋ ਮਾਹੀਆ' ਰੂਪ ਜਾਂ ਬਣਤਰ ਪੱਖੋਂ ਬਹੁਤ ਹੀ ਛੋਟਾ ਕਾਵਿ ਰੂਪ ਹੈ। ਇਹ ਦੋ ਚਰਨਾਂ ਜਾਂ ਸਤਰਾਂ ਦਾ ਕਾਵਿ ਰੂਪ ਹੈ । ਇਸ ਦੀ ਪਹਿਲੀ ਸਤਰ ਬਹੁਤ ਛੋਟੀ ਹੁੰਦੀ ਹੈ ਜਦੋਂ ਕਿ ਦੂਜੀ ਸਤਰ ਪਹਿਲੀ ਨਾਲੋਂ ਦੁੱਗਣੀ ਹੁੰਦੀ ਹੈ ਜਾਂ ਉਸ ਤੋਂ ਵੱਡੀ। ਜਿਵੇ :

*ਦੋ ਪੱਤਰ ਅਨਾਰਾਂ ਦੇ...*
*ਸਾਡੀ ਗਲੀ ਲੰਘ ਮਾਹੀਆ,*
*ਦੁੱਖ ਟੁੱਟਣ ਬਿਮਾਰਾਂ ਦੇ।*

ਵਣਜਾਰਾ ਬੇਦੀ ਅਨੁਸਾਰ ਬਾਲੋ ਸਾਂਦਲਬਾਰ ਦੇ ਇਲਾਕੇ ਗੁਜਰਾਂਵਾਲੇ ਦੀ ਇਕ ਮੁਟਿਆਰ ਸੀ ਜਿਹੜੀ ਕਸ਼ਮੀਰ ਦੇ ਇਕ ਗੱਭਰੂ ਮੁਹੰਮਦ ਅਲੀ ਮਾਹੀਏ ਨੂੰ ਪਿਆਰ ਕਰਦੀ ਸੀ। ਉਨ੍ਹਾਂ ਦੋਹਾਂ ਨੇ ਵਿਆਹ ਕਰਾਉਣ ਦਾ ਫ਼ੈਸਲਾ ਕਰ ਲਿਆ ਪਰ ਬਾਲੋ ਦੇ ਮਾਪੇ ਇਸ ਵਿਆਹ ਲਈ ਰਾਜ਼ੀ ਨਾ ਹੋਏ। ਇਸ ਉਪਰੰਤ ਮੁਹੰਮਦ ਅਲੀ, ਬਾਲੋ ਨੂੰ ਭਜਾ ਕੇ ਲੈ ਗਿਆ ਪਰ ਉਹ ਛੇਤੀ ਫੜ੍ਹਿਆ ਗਿਆ। ਉਸ ਨੂੰ ਜੇਲ੍ਹ ਦੀ ਸਜ਼ਾ ਹੋ ਗਈ। ਇਸ ਕਾਵਿ-ਰੂਪ ਸੰਬੰਧੀ ਇਕ ਦੰਦ-ਕਥਾ ਹੋਰ ਵੀ ਹੈ ਕਿ ਬਾਲੋ ਤੇ ਮੁਹੰਮਦ ਅਲੀ ਕਚਹਿਰੀ ਵਿਚ 'ਮਾਹੀਏ' ਦੇ ਟੱਪਿਆਂ ਰਾਹੀਂ ਸਵਾਲ-ਜਵਾਬ ਕਰਦੇ ਸਨ। ਇਸ ਗੱਲ ਦੀਆਂ ਧੁੰਮਾਂ ਸਾਰੇ ਪੰਜਾਬ ਵਿਚ ਪੈ ਗਈਆਂ। ਉਦੋਂ ਇਸ ਗੀਤ ਦਾ ਨਾਂ 'ਬਾਲੋ ਮਾਹੀਆ' ਮਸ਼ਹੂਰ ਹੋ ਗਿਆ। ਲੋਕ ਮਨ ਅਨੁਸਾਰ ਦੋਵਾਂ ਨੂੰ ਸੰਗੀਤ ਨਾਲ ਬੜਾ ਮੋਹ ਸੀ। ਦੋਵਾਂ ਦੀ ਆਵਾਜ਼ ਬੜੀ ਸੁਰੀਲੀ ਤੇ ਦਿਲਾਂ ਨੂੰ ਖਿੱਚ ਪਾਉਣ ਵਾਲੀ ਸੀ। ਆਪਣੀਆਂ ਭਾਵਨਾਵਾਂ ਦੇ ਇਜ਼ਹਾਰ ਲਈ ਉਨ੍ਹਾਂ ਨੇ ਟੱਪਿਆਂ ਨੂੰ ਆਧਾਰ ਬਣਾਇਆ। ਉਹ ਉਨ੍ਹਾਂ ਟੱਪਿਆਂ ਨੂੰ ਸਵਾਲਾਂ-ਜਵਾਬਾਂ ਵਿਚ ਗਾਇਆ ਕਰਦੇ ਸਨ :

*ਲਾਡਾਂ ਦੀਏ ਪਲੀਏ ਨੀ...*
*ਮਿੱਠੀ ਕੋਈ ਗੱਲ ਕਰ ਜਾ,*
*ਮਿਸ਼ਰੀ ਦੀਏ ਡਲੀਏ ਨੀ।*

ਚੜ੍ਹਦੇ ਪੰਜਾਬ ਵਿਚ ਜਿਵੇਂ ਬੋਲੀ ਜਾਂ ਟੱਪੇ ਨੂੰ ਲੋਕ ਸਾਹਿਤ ਵਿਚ ਪ੍ਰਧਾਨਤਾ ਪ੍ਰਾਪਤ ਹੈ ਉਸੇ ਤਰ੍ਹਾਂ ਲਹਿੰਦੇ ਪੰਜਾਬ ਵਿਚ 'ਬਾਲੋ ਮਾਹੀਆ' ਬੜਾ ਪ੍ਰਚਲਿਤ ਹੈ। ਬੋਲੀ ਵਾਂਗ ਇਹ ਨਿਰਾ ਵਲਵਲੇ ਦਾ ਗੀਤ ਹੈ। ਇਸ ਵਿਚ ਥੋੜ੍ਹੇ ਸ਼ਬਦਾਂ ਰਾਹੀਂ ਬਹੁਤ ਕੁਝ ਕਿਹਾ ਜਾਂਦਾ ਹੈ। ਅਸਲ ਵਿਚ ਮਾਹੀ ਸ਼ਬਦ ਦੇ ਆਪਣੇ ਅਰਥ ਮੱਝਾਂ ਦੇ ਪਾਲੀ ਤੋਂ ਹਨ ਪਰ ਜੇ ਕਰ ਇਸ ਦੇ ਵਿਕਸਤ ਅਰਥਾਂ ਦੀ ਗੱਲ ਕੀਤੀ ਜਾਵੇ ਤਾਂ ਮਾਹੀਏ ਤੋਂ ਭਾਵ ਉਹ ਪ੍ਰੇਮੀ ਹੈ ਜੋ ਆਪਣੀ ਬਾਲੋ ਨੂੰ ਹਾਸਿਲ ਕਰਨ ਲਈ ਰਾਂਝੇ ਵਾਂਗ ਮੱਝੀਆਂ ਚਾਰਨ ਨੂੰ ਵੀ ਤਿਆਰ ਹੈ। ਇਸ ਕਾਵਿ-ਰੂਪ ਦਾ ਨਾਂ 'ਮਾਹੀਆ' ਇਸ ਕਰਕੇ ਜ਼ਿਆਦਾ ਪ੍ਰਚਲਿਤ ਹੋ ਗਿਆ ਕਿਉਂਕਿ ਇਸ ਵਿਚ ਮਾਹੀਆ ਸ਼ਬਦ ਦੀ ਵਰਤੋਂ ਬਾਰ-ਬਾਰ ਕੀਤੀ ਜਾਂਦੀ ਹੈ। ਅਜੋਕੇ ਯੁੱਗ ਵਿਚ ਬੱਦਲ, ਹਵਾ, ਬਾਗ਼, ਤਾਰੇ, ਪੰਛੀ ਅਤੇ ਬਨਸਪਤੀ ਆਦਿ ਵੀ ਮਾਹੀਏ ਵਿਚ ਪਾਤਰਾਂ ਦੇ ਰੂਪ ਵਿਚ ਆਉਣ ਲੱਗ ਪਏ ਹਨ।

'ਮਾਹੀਏ' ਦੇ ਕਈ ਟੱਪਿਆਂ ਵਿਚ ਪਹਿਲੀ ਸਤਰ ਦਾ ਦੂਜੀ ਸਤਰ ਨਾਲ ਕੋਈ ਸੰਬੰਧ ਨਹੀਂ ਹੁੰਦਾ। ਅਜਿਹੇ ਟੱਪਿਆਂ ਵਿਚ ਪਹਿਲੀ ਸਤਰ ਭਾਵੇਂ ਇਸ ਨੂੰ ਲੈਅ ਬੱਧ ਕਰਨ ਲਈ ਹੀ ਸਿਰਜੀ ਜਾਂਦੀ ਹੈ ਫਿਰ ਵੀ ਇਹ ਟੱਪੇ ਦਾ ਸਾਰਥਕ ਅਤੇ ਅਟੁੱਟ ਅੰਗ ਹੁੰਦੀ ਹੈ। ਟੱਪਿਆਂ ਵਿਚ ਸੁਹਜ ਪੈਦਾ ਕਰਨ ਲਈ ਜਾਂ ਪ੍ਰਭਾਵ ਗਹਿਰਾ ਕਰਨ ਲਈ ਟੱਪੇ ਦੇ ਪਹਿਲੇ ਚਰਨ ਤੋਂ ਬਿਨਾਂ 'ਮਾਹੀਆ' ਸਧਾਰਨ ਬਿਆਨ ਰਹਿ ਜਾਂਦਾ ਹੈ। ਇਸ ਵਿਚ ਕਾਵਿਕ ਝਲਕ ਪਹਿਲੇ ਚਰਨ ਕਰਕੇ ਹੀ ਬਣਦੀ ਹੈ। ਜਿਵੇਂ :

*ਸੜਕ 'ਤੇ ਰਿੜ੍ਹ ਵੱਟਿਆ...*
*ਜਿਨ੍ਹਾਂ ਯਾਰੀ ਨਾ ਲਾਈ,*
*ਉਨ੍ਹਾਂ ਦੁਨੀਆ ਤੋਂ ਕੀ ਖੱਟਿਆ।*

ਮਾਹੀਆ ਲੋਕ ਗੀਤਾਂ ਦਾ ਇਕ ਰੂਪ ਹੈ ਇਸ ਲਈ ਇਹਨੂੰ ਗਾਇਨ ਰੂਪ ਵਿਚ ਸੁਣਿਆ ਜਾ ਸਕਦਾ ਹੈ। ਵਿਆਹ ਵੇਲੇ ਢੋਲਕੀ, ਪਰਾਤ, ਘੜਾ ਆਦਿ ਲੋਕ ਸਾਜ਼ਾਂ ਨਾਲ ਗਾਇਆ ਜਾਂਦਾ ਹੈ। ਸੰਗੀਤ ਦੇ ਮਾਹਿਰਾਂ ਅਨੁਸਾਰ ਮਾਹੀਆ ਪਹਾੜੀ, ਸਿੰਧੀ, ਭੈਰਵੀ ਆਦਿ ਰਾਗਾਂ ਵਿਚ ਗਾਇਆ ਜਾਂਦਾ ਹੈ ਪਰ ਡੰਗਰ ਚਾਰਦੇ ਪਾਲ਼ੀ ਜਾਂ ਗੱਭਰੂ, ਤ੍ਰਿੰਞਣ ਵਿਚ ਕੱਤਦੀਆਂ ਮੁਟਿਆਰਾਂ ਆਦਿ ਇਸ ਨੂੰ ਗਾਇਕੀ ਦੀਆਂ ਬਰੀਕੀਆਂ ਵਿਚ ਜਾਏ ਬਿਨਾਂ ਗਾਉਂਦੇ ਹਨ। ਕਈ ਵਾਰੀ ਕੁੜੀਆਂ ਵਲੋਂ ਜੁੱਟ ਬਣਾ ਕੇ ਮਾਹੀਆ ਗਾਉਣ ਦਾ ਮੁਕਾਬਲਾ ਵੀ ਕੀਤਾ ਜਾਂਦਾ ਹੈ। ਜਿਹੜੇ ਜੁੱਟ ਕੋਲ ਗਾਉਂਦੇ-ਗਾਉਂਦੇ ਟੱਪੇ ਪਹਿਲਾਂ ਮੁਕ ਜਾਣ ਉਹ ਹਾਰ ਜਾਂਦਾ ਹੈ। ਇਸੇ ਤਰ੍ਹਾਂ ਕਈ ਵਾਰੀ ਸੱਭਿਆਚਾਰਕ ਸਮਾਗਮਾਂ ਵਿਚ ਮੁੰਡਾ ਅਤੇ ਕੁੜੀ ਵਾਰੋ-ਵਾਰੀ 'ਬਾਲੋ ਮਾਹੀਆ' ਗਾਉਂਦੇ ਹਨ :

*ਗੱਲ ਕਰ ਕੇ ਕੀ ਲੈਂਣਾ ਏ...*
*ਦੁਨੀਆ ਤੋਂ ਡਰ ਚੰਨ ਵੇ,*
*ਅਸੀਂ ਦੁਨੀਆ 'ਚ ਰਹਿਣਾ ਏ।*

'ਬਾਲੋ-ਮਾਹੀਆ' ਮੁੱਖ ਤੌਰ ਤੇ ਪਿਆਰ ਤੇ ਵਿਛੋੜੇ ਦਾ ਗੀਤ ਹੈ। ਇਸ ਦਾ ਵਿਸ਼ਾ-ਵਸਤੂ ਗੱਭਰੂ ਤੇ ਮੁਟਿਆਰ ਦੇ ਪਿਆਰ ਦੁਆਲੇ ਹੀ ਘੁੰਮਦਾ ਰਹਿੰਦਾ ਹੈ। ਇਸ ਕਰਕੇ ਇਸ ਦੀ ਬੋਲੀ ਮਿੱਠੀ ਹੁੰਦੀ ਹੈ। ਸ਼ਿਕਵੇ-ਸ਼ਿਕਾਇਤਾਂ, ਉਲਾਮ੍ਹੇ ਅਤੇ ਬੇਵਫ਼ਾ ਹੋਣ ਦੇ ਸ਼ੱਕ ਸੰਬੰਧੀ ਸ਼ਬਦ ਵੀ ਪਿਆਰ ਦੀ ਭਾਸ਼ਾ ਵਿਚ ਉਚਾਰੇ ਜਾਂਦੇ ਹਨ। ਇਨ੍ਹਾਂ ਗੀਤਾਂ ਵਿਚ ਮਿਲਾਪ ਦੀ ਥਾਂ, ਮਿਲਣ ਦੀ ਇੱਛਾ, ਅਧੂਰੀਆਂ ਸੱਧਰਾਂ ਅਤੇ ਬਿਰਹਾ ਵਾਲੇ ਵਿਸ਼ੇ ਮੁੱਖ ਰੂਪ ਵਿਚ ਪੇਸ਼ ਹੁੰਦੇ ਰਹੇ ਹਨ। ਭਾਵੇਂ ਅਜੋਕੇ ਸਮੇਂ ਵਿਚ ਇਸ ਦੇ ਗਾਉਣ ਦੀ ਪ੍ਰਥਾ ਕਿਤੇ ਲੋਪ ਹੋ ਚੁੱਕੀ ਹੈ। ਬਾਵਜੂਦ ਇਸ ਦੇ ਅੱਜ ਵੀ 'ਬਾਲੋ ਮਾਹੀਆ' ਲੋਕ ਗੀਤਾਂ ਦੇ ਵਿਲੱਖਣ ਰੂਪ ਵਜੋਂ ਸਵੀਕਾਰ ਕੀਤਾ ਜਾਂਦਾ ਹੈ। •

## ਗ਼ਜ਼ਲਾਂ

ਏਸ ਫ਼ਿਕਰ ਨੇ ਮਾਰ ਲਿਆ ਹੈ, ਕਿਹੜਾ ਅੱਜ ਕੱਲ੍ਹ ਕੀ ਕਰਦਾ ਹੈ?
ਏਸੇ ਕਰਕੇ ਹਰ ਇਕ ਬੰਦਾ ਜੀਂਦਾ ਘੱਟ ਤੇ ਵੱਧ ਮਰਦਾ ਹੈ।

ਇਕ ਦੂਜੇ ਤੋਂ ਏਨੀ ਚੋਰੀ, ਹੱਦੋਂ ਵੱਧ ਗਈ ਬੇਵਿਸ਼ਵਾਸੀ,
ਸੱਜੇ ਹੱਥ ਨੂੰ ਖ਼ਬਰ ਨਾ ਕੋਈ, ਖੱਬਾ ਅੱਜ ਕੱਲ੍ਹ ਕੀ ਕਰਦਾ ਹੈ।

ਦਿਲ ਅੰਦਰ ਕਈ ਨਦੀਆਂ ਨਾਲੇ, ਤਲਖ਼ ਸਮੁੰਦਰ ਸ਼ੋਰੂ ਪਾਵੇ,
ਗ਼ਮ ਦਾ ਕਿੰਨਾ ਡੂੰਘਾ ਟੋਇਆ ਉੱਛਲਦਾ ਪਰ ਨਿੱਤ ਭਰਦਾ ਹੈ।

ਮੰਜ਼ਿਲ ਵੱਲ ਨੂੰ ਪੈਰ ਨਿਰੰਤਰ ਤੁਰਦੇ ਜਾਂਦੇ ਏਸੇ ਕਰਕੇ,
ਇਕ ਰਤਾ ਕੁ ਤੁਰਦਾ ਪਿੱਛੇ, ਦੂਜਾ ਕਦਮ ਅਗਾਂਹ ਧਰਦਾ ਹੈ।



ਸ਼ੀਸ਼ੇ ਅੰਦਰ ਹਰ ਬੰਦਾ ਹੀ ਕਿਉਂ ਨਹੀਂ ਤੱਕਦਾ ਆਪਣਾ ਚਿਹਰਾ,
ਮੇਰਾ ਆਪਣਾ ਆਪਾ ਵੀ ਹੁਣ ਇਸ ਦੇ ਕੋਲੋਂ ਕਿਉਂ ਡਰਦਾ ਹੈ।

ਜਾਨ ਤੋਂ ਪਿਆਰਾ ਆਖਣ ਵਾਲਾ ਅੱਜ-ਕੱਲ੍ਹ ਜੋ ਮੂੰਹ ਫੇਰ ਕੇ ਲੰਘਦੈ,
ਦਿਲ ਤਾਂ ਕਰਦੈ ਪੁੱਛ ਲਵਾਂ ਕਿ ਬਿਨ ਸਾਹਾਂ ਤੋਂ ਕਿੰਜ ਸਰਦਾ ਹੈ।

ਵਿਚ ਹਨ੍ਹੇਰੇ ਤੀਰ ਚਲਾ ਕੇ ਸਮਝ ਰਹੇ ਹਾਂ ਜਿੱਤ ਲਈ ਬਾਜੀ,
ਸੋਨੇ ਦੀ ਲੰਕਾ ਵਿਚ ਬੈਠਾ ਰਾਵਣ ਏਦਾਂ ਕਿੰਜ ਮਰਦਾ ਹੈ?

• **ਗੁਰਭਜਨ ਗਿੱਲ,** *ਮੋਬਾਈਲ : 98726-31199*

ਕੁਤਰ ਕੇ ਖੰਭ ਹੱਸਦੈ, ਫੇਰ ਅੰਬਰ ਵੱਲ ਉਡਾ ਦਿੰਦੈ।
ਉਹ ਪੰਛੀ ਨੂੰ ਉਡਾਰੂ ਹੋਣ ਦੀ ਕੈਸੀ ਸਜਾ ਦਿੰਦੈ।

ਮੈਂ ਕੁਲ ਦੁਨੀਆ 'ਤੇ ਹਾਕਮ ਦੀ ਇਹੀ ਪਹਿਚਾਨ ਦੇਖੀ ਹੈ,
ਹਕੂਮਤ ਵਾਸਤੇ ਸੱਚੇ ਵੀ ਨੀਹਾਂ ਵਿਚ ਚਿਣਾਂ ਦਿੰਦੈ।

ਕਿਸੇ ਡਾਢੇ ਦੀ ਹੱਦ ਅੰਦਰ ਕਿਵੇਂ ਬਚਣੈ ਕਰੋਪੀ ਤੋਂ,
ਸਮਾਂ ਕਮਜ਼ੋਰ ਨੂੰ ਵਲ ਏਸ ਦਾ ਆਪੇ ਸਿਖਾ ਦਿੰਦੈ।

ਜਦੋਂ ਅਪਣੇ 'ਤੇ ਹੋਣੀ ਵਰਤ ਦੀ ਹੈ ਤੜਫਦੈ ਕਾੜ੍ਹੋਂ,
ਨਸੀਬਾਂ ਦੀ ਲਿਖੀ ਕਹਿਕੇ ਜੋ ਸਾਨੂੰ ਹੌਸਲਾ ਦਿੰਦੈ।

ਜੋ ਹੋਰਾਂ ਵਾਸਤੇ ਜੀਂਦੈ, ਸਲਾਹਾਂ ਵਿਚ ਨਹੀਂ ਪੈਂਦਾ,
ਜਦੋਂ ਮੌਕਾ ਮਿਲੇ ਉਹ ਆਪਣਾ ਸਭ ਕੁਝ ਲੁਟਾ ਦਿੰਦੈ।

ਕਦੋਂ ਅਪਣੇ ਬਿਗਾਨੇ ਦੇਖਦੇ ਨੇ ਅੱਗ ਦੇ ਭਾਂਬੜ,
ਪਤਾ ਹੈ ਜਦ ਉਹ ਧੁਖਦੀ ਅੱਗ ਨੂੰ ਕਾੜ੍ਹੋਂ ਹਵਾ ਦਿੰਦੈ।

ਜੋ ਜੀਣਾਂ ਲੋਚਦੈ ਉਹ ਹਸ਼ਰ ਦੀ ਪ੍ਰਵਾਹ ਨਹੀਂ ਕਰਦਾ,
ਬਿਨਾਂ ਆਈ ਤੋਂ ਮਰ ਜਾਂਦੈ ਜੋ ਡਰਦਾ ਸਿਰ ਝੁਕਾ ਦਿੰਦੈ।



ਹੁਣ ਉਹਦਾ ਜ਼ੋਰ ਚੱਲਦਾ ਹੈ ਮਿਰੇ ਤੇ ਬੱਸ ਏਨਾਂ ਹੀ,
ਕਿ ਲਿਖਦੈ ਨਾਂ ਮਿਰਾ ਆਪੇ ਤੇ ਆਪੇ ਹੀ ਮਿਟਾ ਦਿੰਦੈ।

ਉਹ ਨਸ਼ਿਆਂ ਦਾ ਵਿਰੋਧੀ ਹੈ ਤਾਂ ਕਿਉਂ ਮਹਿਬੂਬ ਨੂੰ ਕਹਿੰਦਾ,
ਤਿਰਾ ਤੱਕਣਾ ਤਿਰਾ ਹੱਸਣਾ ਮਿਰੇ ਦਿਲ ਨੂੰ ਨਸ਼ਾ ਦਿੰਦੈ।

ਕਿਵੇਂ ਰੜਕੇ ਨ ਤੇਰਾ 'ਦੀਪ' ਵੀ ਨ੍ਹੇਰੇ ਦੀ ਅੱਖ ਅੰਦਰ,
ਕਿ ਜਿੱਥੇ ਦੇਖਦੈ ਨ੍ਹੇਰਾ, ਪਟੱਕ ਦੀਵਾ ਜਗਾ ਦਿੰਦੈ।

• **ਗੁਰਦੀਪ ਭਾਟੀਆ,** *ਮੋਬਾਈਲ : 94648-89046*

ਹਰ ਕਦਮ 'ਤੇ ਭਾਵੇਂ ਮੇਰੇ ਰਾਹ ਵਿਚ ਔਕੜ ਖੜ੍ਹੀ ਹੈ।
ਫਿਰ ਵੀ ਮੈਂ ਅੱਗੇ ਕਦਮ ਰੱਖਾਂਗਾਂ, ਮੇਰੀ ਇਹੋ ਅੜੀ ਹੈ।

ਸੱਚ ਬੋਲਣ ਵਾਲੇ ਖ਼ਬਰੇ ਕਿੱਥੇ ਗ਼ਾਇਬ ਹੋ ਗਏ ਨੇ,
ਝੂਠ ਬੋਲਣ ਵਾਲਿਆਂ ਦੀ ਚੜ੍ਹ ਮਚੀ ਅੱਜ-ਕੱਲ੍ਹ ਬੜੀ ਹੈ।

ਰੱਬ ਦੇ ਰੰਗਾਂ ਦਾ ਇਸ ਜਗ ਵਿਚ ਹੈ ਕਿਸ ਨੇ ਭੇਤ ਪਾਇਆ,
ਔੜ ਲਾਉਂਦਾ ਹੈ ਕਦੇ ਉਹ ਤੇ ਕਦੇ ਲਾਉਂਦਾ ਝੜੀ ਹੈ।

ਆਪਣੇ ਜੀਵਨ ਦੇ ਬਿਤਾ ਕੇ ਸਾਲ ਚਾਲੀ ਜਾਣਿਆ ਹੈ,
ਇੱਥੇ ਧਨਵਾਨਾਂ ਤੇ ਬੇਈਮਾਨਾਂ ਦੀ ਚੱਲਦੀ ਬੜੀ ਹੈ।



ਮੇਰੇ ਕੋਲੋਂ ਆਸ ਰੱਖੇਗਾ ਕਿਵੇਂ ਸਤਿਕਾਰ ਦੀ ਉਹ,
ਮੇਰੇ ਚਾਵਾਂ ਦੀ ਕਲੀ ਜਿਸ ਦੇ ਦਗ਼ੇ ਸਦਕਾ ਸੜੀ ਹੈ।

ਕਿਸ ਤਰ੍ਹਾਂ ਭੁੱਲ ਜਾਵਾਂ ਮੈਂ ਉਨ੍ਹਾਂ ਨੂੰ ਕੇਵਲ ਤੇਰੇ ਕਰਕੇ,
ਜਿਨ੍ਹਾਂ ਨੇ ਔਖੇ ਦਿਨਾਂ ਦੇ ਵਿਚ ਮੇਰੀ ਉਂਗਲ ਫੜੀ ਹੈ।

ਲੋੜ ਸੀ ਜਦ ਤੇਰੀ ਗੋਡੇ-ਗੋਡੇ ਮੇਰੀ ਜ਼ਿੰਦਗੀ ਨੂੰ,
ਇਕ ਦਿਆਲੂ ਸਾਥੀ ਸਦਕਾ ਬੀਤ ਚੁੱਕੀ ਉਹ ਘੜੀ ਹੈ।

• **ਮਹਿੰਦਰ ਮਾਨ,** ਮੋਬਾਈਲ : 99158-03554



ਹਾਕਮ ਕਰਦਾ ਐਸ਼ ਬਹਾਨੇ ਉੱਨਤੀ ਦੇ।
ਸਭ ਨੇ ਝੂਠੇ-ਝੂਠ ਯਰਾਨੇ ਉੱਨਤੀ ਦੇ।

ਹਲ ਨਾ ਜੋਇਆ ਬੀਜ ਨਾ ਬੋਇਆ ਧਰਤੀ ਵਿਚ,
ਘਰ-ਘਰ ਦੇ ਵਿਚ ਦੇਣ ਫ਼ਸਾਨੇ ਉੱਨਤੀ ਦੇ।

ਟੁੱਟੇ ਸਾਜ਼ਾਂ ਨੂੰ ਘੁਣ ਖਾਈ ਜਾਂਦਾ ਹੈ,
ਗੁੰਗੇ ਦੇ ਮੂੰਹ ਵਿਚ ਤਰਾਨੇ ਉੱਨਤੀ ਦੇ।

ਵਿਚ ਬਹਾਰਾਂ ਪਤਝੜ ਛਾਈ ਫਿਰਦੀ ਏ,
ਗੁਲਸ਼ਨ ਦੇ ਵਿਚ ਵੇਖ ਵੀਰਾਨੇ ਉੱਨਤੀ ਦੇ।

ਲੋਅ ਦੇ ਅੱਗੇ ਵੀ ਕੁਰਬਾਨੀ ਪਾਂਦੇ ਨਹੀਂ,
ਅੱਜ-ਕੱਲ੍ਹ ਦੇ ਵੇਖੇ ਪਰਵਾਨੇ ਉੱਨਤੀ ਦੇ।

ਕੌਣ ਖਵਾਏ ਪੱਟ ਚੀਰ ਕੇ ਸੱਜਣਾਂ ਨੂੰ,
ਆਸ਼ਕ ਨੇ ਡਰਪੋਕ ਦੀਵਾਨੇ ਉੱਨਤੀ ਦੇ।

ਰਿਸ਼ਵਤ, ਠੱਗੀ, ਪੁਰਖਾਵਾਦ ਸਿਆਸਤ ਨੇ,
ਖਾ ਲਏ ਰਾਤੋ-ਰਾਤ ਖ਼ਜ਼ਾਨੇ ਉੱਨਤੀ ਦੇ।

ਸਿਖ਼ਰ ਦੁਪਹਿਰੇ ਜਿਨ੍ਹਾਂ ਵਹੁਟੀ ਲੁੱਟੀ ਹੈ,
ਉਨ੍ਹਾਂ ਗੁੱਟਾਂ ਉੱਪਰ ਬੰਨ੍ਹੇ ਗਾਨੇ ਉੱਨਤੀ ਦੇ।

ਫੁੱਲ ਗੁਲਾਬੀ ਗੁਲਸ਼ਨ ਦੇ ਵਿਚ ਦਿਸਦੇ ਨਹੀਂ,
ਉੱਗ ਰਹੇ ਸਿਰਕੰਡੇ, ਕਾਨੇ ਉੱਨਤੀ ਦੇ।

ਨਕਲ, ਮਿਲਾਵਟ, ਬੇਰੁਜ਼ਗਾਰੀ, ਗ਼ੁਰਬਤ ਨੇ,
ਚੌਪਟ ਕੀਤੇ ਚਾਰੇ ਖ਼ਾਨੇ ਉੱਨਤੀ ਦੇ।

'ਬਾਲਮ' ਹਰ ਇਕ ਦੇ ਵਿਚ ਮੋਰੀ ਹੋਈ ਹੈ,
ਕਿੰਜ ਫੁਲਦੇ ਰੰਗਦਾਰ ਬੁਕਾਨੇ ਉੱਨਤੀ ਦੇ।

• **ਬਲਵਿੰਦਰ 'ਬਾਲਮ',** ਮੋਬਾਈਲ-98156-25409

ਤੂੰ ਦੂਰ ਚਲੀ ਜਾਵੇ ਮੈਥੋਂ, ਮੈਨੂੰ ਕਿੰਜ ਗਵਾਰਾ ਏ।
ਏਨੇ ਵੱਡੇ ਜਗ 'ਚ ਦੱਸੀਂ, ਮੇਰਾ ਕੌਣ ਸਹਾਰਾ ਏ।

ਬੁੱਲ੍ਹਾਂ ਉੱਤੇ ਹਾਸੇ ਮੇਰੇ, ਤੇਰੇ ਕਰਕੇ ਚਮਕਣ ਵੇ,
ਤੇਰੇ ਕਰਕੇ ਹੀ ਤਾਂ ਏਥੇ ਸੁਰਗਾਂ ਵਾਂਗ ਨਜ਼ਾਰਾ ਏ।

ਤੂੰ ਦਰਿਆ ਮੈਂ ਮੱਛੀ ਵਾਂਗੂ ਚਾਹਾਂ ਤੈਨੂੰ ਅਜ਼ਲਾਂ ਤੋਂ,
ਜਾਂ ਉਸ ਚਕਵੀ ਵਾਂਗੂ ਜਿਸ ਦਾ ਜੀਵਨ ਚੰਨ ਪਿਆਰਾ ਏ।



ਠੰਡੇ ਰੁੱਖਾਂ ਵਰਗੀ ਏ ਤੂੰ ਤਪਦੇ ਹਾੜ ਮਹੀਨੇ ਵਿਚ,
ਜਾਂ ਮੈਂ ਰਾਹੀ ਵਿਚ ਹਨੇਰੇ, ਤੂੰ ਚਮਕੀਲਾ ਤਾਰਾ ਏ।

ਤੂੰ ਏ ਫੁੱਲ ਗੁਲਾਬ ਕਿਸੇ ਦੇ ਬਾਗੀ ਰਹਿਮਤ ਭਰਿਆ ਵੇ,
ਮੈਂ ਇਕ ਕੰਡੇ ਭਰਿਆ ਬੂਟਾ ਬਾਗ਼ 'ਚ ਕਰਮਾਂ ਮਾਰਾ ਏ।

ਹਿਜਰਾਂ ਦੇ ਇਹ ਪਲ ਨਿਰਮੋਹੇ ਮਾਰਨ ਥੋੜ੍ਹਾ ਥੋੜ੍ਹਾ ਵੇ,
ਮੋੜ ਮੁਹਾਰਾਂ ਛੇਤੀ ਹੁਣ ਤਾਂ ਔਖਾ ਬਹੁਤ ਗੁਜ਼ਾਰਾ ਏ।

• **ਬਿਸ਼ੰਬਰ ਅਵਾਂਖੀਆ,** ਮੋਬਾਈਲ : 97818-25255

ਨਹੀਂ ਚਾਹਿਆ ਸੀ ਤੜਪਦੇ ਸਾਹਾਂ ਨੂੰ ਸੇਕਣਾ।
ਮੈਂ ਲੋਚਦਾ ਸਾਂ ਮੌਲਦੀਆਂ ਧੜਕਣਾਂ ਮੇਚਣਾ।

ਉਘੜ-ਦੁੱਗੜ ਬੇਖ਼ਾਬ ਸਾਹਾਂ ਦੀ ਚਲੋ-ਚਲੀ,
ਨਹੀਂ ਦੋਸਤੋ ਏਹ ਨਹੀਂ ਜ਼ਿੰਦਗੀ ਦੀ ਵੇਦਨਾ।



ਮੈਨੂੰ ਤਾਂ ਹਰ ਨੇ ਪੜ੍ਹਿਐ ਖੁੱਲ੍ਹੇ ਖ਼ਤ ਵਾਂਗਰਾਂ,
ਔਪਰ ਆਪਣੇ ਦਿਲ ਦਾ ਦਿੱਤਾ ਕਿਸੇ ਭੇਤ ਨਾ।

ਸੁੱਤ-ਉਨੀਂਦੇ ਨੈਣੀਂ ਮਰਨ ਜੋ ਸੁਪਨੇ ਉਮਰਾਂ ਦੇ,
ਪੱਥਰਾ ਜਾਂਦੇ ਬੰਦਾ ਨਾਲੇ ਉਹਦੀ ਸੰਵੇਦਨਾ।

ਉਹਦੇ ਨਾਂ ਮੁਹੱਬਤੀ ਖ਼ਤ ਲਿਖਿਆ ਦੇਰਾਂ ਤੋਂ,
ਝਿਜਕ ਜਾਣੈ ਜਦ ਵੀ ਚਹੁੰਦਾ ਉਹਨੂੰ ਭੇਜਣਾ।

• **ਪਰਦੀਪ ਮਹਿਤਾ,** *ਮੋਬਾਈਲ : 94645-87013*

## ਸੰਪਾਦਕੀ

# ਯੂਕਰੇਨੀ ਵਿਦੇਸ਼ ਮੰਤਰੀ ਦਾ ਦੌਰਾ

ਯੂਕਰੇਨ ਦੇ ਵਿਦੇਸ਼ ਮੰਤਰੀ ਦਿਮਿਤਰੋ ਕੁਲੇਬਾ ਵੱਲੋਂ ਪਿਛਲੇ ਹਫ਼ਤੇ ਕੀਤੇ ਗਏ ਦੋ ਰੋਜ਼ਾ ਦੌਰੇ ਦਾ ਮਤਲਬ ਮਹਿਜ਼ ਦੁਵੱਲੇ ਰਿਸ਼ਤਿਆਂ ਨੂੰ ਕਾਇਮ ਰੱਖਣ ਲਈ ਰਸਮੀ ਵਿਚਾਰ-ਵਟਾਂਦਰਾ ਕਰਨਾ ਨਹੀਂ ਸੀ। ਭਾਰਤ ਦੇ ਕਰੀਬੀ ਰਣਨੀਤਕ ਸਾਥੀ ਰੂਸ ਨਾਲ ਦੋ ਸਾਲ ਪਹਿਲਾਂ ਸ਼ੁਰੂ ਹੋਈ ਜੰਗ ਤੋਂ ਬਾਅਦ ਕੁਲੇਬਾ ਦਾ ਇਹ ਪਹਿਲਾ ਭਾਰਤ ਦੌਰਾ ਸੀ। ਵਿਦੇਸ਼ ਮੰਤਰੀ ਦੇ ਇਸ ਦੌਰੇ ਨੂੰ ਪ੍ਰਵਾਨਗੀ ਇਸ ਮਹੀਨੇ ਦੇ ਸ਼ੁਰੂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਯੂਕਰੇਨੀ ਰਾਸ਼ਟਰਪਤੀ ਵਲੋਦੀਮੀਰ ਜ਼ੈਲੇਂਸਕੀ ਦਰਮਿਆਨ ਹੋਈ ਉੱਚ ਪੱਧਰੀ ਵਾਰਤਾ ਦੌਰਾਨ ਦਿੱਤੀ ਗਈ। ਸਮਝਿਆ ਜਾ ਰਿਹਾ ਹੈ ਕਿ ਉਸੇ ਦਿਨ ਪ੍ਰਧਾਨ ਮੰਤਰੀ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਵੀ ਗੱਲਬਾਤ ਕੀਤੀ ਸੀ ਕਿਉਂਕਿ ਜੰਗ ਲੱਗਣ ਤੋਂ ਬਾਅਦ ਭਾਰਤ ਨੇ ਪੱਛਮ ਵੱਲੋਂ ਠੁਕਰਾਈਆਂ ਗਈਆਂ ਰੂਸੀ ਵਸਤਾਂ ਖਰੀਦਣੀਆਂ ਸ਼ੁਰੂ ਕੀਤੀਆਂ ਸਨ ਜਿਸ ਨਾਲ ਹਿੰਦ-ਰੂਸ ਸਬੰਧ ਹੋਰ ਮਜ਼ਬੂਤ ਹੋਏ।

ਭਾਰਤ ਅਤੇ ਰੂਸ ਦਰਮਿਆਨ ਗਹਿਰੀ ਰਣਨੀਤਕ ਨੇੜਤਾ ਦਾ ਮਤਲਬ ਹੈ ਕਿ ਨਵੇਂ ਖੇਤਰਾਂ ਤੇ ਪ੍ਰਾਜੈਕਟਾਂ ਵਿੱਚ ਨਵੀਂ ਦਿੱਲੀ ਨਾਲ ਤਾਲਮੇਲ ਬਾਰੇ ਯੂਕਰੇਨ ਦੇ ਵਿਦੇਸ਼ ਮੰਤਰੀ ਕੁਲੇਬਾ ਦੀਆਂ ਖ਼ਾਹਿਸ਼ਾਂ ਨੂੰ ਪੂਰਾ ਹੋਣ ਵਿਚ ਅਜੇ ਹੋਰ ਸਮਾਂ ਲੱਗੇਗਾ। ਇਸ ਦਾ ਵੱਡਾ ਕਾਰਨ ਭਾਰਤ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਵੀ ਹਨ। ਯੂਕਰੇਨ ਫਿ ?ਲਹਾਲ ਸਵਿਟਜ਼ਰਲੈਂਡ ਵੱਲੋਂ ਕਰਵਾਏ ਜਾ ਰਹੇ ਸ਼ਾਂਤੀ ਸੰਮੇਲਨ ਵਿਚ ਭਾਰਤ ਦੀ ਉੱਚ ਪੱਧਰੀ ਹਿੱਸੇਦਾਰੀ ਨੂੰ ਯਕੀਨੀ ਬਣਾਉਣ ਵਿੱਚ ਜਿ ?ਆਦਾ ਦਿਲਚਸਪੀ ਲੈ ਰਿਹਾ ਹੈ। ਰੂਸ-ਯੂਕਰੇਨ ਟਕਰਾਅ ਲਈ ਕਿਸੇ ਇਕ ਧਿਰ ਨੂੰ ਜਿ ?ਮੇਵਾਰ ਨਾ ਠਹਿਰਾਉਣ ਅਤੇ ਸੰਕਟ ਦੇ ਹੱਲ ਲਈ ਲਗਾਤਾਰ ਸੰਵਾਦ ਤੇ ਕੂਟਨੀਤੀ ਉੱਤੇ ਜ਼ੋਰ ਦੇਣ ਕਾਰਨ ਭਾਰਤ ਸੰਭਾਵੀ ਸਾਲਸ ਦੀ ਭੂਮਿਕਾ ਨਿਭਾ ਸਕਦਾ ਹੈ।

ਉਂਝ, ਇਹ ਸ਼ਾਂਤੀ ਸੰਮੇਲਨ ਕਈ ਪ੍ਰਕਾਰ ਦੇ ਅੜਿ ?ਕਿਆਂ ਤੇ ਵਿਰੋਧਾਭਾਸ ਨਾਲ ਭਰਿਆ ਪਿਆ ਹੈ। ਸਭ ਤੋਂ ਵੱਡਾ ਅੜਿ ?ਕਾ ਜੰਗ ਦੀ ਮੁੱਖ ਧਿਰ ਰੂਸ ਨੂੰ ਹੀ ਸੰਮੇਲਨ ਵਿਚੋਂ ਬਾਹਰ ਰੱਖਣਾ ਹੈ। ਜ਼ੈਲੇਂਸਕੀ ਦੀ ਸ਼ਾਂਤੀ ਯੋਜਨਾ ਦੇ ਮੌਜੂਦਾ ਖਾਕੇ ਨਾਲ ਰੂਸ ਕਦੇ ਸਹਿਮਤ ਨਹੀਂ ਹੋਵੇਗਾ ਕਿਉਂਕਿ ਇਸ ਵਿੱਚ ਰੂਸ ਨੂੰ ਕਬਜ਼ੇ ਵਾਲੇ ਸਾਰੇ ਇਲਾਕਿਆਂ ਵਿਚੋਂ ਨਿਕਲਣ ਲਈ ਕਿਹਾ ਗਿਆ ਹੈ। ਬੈਠਕ ਦਾ ਏਜੰਡਾ ਅਜੇ ਮੁਕੰਮਲ ਨਹੀਂ ਹੈ ਕਿਉਂਕਿ ਕੋਈ ਤਰੀਕ ਤੈਅ ਨਹੀਂ ਹੋਈ ਅਤੇ ਨਾ ਹੀ ਨੁਮਾਇੰਦਗੀ ਬਾਰੇ ਕੋਈ ਫੈਸਲਾ ਹੋਇਆ ਹੈ। 'ਗਲੋਬਲ ਸਾਊਥ' ਦੇ ਹੋਰ ਵੱਡੇ ਮੁਲਕਾਂ ਦੇ ਸੰਮੇਲਨ 'ਚ ਹਿੱਸਾ ਲੈਣ ਜਾਂ ਨਾ ਲੈਣ ਬਾਰੇ ਵੀ ਕੁਝ ਸਪੱਸ਼ਟ ਨਹੀਂ ਹੈ। ਫਿਰ ਵੀ ਭਾਰਤ ਦੀ ਸ਼ਮੂਲੀਅਤ ਪੱਕੀ ਲੱਗ ਰਹੀ ਹੈ ਜੋ ਸ਼ੁਰੂਆਤੀ ਪੱਧਰ 'ਤੇ ਜੰਗ ਖ਼ਤਮ ਕਰਨ ਦਾ ਭਰੋਸੇਮੰਦ ਜ਼ਰੀਆ ਬਣ ਸਕਦੀ ਹੈ। ਇਸ ਜੰਗ ਦਾ ਡਾਢਾ ਅਸਰ ਸੰਸਾਰ ਪੱਧਰ 'ਤੇ ਦੇਖਣ ਨੂੰ ਮਿਲ ਰਿਹਾ ਹੈ। ਹੋਰ ਅਸਰਾਂ ਦੇ ਨਾਲ-ਨਾਲ ਸੰਸਾਰ ਪੱਧਰ 'ਤੇ ਮਹਿੰਗਾਈ ਵਿਚ ਚੋਖਾ ਵਾਧਾ ਵੀ ਹੋਇਆ ਹੈ। ਕਈ ਮੁਲਕਾਂ ਵਿੱਚ ਤਾਂ ਸਮੁੱਚਾ ਅਰਥਚਾਰਾ ਹੀ ਡਾਵਾਂਡੋਲ ਹੋਣ ਵਾਲੀ ਹਾਲਤ ਤੱਕ ਪੁੱਜ ਗਿਆ ਹੈ। ਅਰਥਚਾਰਿਆਂ ਬਾਰੇ ਜਿਹੜੇ ਅੰਕੜੇ ਆ ਰਹੇ ਹਨ, ਉਨ੍ਹਾਂ ਵਿੱਚ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਵੱਖ-ਵੱਖ ਮੁਲਕਾਂ ਅੰਦਰ ਅਮੀਰਾਂ ਅਤੇ ਗਰੀਬਾਂ ਵਿਚਕਾਰ ਪਾੜਾ ਚਿੰਤਾਜਨਕ ਹੱਦ ਤੱਕ ਵਧ ਰਿਹਾ ਹੈ। ਇਸ ਦਾ ਵੱਡਾ ਕਾਰਨ ਤਾਂ ਭਾਵੇਂ ਕਾਰਪੋਰੇਟ ਨੀਤੀਆਂ ਨੂੰ ਗਿਣਿਆ ਜਾ ਰਿਹਾ ਹੈ ਪਰ ਜੰਗ ਨੇ ਬਿਨਾਂ ਸ਼ੱਕ ਅਰਥਚਾਰਿਆਂ ਨੂੰ ਹਲੂਣਾ ਦਿੱਤਾ ਹੈ।

# ਗ਼ੈਰ-ਕਾਨੂੰਨੀ ਖਣਨ ਅਤੇ ਸਜ਼ਾ

ਕੌਮੀ ਗਰੀਨ ਟ੍ਰਿਬਿਊਨਲ (ਐੱਨਜੀਟੀ) ਦੀਆਂ ਹਾਲ ਹੀ ਵਿਚ ਆਈਆਂ ਹਦਾਇਤਾਂ ਨੇ ਗ਼ੈਰ-ਕਾਨੂੰਨੀ ਖ਼ਣਨ ਨਾਲ ਨਜਿੱਠਣ 'ਚ ਹਰਿਆਣਾ ਸਰਕਾਰ ਦੀ ਪਹੁੰਚ ਵਿਚਲੀਆਂ ਖਾਮੀਆਂ ਸਾਹਮਣੇ ਲਿਆਂਦੀਆਂ ਹਨ। ਵਾਤਾਵਰਨ ਦੀ ਰਾਖੀ ਨੂੰ ਤਰਜੀਹ ਨਾ ਦੇਣਾ ਚਿੰਤਾਜਨਕ ਹੈ। ਹਰਿਆਣਾ ਸਰਕਾਰ ਦੇ ਖਣਿਜ ਪਦਾਰਥਾਂ ਦੀ ਮਨਜ਼ੂਰੀ, ਭੰਡਾਰਨ ਅਤੇ ਟਰਾਂਸਪੋਰਟ ਨਾਲ ਸਬੰਧਿਤ ਨਿਯਮਾਂ (2012) ਦੇ ਰੂਲ 104 ਦੀ ਟ੍ਰਿਬਿਊਨਲ ਵੱਲੋਂ ਕੀਤੀ ਪੜਤਾਲ ਮੁਤਾਬਿਕ ਵਾਤਾਵਰਨ ਦਾ ਨੁਕਸਾਨ ਕਰਨ ਵਾਲਿਆਂ 'ਤੇ ਹਰਜਾਨਾ ਲਾਉਣ ਅਤੇ ਵਸੂਲਣ ਵਿਚ ਸਰਕਾਰ ਨੇ ਢਿੱਲ ਦਿਖਾਈ ਹੈ। ਇਸ ਨਾਲ ਸਬੰਧਿਤ ਮਾਪਦੰਡਾਂ (ਐੱਸਓਪੀ) ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਮਾਮਲੇ ਦੇ ਕੇਂਦਰ 'ਚ ਰੂਲ 104 ਦੀ ਉਹ ਤਜਵੀਜ਼ ਹੈ ਜਿਸ ਵਿਚ ਗ਼ੈਰ-ਕਾਨੂੰਨੀ ਮਾਈਨਿੰਗ ਕਰਨ ਵਾਲੇ ਨੂੰ ਪਹਿਲੇ ਦੋ ਅਪਰਾਧਾਂ ਲਈ ਐੱਫਆਈਆਰ ਤੋਂ ਛੋਟ ਦਿੱਤੀ ਗਈ ਹੈ ਜਿਸ ਤੋਂ ਸੰਵਿਧਾਨਕ ਤਜਵੀਜ਼ਾਂ ਅਤੇ ਨਿਆਂਪਾਲਿਕਾ ਦੇ ਨਿਰਦੇਸ਼ਾਂ ਮੁਤਾਬਕ ਪਾਲਣਾ ਯਕੀਨੀ ਬਣਾਉਣ 'ਤੇ ਸਵਾਲ ਖੜ੍ਹੇ ਹੋਏ ਹਨ। ਅਜਿਹੀ ਢਿੱਲ ਨਾ ਸਿਰਫ ਗ਼ੈਰ-ਕਾਨੂੰਨੀ ਖਣਨ ਦੀ ਗੰਭੀਰਤਾ ਨੂੰ ਘਟਾ ਕੇ ਪੇਸ਼ ਕਰਦੀ ਹੈ ਬਲਕਿ ਸਖ਼ਤ ਕਾਨੂੰਨੀ ਕਾਰਵਾਈ ਦੇ ਬਦਲ ਨੂੰ ਵੀ ਕਮਜ਼ੋਰ ਕਰਦੀ ਹੈ। ਇਸ ਦੇ ਨਾਲ ਹੀ ਇਹ ਤੱਥ ਵੀ ਵਧੇਰੇ ਧਿਆਨ ਦੀ ਮੰਗ ਕਰਦਾ ਹੈ ਕਿ ਪਿਛਲੇ ਸਮੇਂ ਦੌਰਾਨ ਗ਼ੈਰ-ਕਾਨੂੰਨੀ ਖਣਨ ਰੋਕਣ ਵਾਲੇ ਕੁਝ ਅਫਸਰਾਂ ਨੂੰ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਹੈ। ਕੁਝ ਮਾਮਲਿਆਂ ਵਿਚ ਤਾਂ ਗ਼ੈਰ-ਕਾਨੂੰਨੀ ਖਣਨ ਰੋਕਣ ਗਏ ਅਫਸਰ ਦੀ ਜਾਨ ਤੱਕ ਲੈ ਲਈ ਗਈ।

ਐੱਨਜੀਟੀ ਵੱਲੋਂ ਰਾਜ ਸਰਕਾਰ ਦੇ ਮਾਪਦੰਡਾਂ ਦੀ ਆਲੋਚਨਾ ਕਰਨਾ ਖਾਸ ਤੌਰ 'ਤੇ ਸਮੇਂ ਸਿਰ ਹਰਜਾਨਾ ਨਾ ਵਸੂਲਣ 'ਤੇ ਸਰਕਾਰ ਨੂੰ ਪਾਈ ਫਿਟਕਾਰ ਨਾਲ ਪ੍ਰਸ਼ਾਸਕੀ ਕਮੀਆਂ ਉਜਾਗਰ ਹੋਈਆਂ ਹਨ। ਇਸ ਤੋਂ ਇਰਾਦਿਆਂ ਅਤੇ ਅਮਲੀ ਕਾਰਵਾਈ ਵਿਚਲਾ ਫ਼ਰਕ ਸਪੱਸ਼ਟ ਤੌਰ 'ਤੇ ਉੱਘੜਦਾ ਹੈ ਤੇ ਵਾਤਾਵਰਨ ਨਾਲ ਜੁੜੇ ਨਿਯਮਾਂ ਨੂੰ ਲਾਗੂ ਕਰਾਉਣ 'ਚ ਢਾਂਚਾਗਤ ਨਾਕਾਮੀ ਵੀ ਦਿਖਦੀ ਹੈ। ਅਰਾਵਲੀ ਖੇਤਰ ਵਿਚ ਗ਼ੈਰ-ਕਾਨੂੰਨੀ ਖਣਨ ਨਾਲ ਨਜਿੱਠਣ ਲਈ ਠੋਸ ਕਦਮਾਂ ਦੀ ਅਣਹੋਂਦ, ਤੇ ਨਾਲ ਹੀ ਸਥਾਪਿਤ ਹਦਾਇਤਾਂ ਤੇ ਨਿਰਦੇਸ਼ਾਂ ਬਾਰੇ ਸਾਂਝੀ ਕਮੇਟੀ ਦੇ ਫ਼ਤਵੇ ਦੀ ਬੇਕਦਰੀ 'ਚੋਂ ਵਾਤਾਵਰਨ ਦੇ ਮੁੱਦਿਆਂ ਪ੍ਰਤੀ ਸੰਜੀਦਗੀ ਦੀ ਘਾਟ ਝਲਕਦੀ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਹਰਿਆਣਾ ਸਰਕਾਰ ਨਾਜਾਇਜ਼ ਮਾਈਨਿੰਗ ਨਾਲ ਸਬੰਧਿਤ ਆਪਣੇ ਮਾਪਦੰਡਾਂ ਦੀ ਪ੍ਰਕਿਰਿਆ ਤੇ ਨਿਯਮਾਂ ਦੇ ਢਾਂਚੇ ਨੂੰ ਵਿਆਪਕ ਸਮੀਖਿਆ ਅਧੀਨ ਲਿਆਏ। ਟ੍ਰਿਬਿਊਨਲ ਵੱਲੋਂ ਜਤਾਈਆਂ ਗਈਆਂ ਚਿੰਤਾਵਾਂ 'ਤੇ ਤੁਰੰਤ ਕਦਮ ਚੁੱਕੇ ਜਾਣ ਤੇ ਵਾਤਾਵਰਨ ਦੀ ਰਾਖੀ ਲਈ ਸਰਕਾਰ ਦੀ ਪਹੁੰਚ ਅੰਦਰਲੀਆਂ ਖਾਮੀਆਂ ਨੂੰ ਸੁਧਾਰਿਆ ਜਾਵੇ। ਢੁੱਕਵੇਂ ਹਿੱਤਧਾਰਕਾਂ ਵਿਚਾਲੇ ਸਹਿਯੋਗ ਅਤੇ ਸਾਂਝ 'ਚ ਵਾਧਾ ਕਰ ਕੇ ਨਾਜਾਇਜ਼ ਖ਼ਣਨ ਦਾ ਬਿਹਤਰ ਤਰੀਕੇ ਨਾਲ ਟਾਕਰਾ ਕੀਤਾ ਜਾ ਸਕਦਾ ਹੈ ਅਤੇ ਕੁਦਰਤੀ ਸਰੋਤਾਂ ਨੂੰ ਵੀ ਬਚਾਇਆ ਜਾ ਸਕਦਾ ਹੈ। ਅਸਲ ਵਿਚ ਵਿਕਾਸ ਦਾ ਜਿਹੜਾ ਮਾਡਲ ਹੁਣ ਪ੍ਰਚਲਿਤ ਹੋ ਗਿਆ ਹੈ, ਉਸ ਵਿਚ ਵਾਤਾਵਰਨ ਦੀ ਰਾਖੀ ਅਤੇ ਇਸ ਦੇ ਬਚਾਓ ਲਈ ਕੋਈ ਉਚੇਚ ਨਹੀਂ ਕੀਤਾ ਜਾ ਰਿਹਾ। ਦੂਜੇ ਬੰਨੇ, ਵੱਧ ਤੋਂ ਵੱਧ ਮੁਨਾਫੇ ਲਈ ਮੌਜੂਦਾ ਨੇਮਾਂ ਦੀ ਸ਼ਰੇਆਮ ਉਲੰਘਣਾ ਕੀਤੀ ਜਾ ਰਹੀ ਹੈ। ਇਸ ਲਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਟਿਕਾਊ ਭਵਿੱਖ ਦੇਣ ਲਈ ਵਾਤਾਵਰਨ ਦੀ ਰਾਖੀ ਪ੍ਰਤੀ ਵਚਨਬੱਧਤਾ ਰੱਖਣੀ ਅਤੇ ਸਾਂਝੇ ਉਪਰਾਲੇ ਤਾਂ ਜ਼ਰੂਰੀ ਹਨ ਹੀ, ਵਿਕਾਸ ਮਾਡਲ ਬਾਰੇ ਵੀ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ।

# ਉੱਘੇ ਲੱਦਾਖੀ ਖੋਜੀ ਵਾਂਗਚੁਕ ਦੀ ਭੁੱਖ ਹੜਤਾਲ ਦੇ ਮਾਇਨੇ

**ਰਾਜੇਸ਼ ਰਾਮਚੰਦਰਨ**

ਪਿਛਲਾ ਹਫ਼ਤਾ ਈਸਾ ਮਸੀਹ ਦੇ ਸਿਦਕ (ਪੈਸ਼ਨ) ਦਾ ਹਫ਼ਤਾ ਸੀ- ਸ਼ਬਦ 'ਪੈਸ਼ਨ' ਦੀ ਉਤਪਤੀ ਲਾਤੀਨੀ ਸ਼ਬਦ 'ਪੈਸੀਓ' ਤੋਂ ਹੋਈ ਜਿਸ ਦਾ ਇਕ ਅਰਥ ਦੁੱਖ ਦਰਦ ਵੀ ਹੈ। ਦੁੱਖ ਅਤੇ ਮੌਤ ਲਈ ਪ੍ਰਾਰਥਨਾਪੂਰਨ ਅਧੀਨਗੀ ਜੋ ਪੁਨਰ ਜਨਮ ਅਤੇ ਸਦੀਵੀ ਜੀਵਨ ਨੂੰ ਸਮਰੱਥ ਬਣਾਉਂਦੀ ਹੈ, ਸਾਰੀਆਂ ਸੱਭਿਅਤਾਵਾਂ ਦੇ ਉਘੜਵੇਂ ਨਿਸ਼ਾਨ ਹਨ ਅਤੇ ਅਧਿਆਤਮਕ ਸ਼ੁੱਧੀ ਵਜੋਂ ਰੀਤੀ-ਰਿਵਾਜ਼ਾਂ ਨੂੰ ਮੁੜ ਲਾਗੂ ਕੀਤਾ ਗਿਆ ਹੈ। ਰਾਜਨੀਤੀ ਵਿੱਚ ਇਹ ਵਿਰੋਧ ਦੀ ਸਿਖਰਲੀ ਕਿਰਿਆ ਦੇ ਰੂਪ ਵਿਚ ਸ਼ਹਾਦਤ ਵਜੋਂ ਸਾਕਾਰ ਹੁੰਦੀ ਹੈ। ਮਹਾਤਮਾ ਗਾਂਧੀ ਦਾ ਸੱਤਿਆਗ੍ਰਹਿ ਬਹੁਤ ਸਾਰੇ ਲੋਕਾਂ ਲਈ ਇਸ ਤਪੱਸਿਆ ਦਾ ਸਭ ਤੋਂ ਸਫਲ ਪੁਨਰ-ਨਿਰਮਾਣ ਸੀ ਜਿਸ ਤਹਿਤ ਉਹ ਸੱਤਿਆਗ੍ਰਹੀ ਖ਼ੁਦ ਨੂੰ ਸਭ ਤੋਂ ਵੱਧ ਤਕਲੀਫ਼ ਦਿੰਦੇ ਹਨ ਜੋ ਉਹ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਆਜ਼ਾਦੀ ਦੀ ਨਵੀਂ ਸਵੇਰ ਵੱਲ ਤੁਰਨ ਦੀ ਸੱਧਰ ਰੱਖਦੇ ਹੋਣ।



ਪਿਛਲੇ ਹਫ਼ਤੇ ਹੀ ਉੱਘੇ ਲੱਦਾਖੀ ਖੋਜੀ, ਸਿੱਖਿਆਦਾਨੀ ਅਤੇ ਜਲਵਾਯੂ ਤਬਦੀਲੀ ਦੇ ਕਾਰਕੁਨ ਸੋਨਮ ਵਾਂਗਚੁਕ ਨੇ ਹਿਮਾਲਿਆ ਦੀ ਰਾਖੀ ਲਈ ਆਪਣੀ 21 ਦਿਨਾ ਭੁੱਖ ਹੜਤਾਲ ਖ਼ਤਮ ਕੀਤੀ। ਉਨ੍ਹਾਂ ਦੇ ਵਰਤ ਦੀ ਵੱਖ-ਵੱਖ ਸਮਾਜਿਕ ਸਿਆਸੀ ਅਤੇ ਰਹੁ-ਰੀਤਾਂ ਦੇ ਪੱਧਰ 'ਤੇ ਬਹੁਤ ਸੰਕੇਤਕ ਮਹੱਤਤਾ ਹੈ। ਗਾਂਧੀ ਦਾ ਸਭ ਤੋਂ ਲੰਮਾ ਵਰਤ 21 ਦਿਨ ਚੱਲਿਆ ਸੀ; ਵਾਂਗਚੁਕ ਨੇ ਕੇਂਦਰ ਸਰਕਾਰ ਅਤੇ ਇਸ ਦੀ ਨੌਕਰਸ਼ਾਹੀ ਖਿਲਾਫ਼ ਆਪਣੇ ਇਸ ਵਿਰੋਧ ਦੇ ਰਾਹ 'ਤੇ ਇਸ ਪੈਮਾਨੇ ਨੂੰ ਕਾਇਮ ਰੱਖਿਆ ਹੈ। ਉਨ੍ਹਾਂ ਦੀਆਂ ਮੰਗਾਂ ਨੂੰ ਗਹੁ ਨਾਲ ਪੜ੍ਹਨ ਦੀ ਲੋੜ ਹੈ, ਖ਼ਾਸ ਕਰ ਪਾਰਲੀਮੈਂਟ ਵਿਚ ਕੁਦਰਤ ਦੇ ਨੁਮਾਇੰਦਿਆਂ ਨਾਲ ਜੁੜੀ ਮੰਗ ਧਿਆਨ ਖਿੱਚਦੀ ਹੈ।

ਇਹ ਗੱਲ ਅਜੀਬ ਲੱਗ ਸਕਦੀ ਹੈ ਪਰ 'ਕੁਦਰਤ ਦੇ ਤਰਜਮਾਨ' ਦੀ ਬਹੁਤ ਜਿ ?ਆਦਾ ਤੁੱਕ ਬਣਦੀ ਹੈ। ਲੱਦਾਖ ਦੇ 60 ਹਜ਼ਾਰ ਵਰਗ ਕਿਲੋਮੀਟਰ ਖੇਤਰ ਲਈ ਸਿਰਫ਼ ਇਕ ਸੰਸਦ ਮੈਂਬਰ ਹੈ ਜਿਸ ਦੀ ਆਵਾਜ਼ ਨਹੀਂ ਸੁਣੀ ਜਾਂਦੀ। ਲੱਦਾਖ 'ਤੇ 5 ਅਗਸਤ 2019 ਤੋਂ ਨੌਕਰਸ਼ਾਹਾਂ ਦਾ ਰਾਜ ਹੈ ਜਦੋਂ ਜੰਮੂ ਕਸ਼ਮੀਰ ਰਾਜ ਭੰਗ ਕਰ ਦਿੱਤਾ ਗਿਆ ਸੀ। ਭਾਜਪਾ ਨੇ 2019 ਦੀਆਂ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਨੂੰ ਸੰਵਿਧਾਨ ਦੇ ਛੇਵੇਂ ਸ਼ਡਿਊਲ ਵਿਚ ਸ਼ਾਮਿਲ ਕਰਵਾਇਆ ਜਾਵੇਗਾ ਪਰ ਮੁੜ ਕੇ ਇਸ ਦੀ ਬਾਤ ਨਹੀਂ ਪੁੱਛੀ। ਭਾਰਤੀ ਰਿਆਸਤ/ਸਟੇਟ ਦੇ ਸਿਰ ਦੇ ਤਾਜ ਵਜੋਂ ਜਾਣੇ ਜਾਂਦੇ ਇਸ ਖੇਤਰ ਵਿਚ ਸਿਆਸੀ ਖਲਾਅ ਪੈਦਾ ਹੋ ਗਿਆ ਹੈ ਜੋ ਮਾਯੂਸਕੁਨ ਤੇ ਖ਼ਤਰਨਾਕ ਸਥਿਤੀ ਹੈ। ਮਨਫ਼ੀ 12 ਡਿਗਰੀ ਦੀ ਠੰਢ ਵਿਚ 300 ਸਤਿਆਗ੍ਰਹੀਆਂ ਨਾਲ ਵਰਤ ਰੱਖ ਕੇ ਅਤੇ ਖੁੱਲ੍ਹੇ ਅਸਮਾਨ ਹੇਠ ਸੌਂ ਕੇ ਵਾਂਗਚੁਕ ਨੇ ਆਪਣੇ ਸਰੀਰ 'ਤੇ ਕਸ਼ਟ ਝੱਲ ਕੇ ਲੋਕਾਂ ਨੂੰ ਇਹ ਦੇਖਣ ਲਈ ਮਜਬੂਰ ਕੀਤਾ ਕਿ ਲੱਦਾਖ ਵਿਚ ਸਰਕਾਰ ਦਾ ਵਿਕਾਸ ਦਾ ਰਾਹ ਖ਼ਤਰਨਾਕ ਹੈ।

ਲੱਦਾਖ ਆਲਮੀ ਟਕਰਾਅ ਦਾ ਬਿੰਦੂ ਵੀ ਹੈ। ਪਰਮਾਣੂ ਹਥਿਆਰਾਂ ਨਾਲ ਲੈਸ ਦੁਨੀਆ ਦੀਆਂ ਦੋ ਵੱਡੀਆਂ ਤਾਕਤਾਂ ਇੱਥੇ ਆਹਮੋ-ਸਾਹਮਣੇ ਹਨ। ਇਸ ਤੋਂ ਇਲਾਵਾ ਇਹ ਜਲਵਾਯੂ ਤਬਦੀਲੀ ਦਾ ਬਿੰਦੂ ਹੈ ਜਿਸ ਦੇ ਨਾਜ਼ੁਕ ਚੌਗਿਰਦੇ ਅਤੇ ਇਸ ਦੇ ਗਲੇਸ਼ੀਅਰ ਬਚਾ ਕੇ ਰੱਖਣ ਦੀ ਲੋੜ ਹੈ। ਲੱਦਾਖ ਵਿਚ ਸਿਆਸੀ ਨੁਮਾਇੰਦਗੀ ਦੀ ਲੜਾਈ ਰਾਜਸੱਤਾ ਦੀਆਂ ਸਹੂਲਤਾਂ ਲਈ ਨਹੀਂ ਸਗੋਂ ਖੁਸ਼ਕ ਪਹਾੜੀਆਂ ਦੀ ਰਾਖੀ ਅਤੇ ਲੱਦਾਖੀ ਲੋਕਾਂ ਦੇ ਮਨਾਂ ਵਿਚ ਉਪਜੇ ਸ਼ੰਕੇ ਦੂਰ ਕਰਨ ਲਈ ਹੈ ਜੋ ਚੀਨ ਦੀਆਂ ਵਿਉਂਤਾਂ ਖਿਲਾਫ਼ ਰੱਖਿਆ ਦੀ ਪਹਿਲੀ ਕਤਾਰ ਹਨ। ਵਾਂਗਚੁਕ ਦਾ ਸਤਿਆਗ੍ਰਹਿ ਕੌਮੀ ਕਾਜ ਹੈ। ਉਹ ਲੱਦਾਖ ਨੂੰ ਰਾਜ ਦਾ ਦਰਜਾ ਦੇਣ ਅਤੇ ਯੂਟੀ ਨੂੰ ਛੇਵੇਂ ਸ਼ਡਿਊਲ ਵਿਚ ਦਰਜ ਕਰਨ ਦੀ ਮੰਗ ਕਰ ਰਹੇ ਹਨ। ਇਸ ਅਨੁਸੂਚੀ ਤਹਿਤ ਜ਼ਿਲ੍ਹਾ ਅਤੇ ਖੇਤਰੀ ਕੌਂਸਲਾਂ ਕੌਮੀ ਸੁਰੱਖਿਆ ਦੇ ਹਿੱਤਾਂ ਲਈ ਕੀਤੇ ਜਾਣ ਵਾਲੇ ਫ਼ੈਸਲਿਆਂ ਦੇ ਰਾਹ ਵਿਚ ਅੜਿ ?ਕੇ ਖੜ੍ਹੇ ਕਰ ਸਕਦੀਆਂ ਹਨ ਪਰ ਇਸ ਦਾ ਹਿਰ ਮਤਲਬ ਨਹੀਂ ਕਿ ਲੱਦਾਖ ਸਨਅਤੀ ਲੈਂਡ ਅਲਾਟਮੈਂਟ ਨੀਤੀ-2023 ਦਾ ਐਲਾਨ ਕਰਦਿਆਂ ਮੁਕਾਮੀ ਲੋਕਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਜਾਵੇ। ਇਸ ਨੀਤੀ ਵਿਚ ਜ਼ਮੀਨ ਅਲਾਟ ਕਰਨ ਲਈ ਸਿੰਗਲ ਵਿੰਡੋ ਕਲੀਅਰੈਂਸ ਕਮੇਟੀ ਵਿਚ ਮੁਕਾਮੀ ਨੁਮਾਇੰਦਗੀ ਵੱਲ ਕੋਈ ਖ਼ਾਸ ਤਵੱਜੋ ਨਹੀਂ ਦਿੱਤੀ ਗਈ। ਜਿ ?ਲ੍ਹਾ, ਵਿਭਾਗੀ ਅਤੇ ਸੂਬਾਈ ਪੱਧਰ 'ਤੇ ਕਾਇਮ ਕੀਤੀਆਂ ਜਾਣ ਵਾਲੀਆਂ ਸਿੰਗਲ ਵਿੰਡੋ ਕਲੀਅਰੈਂਸ ਕਮੇਟੀਆਂ ਮੁਕਾਮੀ ਲੋਕਾਂ ਅੰਦਰ ਇਹ ਭਰੋਸਾ ਪੈਦਾ ਨਹੀਂ ਕਰ ਸਕੀਆਂ ਕਿ ਉਨ੍ਹਾਂ ਦੇ ਸਰੋਕਾਰਾਂ ਨੂੰ ਮੁਖ਼ਾਤਬ ਹੋਇਆ ਜਾਵੇਗਾ। ਜ਼ਾਹਿਰ ਹੈ ਕਿ ਵਾਂਗਚੁਕ ਨੇ ਰੁਮਾਨੀ ਰੌਅ ਵਿਚ ਆ ਕੇ ਮੁੰਬਈ ਅਤੇ ਦਿੱਲੀ ਦੇ ਲੋਕਾਂ ਨੂੰ ਸਾਦਗੀ ਨਾਲ ਰਹਿਣ ਅਤੇ ਕੁਦਰਤ ਦਾ ਸ਼ੋਸ਼ਣ ਨਾ ਕਰਨ ਦੀ ਅਪੀਲ ਕੀਤੀ ਸੀ।ਹੌਲੀਵੁਡ ਫਿਲਮ 'ਵਾਲ ਸਟਰੀਟ' ਵਿਚ ਜੋ ਗੌਰਡਨ ਗੈਕੋ (ਮਾਈਕਲ ਡਗਲਸ) ਕਹਿੰਦਾ ਹੈ ਕਿ 'ਗ੍ਰੀਡ ਇਜ਼ ਗੁੱਡ' (ਲਾਲਚ ਚੰਗੀ ਚੀਜ਼ ਹੈ), ਇਹੀ ਹੁਣ ਵਿਕਾਸ ਦਾ ਮੂਲ ਮੰਤਰ ਬਣ ਗਿਆ ਹੈ। ਉਂਝ, ਵਾਂਗਚੁਕ ਚਾਹੁੰਦੇ ਹਨ ਕਿ ਅਸੀਂ ਇਸ ਮੰਤਰ 'ਤੇ ਮੁੜ ਵਿਚਾਰ ਕਰ ਕੇ ਆਪਣੇ ਗਲੇਸ਼ੀਅਰਾਂ, ਵਾਦੀਆਂ, ਪਹਾੜੀਆਂ, ਚਰਾਗਾਹਾਂ ਅਤੇ ਪਰਵਾਸੀ ਕਾਮਿਆਂ ਤੇ ਉਨ੍ਹਾਂ ਦੇ ਨਵੇਂ ਮਾਲਕਾਂ ਦੀ ਨਿਵੇਸ਼ ਮੁਖੀ ਜੀਵਨ ਸ਼ੈਲੀ ਵੱਲ ਝਾਤੀ ਮਾਰੀਏ। ਸੰਖੇਪ ਵਿਚ, ਕੀ ਭਾਰਤ ਸਰਹੱਦ 'ਤੇ ਪਿੰਡ ਬਣਾ ਕੇ ਬੁਨਿਆਦੀ ਢਾਂਚਾ ਉਸਾਰਨ ਦੇ ਚੀਨ ਦੇ ਮਾਡਲ ਦੀ ਨਕਲ ਮਾਰ ਸਕਦਾ ਹੈ ?

ਭਾਰਤ ਦੀ ਖੇਤਰੀ ਅਖੰਡਤਾ ਅਤੇ ਚੀਨ ਨਾਲ ਲਗਦੀ ਸਰਹੱਦ ਦੀ ਸੁਰੱਖਿਆ 'ਤੇ ਕੋਈ ਸੌਦਾ ਨਹੀਂ ਕੀਤਾ ਜਾ ਸਕਦਾ ਪਰ ਇਸੇ ਤਰ੍ਹਾਂ ਮੁਕਾਮੀ ਲੋਕਾਂ ਦੇ ਜਜ਼ਬਾਤ ਮੁਤਾਬਕ ਜਮਹੂਰੀ ਪ੍ਰਕਿਰਿਆ ਦਾ ਸਤਿਕਾਰ ਵੀ ਓਨਾ ਹੀ ਅਹਿਮ ਹੈ। ਬਿਨਾਂ ਸ਼ੱਕ, ਭਾਰਤ ਲੱਦਾਖੀਆਂ ਨਾਲ ਉਹ ਵਿਹਾਰ ਨਹੀਂ ਕਰੇਗਾ ਜਿਵੇਂ ਚੀਨ ਨੇ ਤਿੱਬਤੀਆਂ ਨਾਲ ਕੀਤਾ ਸੀ ਪਰ ਇਹ ਭਰੋਸਾ ਕੇਂਦਰ ਸਰਕਾਰ ਦੇ ਉਚਤਮ ਪੱਧਰ ਤੋਂ ਦਿੱਤਾ ਜਾਣਾ ਚਾਹੀਦਾ ਹੈ ਨਾ ਕਿ ਇਸ ਲਈ ਵਾਂਗਚੁਕ ਨੂੰ ਸੰਘਰਸ਼ ਦਾ ਇਕ ਹੋਰ ਦੌਰ ਸ਼ੁਰੂ ਕਰਨ ਦੀ ਲੋੜ ਪਵੇ ਜਿਸ ਨਾਲ ਲੋਕ ਹੋਰ ਜਿ ?ਆਦਾ ਸ਼ੰਕਾਗ੍ਰਸਤ ਤੇ ਬੇਚੈਨ ਹੋ ਜਾਣਗੇ। ਮੁਕਾਮੀ ਆਬਾਦੀ ਬਾਹਰਲਿਆਂ, ਇੱਥੋਂ ਤਕ ਕਿ ਲਾਪ੍ਰਵਾਹ ਸੈਲਾਨੀਆਂ ਪ੍ਰਤੀ ਵੀ ਬਹੁਤ ਸੰਵੇਦਨਸ਼ੀਲ ਹਨ। ਦਰਅਸਲ, ਇੱਥੇ ਦੇਸ਼ ਦੇ ਦੱਖਣੀ ਖਿੱਤੇ ਨਾਲ ਸਬੰਧਿਤ ਕਹਾਣੀ ਦੱਸਣੀ ਕੁਥਾਂ ਨਹੀਂ ਹੋਵੇਗੀ। ਕੰਨਿਆਕੁਮਾਰੀ ਵਾਸੀ ਤਾਮਿਲ ਮਲਿਆਲਮ ਲੇਖਕ ਜਯਾਮੋਹਨ ਨੇ ਹਾਲ ਹੀ ਵਿਚ ਆਪਣੀ ਬਲੌਗ ਪੋਸਟ ਵਿਚ ਕੇਰਲਾ ਦੇ ਲੋਕਾਂ ਨੂੰ ਖਰਾਬ ਸੈਲਾਨੀ ਕਰਾਰ ਦਿੱਤਾ ਹੈ ਜੋ ਮੁਕਾਮੀ ਚੌਗਿਰਦੇ ਅਤੇ ਭਾਵਨਾਵਾਂ ਦੀ ਕਦਰ ਨਹੀਂ ਕਰਦੇ। ਜੇ ਕੋਈ ਦੁਭਾਸ਼ੀ ਲੇਖਕ ਆਪਣੇ ਅੱਧੇ ਹਿੱਸੇ ਨਾਲ ਜੁੜੇ ਸੈਲਾਨੀਆਂ ਨੂੰ ਲਤਾੜ ਲਾਉਂਦਾ ਹੈ ਤਾਂ ਇਹ ਇਸ ਕਰ ਕੇ ਹੈ ਕਿ ਅਸੀਂ ਬਹੁਤ ਖਰਾਬ ਸੈਲਾਨੀਆਂ ਦਾ ਮੁਲਕ ਹਾਂ।

ਦੇਸ਼ ਵਿਚ ਕੋਈ ਵੀ ਜਗ੍ਹਾ ਅਜਿਹੀ ਨਹੀਂ ਜਿੱਥੇ ਕਿਸੇ ਇਕ ਜਾਂ ਦੂਜੇ ਭਾਈਚਾਰੇ ਮੁਤੱਲਕ ਇਹ ਸ਼ਿਕਾਇਤ ਸੁਣਨ ਨੂੰ ਨਾ ਮਿਲਦੀ ਹੋਵੇ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਯਾਦ ਹੈ, ਕਿਵੇਂ ਰੋਹਤਾਂਗ ਦੱਰੇ ਵੱਲ ਜਾਂਦਿਆਂ ਬੂਮ ਬੌਕਸ ਅਤੇ ਸ਼ੋਰ ਸ਼ਰਾਬਾ ਸੁਣਨ ਨੂੰ ਮਿਲਦਾ ਹੈ। ਜੇ ਲੱਦਾਖੀ ਬਾਹਰਲੇ ਲੋਕਾਂ ਦੀਆਂ ਧਾੜਾਂ ਪ੍ਰਤੀ ਸ਼ੰਕਾਗ੍ਰਸਤ ਹੋ ਰਹੇ ਹਨ ਤਾਂ ਕਾਰਨ ਇਹ ਹੈ ਕਿ ਘਰੋਗੀ ਸੈਲਾਨੀ ਨਿਮਰਤਾ ਨਾਲ ਨਹੀਂ ਜਾਂਦੇ। ਪਸ਼ਮੀਨਾ ਬੱਕਰੀਆਂ ਦੀਆਂ ਚਰਾਂਦਾਂ ਦੀ ਰਾਖੀ ਲਈ ਚਾਂਗਥਾਂਗ ਤੱਕ ਵਾਂਗਚੁਕ ਦੇ ਪ੍ਰਸਤਾਵਿਤ ਮਾਰਚ ਨੂੰ ਇਸ ਪ੍ਰਸੰਗ ਵਿਚ ਸਮਝਿਆ ਜਾਣਾ ਚਾਹੀਦਾ ਹੈ ਕਿ ਮੁਕਾਮੀ ਲੋਕਾਂ ਦੀ ਰੋਜ਼ੀ ਰੋਟੀ ਅਤੇ ਜੀਵਨ ਸ਼ੈਲੀ ਭਾਰੀ ਨਿਵੇਸ਼ ਕਰ ਕੇ ਤਬਾਹ ਹੋ ਰਹੀ ਹੈ ਜਿਸ ਬਾਰੇ ਪਤਾ ਨਹੀਂ ਕਿ ਉਨ੍ਹਾਂ ਨੂੰ ਕੋਈ ਲਾਭ ਮਿਲ ਸਕੇਗਾ ਜਾਂ ਨਹੀਂ। ਵਾਂਗਚੁਕ ਨਾਇਕ ਹੈ ਪਰ ਇਸ ਕਰ ਕੇ ਨਹੀਂ ਕਿ ਉਸ ਦੇ ਜੀਵਨ 'ਤੇ ਹਿੰਦੀ ਫਿਲਮ '3 ਇਡੀਅਟਸ' ਬਣੀ ਸੀ। ਕੇਂਦਰ ਸਰਕਾਰ ਨੂੰ ਉਸ ਦੀ ਗੱਲ ਸੁਣਨੀ ਚਾਹੀਦੀ ਹੈ। ਉਸ ਦੇ ਖਦਸ਼ੇ ਨਿਰਮੂਲ ਨਹੀਂ ਜਿਵੇਂ ਉਤਰਾਖੰਡ ਵਿਚ ਵਿਕਾਸ ਦੇ ਵੱਡੇ ਪ੍ਰਾਜੈਕਟ ਚੌਗਿਰਦੇ ਲਈ ਘਾਤਕ ਸਿੱਧ ਹੋ ਰਹੇ ਹਨ। ਇਹ ਵਾਂਗਚੁਕ ਅਤੇ ਉਸ ਦਾ ਭਾਈਚਾਰਾ ਹੈ ਜੋ ਭਾਰਤੀ ਖੇਤਰ 'ਤੇ ਲਗਾਤਾਰ ਪਹਿਰੇਦਾਰੀ ਕਰ ਰਹੇ ਹਨ; ਬਾਕੀ ਸਾਰੇ ਤਾਂ ਬੰਨ੍ਹਵੀਂ ਡਿਊਟੀ 'ਤੇ ਹਨ। ਉਨ੍ਹਾਂ ਨੂੰ ਕਦੇ ਵੀ ਨੀਵਾਂ ਨਹੀਂ ਦਿਖਾਇਆ ਜਾਣਾ ਚਾਹੀਦਾ। ਚੀਨ ਦੇ ਹਮਲਾਵਰ ਰੁਖ਼ ਦਾ ਸਾਹਮਣਾ ਕਰਨ ਅਤੇ ਭਾਰਤ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਉਨ੍ਹਾਂ ਦੇ ਹੱਥ ਮਜ਼ਬੂਤ ਕਰਨ ਦੀ ਲੋੜ ਹੈ।

# ਪੰਜਾਬ ਦੀ ਰਿਆਸਤ ਤੇ ਸਿਆਸਤ 'ਤੇ ਕਾਬਜ਼ ਰਿਹੈ ਪਟਿਆਲਾ ਸ਼ਾਹੀ ਰਾਜ ਘਰਾਣਾ

**ਪਟਿਆਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ, ਰਾਜਿਆਂ ਦਾ ਸ਼ਹਿਰ ਹੈ। ਪਟਿਆਲਾ ਕੋਲ ਰਿਆਸਤ ਅਤੇ ਪੈਪਸੂ ਦੀ ਰਾਜਧਾਨੀ ਦਾ ਦਰਜਾ ਵੀ ਰਿਹਾ ਹੈ। ਇਸ ਰਿਆਸਤ ਦੇ ਨੌਂ ਰਾਜੇ ਹੋਏ ਹਨ ਜਿਨ੍ਹਾਂ ਦਾ ਰਾਜਕਾਲ 1763 ਤੋਂ 1974 ਤੱਕ ਚੱਲਿਆ। ਇਹ ਰਾਜੇ-ਮਾਹਾਰਾਜੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁਰਖੇ ਸਨ। ਇਸ ਸ਼ਾਹੀ ਘਰਾਣੇ ਨੇ ਜਿਥੇ ਰਿਆਸਤਾਂ ਦੇ ਰਾਜ ਭੋਗੇ ਉਥੇ ਸਿਆਸਤ ਦਾ ਵੀ ਨਿੱਘ ਮਾਣਿਆ। ਭਾਰਤ ਦੀ ਸਿਆਸਤ 'ਚ ਭਾਗੀਦਾਰੀ ਇਥੋਂ ਦੇ ਆਖਰੀ ਰਾਜਾ-ਰਾਣੀ ਤੋਂ ਹੋਈ। ਉਨ੍ਹਾਂ ਰਿਆਸਤਾਂ ਦਾ ਰਾਜ ਕਾਲ ਖ਼ਤਮ ਸਮੇਂ ਭਾਰਤੀ ਦੀ ਸੱਤਾ 'ਚ ਅਜਿਹਾ ਪੈਰ ਧਰਿਆ ਕਿ ਇਨ੍ਹਾਂ ਅਗਲੀਆਂ ਪੀੜ੍ਹੀਆਂ ਵੀ ਸੱਤਾ 'ਚ ਰਹੀਆਂ ਜਿਨ੍ਹਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਨੀਤ ਕੌਰ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਭਾਰਤ ਵਿਚ ਸਿੱਖਾਂ ਦੀਆਂ ਮਹੱਤਵਪੂਰਨ ਰਿਆਸਤਾਂ ਵਿਚੋਂ ਇੱਕ ਪਟਿਆਲਾ ਨੂੰ ਬਾਬਾ ਆਲਾ ਸਿੰਘ ਵੱਲੋਂ ਸਥਾਪਿਤ ਕੀਤਾ ਗਿਆ ਸੀ। ਉਨ੍ਹਾਂ ਦੇ ਪਿਤਾ ਰਾਮ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਇਆ ਸੀ।



ਅਹਿਮਦ ਸ਼ਾਹ ਅਬਦਾਲੀ ਵੀ ਬਾਬਾ ਆਲਾ ਸਿੰਘ ਦੇ ਝੰਡੇ ਅੱਗੇ ਸਿਰ ਝੁਕਾਉਂਦਾ ਸੀ। ਪਟਿਆਲਾ ਰਿਆਸਤ ਦੇ ਪਹਿਲੇ ਰਾਜੇ ਬਾਬਾ ਆਲਾ ਸਿੰਘ ਨੇ ਪਟਿਆਲਾ ਦੀ ਨੀਂਹ 1973 'ਚ ਰੱਖੀ ਸੀ। ਬਾਬਾ ਆਲਾ ਸਿੰਘ ਦੂਰਦ੍ਰਿਸ਼ਟੀ ਅਤੇ ਬਹਾਦਰ ਵਿਅਕਤੀ ਸਨ ਜਿਨ੍ਹਾਂ ਨੇ 30 ਪਿੰਡਾਂ ਦੀ ਨਿਗੂਣੀ ਜਿਹੀ ਜਿਮੀਂਦਾਰੀ ਵਿਚੋਂ ਇਕ ਸੁਤੰਤਰ ਰਿਆਸਤ ਖੜ੍ਹੀ ਕੀਤੀ।

ਉਸ ਦੇ ਉਤਰਾਧਿਕਾਰੀਆਂ ਦੀ ਸਰਪ੍ਰਸਤੀ ਵਿੱਚ ਇਸ ਦਾ ਵਿਸਥਾਰ ਇਕ ਵੱਡੇ ਸੂਬੇ ਦੇ ਰੂਪ ਵਿਚ ਹੋਇਆ ਜੋ ਉੱਤਰ ਵਿਚ ਸ਼ਿਵਾਲਿਕ ਤੇ ਦੱਖਣ ਵਿਚ ਰਾਜਸਥਾਨ ਤੱਕ ਫੈਲਿਆ ਹੋਇਆ ਸੀ। ਬਾਬਾ ਆਲਾ ਸਿੰਘ ਤੋਂ ਬਾਅਦ ਹੋਏ ਰਾਜਿਆਂ ਵਿੱਚ ਰਾਜਾ ਅਮਰ ਸਿੰਘ, ਰਾਜਾ ਸਾਹਿਬ ਸਿੰਘ, ਮਹਾਰਾਜਾ ਕਰਮ ਸਿੰਘ, ਮਹਾਰਾਜਾ ਨਰਿੰਦਰ ਸਿੰਘ, ਮਹਾਰਾਜਾ ਮਹਿੰਦਰ ਸਿੰਘ, ਮਹਾਰਾਜਾ ਰਾਜਿੰਦਰ ਸਿੰਘ, ਮਹਾਰਾਜਾ ਭੁਪਿੰਦਰ ਸਿੰਘ ਅਤੇ ਮਹਾਰਾਜਾ ਯਾਦਵਿੰਦਰ ਸਿੰਘ ਰਹੇ ਹਨ। ਇਸੇ ਦੌਰਾਨ ਜਦੋਂ ਰਿਆਸਤਾਂ ਦਾ ਰਾਜਕਾਲ ਆਪਣੇ ਆਖ਼ਰੀ ਪੜਾਅ 'ਤੇ ਸੀ ਤਾਂ ਪਟਿਆਲਾ ਦੇ ਆਖ਼ਰੀ ਰਾਜਾ ਅਤੇ ਰਾਣੀ ਨੇ ਮੋੜਾ ਕੱਟਦਿਆਂ ਭਾਰਤੀ ਸਿਆਸਤ 'ਚ ਪੈਰ ਧਰਿਆ। ਸਾਲ 1966 ਵਿੱਚ ਪੰਜਾਬ ਅਤੇ ਹਰਿਆਣਾ ਦੇ ਵੱਖਰੇ ਰਾਜਾਂ ਵਜੋਂ ਸਥਾਪਤ ਹੋਣ ਮਗਰੋਂ 1967 'ਚ ਹੋਈ ਪਲੇਠੀ ਚੋਣ ਦੌਰਾਨ ਮਹਾਰਾਜਾ ਯਾਦਵਿੰਦਰ ਸਿੰਘ ਡਕਾਲਾ ਤੋਂ ਵਿਧਾਇਕ ਬਣੇ ਸਨ। ਉਦੋਂ ਉਨ੍ਹਾਂ ਨੂੰ ਮੁੱਖ ਮੰਤਰੀ ਬਣਾਇਆ ਜਾਣਾ ਸੀ ਪਰ ਧੋਖੇ ਦਾ ਸ਼ਿਕਾਰ ਹੋਣ ਕਰ ਕੇ ਉਨ੍ਹਾਂ ਨੇ ਵਿਧਾਇਕ ਵਜੋਂ ਬਹੁਤੀ ਸਰਗਰਮੀ ਨਾ ਦਿਖਾਈ।

1967 'ਚ ਹੀ ਆਖ਼ਰੀ ਮਾਹਾਰਾਣੀ ਮਹਿੰਦਰ ਕੌਰ ਪਟਿਆਲਾ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਯਾਦਵਿੰਦਰ ਸਿੰਘ ਨੇ ਤਾਂ ਇਸ ਮਗਰੋਂ ਮੁੜ ਕੋਈ ਚੋਣ ਨਾ ਲੜੀ ਪਰ ਰਾਜਮਾਤਾ ਮਹਿੰਦਰ ਕੌਰ ਨੇ 1972 ਵਿੱਚ ਮੁੜ ਚੋਣ ਲੜੀ ਪਰ ਇਸ ਵਾਰ ਉਨ੍ਹਾਂ ਨੇ ਕਾਂਗਰਸ ਦੇ ਵੱਖਰੇ ਧੜੇ ਤੋਂ ਚੋਣ ਲੜੀ ਤੇ ਕਾਂਗਰਸੀ ਉਮੀਦਵਾਰ ਸੱਤਪਾਲ ਕਪੂਰ ਤੋਂ ਹਾਰ ਗਏ ਸਨ। ਫਿਰ ਉਹ ਜਨਸੰਘ 'ਚ ਸ਼ਾਮਲ ਹੋ ਗਏ ਤੇ ਉਨ੍ਹਾਂ ਨੂੰ ਹਿਮਾਚਲ ਤੋਂ ਰਾਜ ਸਭਾ ਮੈਂਬਰ ਬਣਾਇਆ ਗਿਆ ਜਿਸ 'ਤੇ ਉਹ ਪੰਜ ਸਾਲ ਕਾਰਜਸ਼ੀਲ ਰਹੇ। ਇਨ੍ਹਾਂ ਪੁਰਖਿਆਂ ਵੱਲੋਂ ਸਿਆਸਤ ਦੇ ਲਾਏ ਗਏ ਜਾਗ ਦਾ ਅਸਰ ਅੱਜ ਵੀ ਹੈ। ਯਾਦਵਿੰਦਰ ਸਿੰਘ ਦੇ ਪੁੱਤਰ ਕੈਪਟਨ ਅਮਰਿੰਦਰ ਸਿੰਘ ਦੋ ਵਾਰ ਮੁੱਖ ਮੰਤਰੀ, 6 ਵਾਰ ਵਿਧਾਇਕ ਇੱਕ ਵਾਰ ਮੰਤਰੀ ਅਤੇ ਦੋ ਵਾਰ ਐੱਮਪੀ ਬਣੇ ਹਨ। ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਇੱਕ ਵਾਰ ਵਿਧਾਇਕ, ਚਾਰ ਵਾਰ ਐੱਮਪੀ ਅਤੇ ਇਕ ਵਾਰ ਕੇਂਦਰੀ ਮੰਤਰੀ ਵੀ ਬਣ ਚੁੱਕੇ ਹਨ। ਪਟਿਆਲਾ ਦੇ ਸੰਸਦ ਮੈਂਬਰ ਵਜੋਂ ਕੇਂਦਰੀ ਵਜ਼ੀਰ ਬਣਨ ਵਾਲ਼ੇ ਉਹ ਪਹਿਲੇ ਮੈਂਬਰ ਹਨ ਤੇ ਚਾਰ ਵਾਰ ਹੋਰ ਕੋਈ ਵੀ ਐੱਮਪੀ ਨਹੀਂ ਬਣਿਆ।

ਕੈਪਟਨ ਅਮਰਿੰਦਰ ਸਿੰਘ ਨੇ 1977 ਵਿੱਚ ਪਟਿਆਲਾ ਤੋਂ ਲੋਕ ਸਭਾ ਚੋਣ ਕਾਂਗਰਸ ਤੋਂ ਲੜੀ ਪਰ ਗੁਰਚਰਨ ਸਿੰਘ ਟੌਹੜਾ ਤੋਂ ਹਾਰ ਗਏ। ਉਂਜ 1980 'ਚ ਇਥੋਂ ਹੀ ਐੱਮਪੀ ਬਣੇ ਅਮਰਿੰਦਰ ਸਿੰਘ ਨੇ 1984 ਦੀਆਂ ਘਟਨਾਵਾਂ ਦੇ ਰੋਸ ਵਜੋਂ ਮੈਂਬਰੀ ਅਤੇ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ। ਫਿਰ 1985 ਵਿੱਚ ਤਲਵੰਡੀ ਸਾਬੋਂ ਤੋਂ ਅਕਾਲੀ ਵਿਧਾਇਕ ਬਣ ਕੇ ਖੇਤੀਬਾੜੀ ਮੰਤਰੀ ਬਣੇ। ਫਿਰ ਜਦੋਂ 1992 'ਚ ਉਹ ਆਪਣੀ ਵੱਖਰੀ ਪਾਰਟੀ ਬਣਾ ਕੇ ਸਮਾਣਾ ਤੋਂ ਲੜੇ ਤੇ ਬਿਨਾਂ ਮੁਕਾਬਲਾ ਵਿਧਾਇਕ ਚੁਣੇ ਗਏ ਪਰ ਪਿਤਾ ਵਾਂਗ ਉਹ ਵੀ ਧੋਖੇ ਦਾ ਸ਼ਿਕਾਰ ਹੋ ਗਏ ਕਿਉਂਕਿ ਕੈਪਟਨ ਨੂੰ ਵੀ ਮੁੱਖ ਮੰਤਰੀ ਬਣਾਉਣ ਦੀ ਗੱਲ ਆਖੀ ਗਈ ਸੀ। ਫਿਰ ਉਹ ਭਾਵੇਂ ਅਕਾਲੀ ਦਲ 'ਚ ਸ਼ਾਮਲ ਹੋ ਗਏ ਪਰ ਟਿਕਟ ਨਾ ਮਿਲੀ ਜਿਸ ਮਗਰੋਂ ਉਹ 1998 'ਚ ਕਾਂਗਰਸ 'ਚ ਸ਼ਾਮਲ ਹੋ ਗਏ ਤੇ ਲੋਕ ਸਭਾ ਚੋਣ ਲੜੀ ਜਿਸ ਦੌਰਾਨ ਪ੍ਰੇਮ ਸਿੰਘ ਚੰਦੂਮਾਜਰਾ ਤੋਂ ਹਾਰ ਗਏ ਪਰ 2002 'ਚ ਪਟਿਆਲਾ ਤੋਂ ਵਿਧਾਇਕ ਬਣ ਕੇ ਪੰਜਾਬ ਦੇ ਮੁੱਖ ਮੰਤਰੀ ਬਣ ਗਏ। ਇਥੋਂ ਹੀ ਉਹ 2007, 2012, 2017 'ਚ ਵੀ ਵਿਧਾਇਕ ਬਣੇ ਤੇ 2017 ਵਿੱਚ ਦੂਜੀ ਵਾਰ ਵਿਧਾਇਕ ਬਣੇ। ਸਾਲ 2014 ਵਿੱਚ ਉਨ੍ਹਾਂ ਨੇ ਅੰਮ੍ਰਿਤਸਰ ਜਾ ਕੇ ਭਾਜਪਾ ਦੇ ਅਰੁਣ ਜੇਤਲੀ ਨੂੰ ਹਰਾਇਆ ਪਰ 2022 'ਚ 'ਆਪ' ਦੇ ਅਜੀਤਪਾਲ ਕੋਹਲੀ ਤੋਂ ਚੋਣ ਹਾਰ ਗਏ। ਐਤਕੀ ਫੇਰ ਪ੍ਰਨੀਤ ਕੌਰ ਵੱਲੋਂ ਭਾਜਪਾ ਵੱਲੋਂ ਚੋਣ ਲੜੀ ਜਾਣੀ ਹੈ ਪਰ ਦੇਖਣਾ ਹੋਵੇਗਾ ਕਿ ਉਨ੍ਹਾਂ ਦੀ ਐਤਕੀ ਕੀ ਸਥਿਤੀ ਰਹੇਗੀ।

# ਨਵੇਂ ਵੋਟਰਾਂ ਲਈ ਰਜਿਸਟ੍ਰੇਸ਼ਨ ਸੁਵਿਧਾ 4 ਮਈ, 2024 ਤੱਕ ਉਪਲਬਧ

**ਮੁਹਾਲੀ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਕਿ 'ਕੋਈ ਵੀ ਵੋਟਰ ਪਿੱਛੇ ਨਾ ਰਹਿ ਜਾਵੇ, ਨੂੰ ਲਾਗੂ ਕਰਨ ਲਈ, ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਧਿਕਾਰੀ ਆਸ਼ਿਕਾ ਜੈਨ ਨੇ ਜ਼ਿਲ੍ਹਾ ਸਾਰੇ ਨਿਵਾਸੀਆਂ ਨੂੰ ਅੱਗੇ ਆਉਣ ਅਤੇ ਨਵੀਂ ਵੋਟ ਲਈ ਆਨਲਾਈਨ ਜਾਂ ਆਫ਼ਲਾਈਨ ਰਜਿਸਟ੍ਰੇਸ਼ਨ ਕਰਨ ਲਈ ਪ੍ਰੇਰਿਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਦੀ ਆਖਰੀ ਮਿਤੀ 04 ਮਈ, 2024 ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 01 ਅਪ੍ਰੈਲ 2024 ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਆਗਾਮੀ ਲੋਕ ਸਭਾ ਚੋਣਾਂ-2024 ਲਈ ਵੋਟਰ ਬਣਨ ਦੇ ਯੋਗ ਹੈ।

ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹੇ ਦੇ ਵਸਨੀਕ ਨਵੇਂ ਵੋਟਰ ਵਜੋਂ ਰਜਿਸਟਰ ਹੋਣ ਲਈ ਅਰਜ਼ੀਆਂ ਜਮ੍ਹਾਂ ਕਰਵਾਉਣ ਸਮੇਤ ਹੋਰ ਵੱਖ-ਵੱਖ ਸੇਵਾਵਾਂ ਤੱਕ ਪਹੁੰਚ ਕਰਨ ਲਈ ਆਨਲਾਈਨ ਵੋਟਰ ਸੇਵਾ ਪੋਰਟਲ ਅਤੇ ਵੋਟਰ ਹੈਲਪਲਾਈਨ ਮੋਬਾਈਲ ਐਪ ਦੀ ਮਦਦ ਲੈ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੋਟਰ ਸੇਵਾ ਪੋਰਟਲ (https://voters.eci.gov.in) 'ਤੇ ਲੌਗਇਨ ਕਰਕੇ ਉਪਭੋਗਤਾ ਵੱਖ-ਵੱਖ ਸੇਵਾਵਾਂ ਜਿਵੇਂ ਕਿ ਵੋਟਰ ਸੂਚੀ ਤੱਕ ਪਹੁੰਚ ਕਰਨਾ, ਵੋਟਰ ਸ਼ਨਾਖਤੀ ਕਾਰਡ ਲਈ ਅਪਲਾਈ ਕਰਨਾ, ਅਪਲਾਈ ਕਰਨਾ ਆਦਿ ਦਾ ਲਾਭ ਲੈ ਸਕਦਾ ਹੈ।

ਵੋਟਰ ਕਾਰਡ ਵਿੱਚ ਦਰੁਸਤੀ ਲਈ ਔਨਲਾਈਨ ਬਿਨੇ, ਪੋਲਿੰਗ ਬੂਥ, ਵਿਧਾਨ ਸਭਾ ਹਲਕੇ ਅਤੇ ਸੰਸਦੀ ਹਲਕੇ ਦੇ ਵੇਰਵੇ ਦੇਖਣ ਅਤੇ ਹੋਰ ਸੇਵਾਵਾਂ ਦੇ ਨਾਲ ਬੂਥ ਲੈਵਲ ਅਫਸਰ, ਚੋਣਕਾਰ ਰਜਿਸਟ੍ਰੇਸ਼ਨ ਅਫਸਰ ਦੇ ਸੰਪਰਕ ਵੇਰਵੇ ਪ੍ਰਾਪਤ ਇਸ ਪੋਰਟਲ ਰਾਹੀਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਇਸੇ ਤਰ੍ਹਾਂ ਵੋਟਰ ਹੈਲਪਲਾਈਨ ਮੋਬਾਈਲ ਐਪ (ਵੀ ਐਚ ਏ) ਨਾਗਰਿਕਾਂ ਨੂੰ ਵੱਖ-ਵੱਖ ਸੇਵਾਵਾਂ ਜਿਵੇਂ ਕਿ ਵੋਟਰ ਆਈਡੀ ਕਾਰਡ ਲਈ ਅਰਜ਼ੀ ਦੇਣ, ਵੋਟਰ ਕਾਰਡ ਵਿੱਚ ਦਰੁਸਤੀ ਲਈ ਔਨਲਾਈਨ ਅਰਜ਼ੀ ਦੇਣ, ਪੋਲਿੰਗ ਬੂਥ, ਵਿਧਾਨ ਸਭਾ ਚੋਣ ਖੇਤਰ ਅਤੇ ਸੰਸਦੀ ਹਲਕੇ ਦੇ ਵੇਰਵੇ ਦੇਖਣ ਵਿੱਚ ਮਦਦ ਕਰਦਾ ਹੈ। ਹੋਰ ਸੇਵਾਵਾਂ ਦੇ ਨਾਲ-ਨਾਲ ਬੂਥ ਲੈਵਲ ਅਫ਼ਸਰ, ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੇ ਸੰਪਰਕ ਵੇਰਵੇ ਪ੍ਰਾਪਤ ਕੀਤੇ ਜਾ ਸਕਦੇ ਹਨ। ਇਹ ਮੋਬਾਈਲ ਐਪ ਗੂਗਲ ਪਲੇਅ ਸਟੋਰ ਅਤੇ ਐਪਲ ਐਪ ਸਟੋਰ 'ਤੇ ਉਪਲਬਧ ਹੈ।

ਸ਼੍ਰੀਮਤੀ ਜੈਨ ਨੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਖਰੜ, ਮੋਹਾਲੀ ਅਤੇ ਡੇਰਾਬੱਸੀ ਵਿਖੇ ਸਥਿਤ ਆਪਣੇ ਨਜ਼ਦੀਕੀ ਐਸ.ਡੀ.ਐਮ.-ਕਮ-ਸਹਾਇਕ ਰਿਟਰਨਿੰਗ ਅਫਸਰਾਂ ਦੇ ਦਫਤਰਾਂ ਨਾਲ ਚੋਣ ਸੰਬੰਧੀ ਪੁੱਛ-ਗਿੱਛ ਅਤੇ ਸੇਵਾਵਾਂ ਲਈ ਸੰਪਰਕ ਕਰਨ ਤੋਂ ਇਲਾਵਾ ਆਨਲਾਈਨ ਪੋਰਟਲ ਅਤੇ ਮੋਬਾਈਲ ਐਪ ਤੱਕ ਪਹੁੰਚ ਕਰਨ।

ਇਸ ਤੋਂ ਇਲਾਵਾ ਵੋਟਰ ਪੁੱਛ-ਗਿੱਛ ਸਬੰਧੀ ਜ਼ਿਲ੍ਹੇ ਦੇ ਟੋਲ ਫਰੀ ਨੰਬਰ 1950 'ਤੇ ਵੀ ਸੰਪਰਕ ਕਰ ਸਕਦੇ ਹਨ।

# ਪੰਜਾਬ ਪੁਲਿਸ ਵੱਲੋ ਹਥਿਆਰਾਂ ਦੀ ਤਸਕਰੀ ਦੇ ਅੰਤਰਰਾਜੀ ਰੈਕੇਟ ਦਾ ਪਰਦਾਫਾਸ਼; 9 ਪਿਸਤੌਲਾਂ ਅਤੇ ਸਵਿਫ਼ਟ ਕਾਰ ਸਮੇਤ ਚਾਰ ਵਿਅਕਤੀ ਗ੍ਰਿਫ਼ਤਾਰ

## ਗ੍ਰਿਫ਼ਤਾਰ ਮੁਲਜ਼ਮ ਮੱਧ ਪ੍ਰਦੇਸ਼ ਤੋਂ ਹਥਿਆਰਾਂ ਦੀ ਤਸਕਰੀ ਕਰਕੇ ਪੰਜਾਬ ਅਤੇ ਹੋਰ ਰਾਜਾਂ ਵਿੱਚ ਕਰਦੇ ਸਨ ਸਪਲਾਈ: ਡੀ.ਜੀ.ਪੀ. ਗੌਰਵ ਯਾਦਵ

**ਚੰਡੀਗੜ੍ਹ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਨੇ ਅੱਜ ਇੱਕ ਵੱਡੀ ਸਫ਼ਲਤਾ ਹਾਸਲ ਕਰਦਿਆਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਅੰਤਰਰਾਜੀ ਰੈਕੇਟ ਦਾ ਪਰਦਾਫਾਸ਼ ਕਰਕੇ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ .32 ਬੋਰ ਦੇ 9 ਦੇਸੀ ਪਿਸਤੌਲ ਅਤੇ ਅੱਠ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ।



ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਮਨਜੋਤ ਸਿੰਘ ਵਾਸੀ ਚਕਰ, ਲੁਧਿਆਣਾ, ਕੁਲਦੀਪ ਸਿੰਘ ਉਰਫ਼ ਮਾਣਕ ਵਾਸੀ ਪਿੰਡ ਲਹਿਰਾ, ਲੁਧਿਆਣਾ, ਸੁਖਚੈਨ ਸਿੰਘ ਵਾਸੀ ਪਿੰਡ ਮੂਮ,ਬਰਨਾਲਾ ਅਤੇ ਸੰਦੀਪ ਸਿੰਘ ਵਾਸੀ ਪਿੰਡ ਭੈਣੀ ਗੁੱਜਰਾਂ ਲੁਧਿਆਣਾ ਵਜੋਂ ਹੋਈ ਹੈ।

ਜ਼ਿਕਰਯੋਗ ਹੈ ਕਿ ਕੁਲਦੀਪ ਸਿੰਘ ਉਰਫ਼ ਮਾਣਕ ਅਤੇ ਗੁਰਮਨਜੋਤ ਸਿੰਘ ਸਾਲ 2016 ਵਿੱਚ ਲੁਧਿਆਣਾ ਜੇਲ੍ਹ ਵਿੱਚ ਇੱਕ-ਦੂਜੇ ਨੂੰ ਮਿਲੇ ਸਨ। ਦੋਵੇਂ ਮੁਲਜ਼ਮਾਂ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ, ਜਿਨ੍ਹਾਂ ਖ਼ਿਲਾਫ਼ ਕਤਲ ਦੀ ਕੋਸ਼ਿਸ਼, ਅਸਲਾ ਐਕਟ, ਲੁੱਟ-ਖਸੁੱਟ, ਚੋਰੀ ਆਦਿ ਵਰਗੇ ਕਈ ਕੇਸ ਦਰਜ ਹਨ ਅਤੇ ਦੋਵੇਂ ਮੁਲਜ਼ਮ ਇਸ ਸਮੇਂ ਜ਼ਮਾਨਤ 'ਤੇ ਬਾਹਰ ਸਨ। ਦੱਸਣਯੋਗ ਹੈ ਕਿ ਮੁਲਜ਼ਮ ਗੁਰਮਨਜੋਤ ਸਾਲ 2022 ਦੌਰਾਨ ਲੁਧਿਆਣਾ ਜੇਲ੍ਹ ਵਿੱਚ ਮੱਧ ਪ੍ਰਦੇਸ਼ ਅਧਾਰਤ ਗੈਰ-ਕਾਨੂੰਨੀ ਹਥਿਆਰਾਂ ਦੇ ਤਸਕਰਾਂ ਦੇ ਸੰਪਰਕ ਵਿੱਚ ਆਇਆ ਸੀ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਹਥਿਆਰਾਂ ਦੇ ਤਸਕਰਾਂ ਦੀਆਂ ਗਤੀਵਿਧੀਆਂ ਬਾਰੇ ਖ਼ੁਫ਼ੀਆ ਜਾਣਕਾਰੀ ਮਿਲੀ ਸੀ ਕਿ ਉਹ ਮੱਧ ਪ੍ਰਦੇਸ਼ ਦੇ ਬੜਵਾਨੀ ਜ਼ਿਲ੍ਹੇ ਦੇ ਸੇਂਧਵਾਂ ਤੋਂ ਗੈਰ-ਕਾਨੂੰਨੀ ਹਥਿਆਰ ਅਤੇ ਗੋਲੀ-ਸਿੱਕਾ ਲਿਆ ਕੇ ਸੂਬੇ ਵਿੱਚ ਆਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੀ ਫ਼ਿਰਾਕ ਵਿੱਚ ਹਨ, ਜਿਸ ਉਪਰੰਤ ਸਟੇਟ ਸਪੈਸ਼ਲ ਆਪਰੇਟਿੰਗ ਸੈੱਲ (ਐੱਸ.ਐੱਸ.ਓ.ਸੀ.) ਐੱਸ.ਏ.ਐੱਸ. ਨਗਰ ਦੀਆਂ ਪੁਲਿਸ ਟੀਮਾਂ ਨੇ ਪਟਿਆਲਾ ਦੇ ਪਾਤੜਾਂ-ਖਨੌਰੀ ਰੋਡ 'ਤੇ ਨਾਕਾ ਲਗਾਇਆ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਨੇ ਚਿੱਟੇ ਰੰਗ ਦੀ ਸਵਿਫਟ ਕਾਰ (ਪੀਬੀ 10 ਜੀਜੀ 9014) ਵਿੱਚ ਸਵਾਰ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ 'ਚੋਂ 9 ਪਿਸਤੌਲਾਂ, ਜਿਨ੍ਹਾਂ 'ਤੇ 'ਸਟਾਰ' ਦਾ ਨਿਸ਼ਾਨ ਬਣਿਆ ਹੋਇਆ ਸੀ, ਅਤੇ ਕਾਰ ਬਰਾਮਦ ਕਰ ਲਈ ਹੈ।

ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛਗਿੱਛ ਤੋਂ ਪਤਾ ਚੱਲਿਆ ਹੈ ਕਿ ਫੜੇ ਗਏ ਮੁਲਜ਼ਮਾਂ ਵੱਲੋਂ ਇਨ੍ਹਾਂ ਵਿੱਚੋਂ ਕੁਝ ਹਥਿਆਰਾਂ ਦੀ ਵਰਤੋਂ ਟਾਰਗੇਟਿਡ ਸੰਗਠਿਤ ਅਪਰਾਧਾਂ ਨੂੰ ਅੰਜਾਮ ਦੇਣ ਲਈ ਕੀਤੀ ਜਾਣੀ ਸੀ ਅਤੇ ਬਾਕੀ ਹਥਿਆਰ ਗਰੋਹ ਦੇ ਹੋਰ ਮੈਂਬਰਾਂ ਨੂੰ ਵੰਡੇ ਜਾਣੇ ਸਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸਾਰੇ ਮੁਲਜ਼ਮ ਪੰਜਾਬ ਦੇ ਨਾਲ-ਨਾਲ ਗੁਆਂਢੀ ਰਾਜਾਂ ਵਿੱਚ ਅਪਰਾਧਿਕ ਗਰੋਹਾਂ ਨੂੰ ਹਥਿਆਰ ਸਪਲਾਈ ਕਰਨ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਸਨ।

ਡੀਆਈਜੀ ਕਾਊਂਟਰ ਇੰਟੈਲੀਜੈਂਸ ਜੇ ਏਲੈਂਚੇਜ਼ੀਅਨ ਨੇ ਦੱਸਿਆ ਕਿ ਇਸ ਮਾਡਿਊਲ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਮੱਧ ਪ੍ਰਦੇਸ਼-ਅਧਾਰਤ ਹਥਿਆਰਾਂ ਦੇ ਤਸਕਰਾਂ ਦੀ ਪਛਾਣ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਹੋਰ ਗ੍ਰਿਫਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਉਮੀਦ ਹੈ। ਦੱਸਣਯੋਗ ਹੈ ਕਿ ਇਸ ਸਬੰਧੀ ਥਾਣਾ ਐਸ.ਐਸ.ਓ.ਸੀ, ਐਸ.ਏ.ਐਸ.ਨਗਰ ਵਿਖੇ ਅਸਲਾ ਐਕਟ ਦੀ ਧਾਰਾ 25 ਅਤੇ 25 (7) ਅਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 120 ਬੀ ਤਹਿਤ ਐਫਆਈਆਰ ਨੰ. 9 ਮਿਤੀ 30.03.2024 ਦਰਜ ਹੈ।

# ਤੁਰੰਤ ਕਾਰਵਾਈ: ਸਾਈਬਰ ਧੋਖਾਧੜੀ ਕੀਤੀ ਗਈ 60 ਫੀਸਦੀ ਰਕਮ ਨੂੰ ਸ਼ੁਰੂਆਤੀ ਛੇ ਘੰਟਿਆਂ ਦੇ ਅੰਦਰ ਸਾਈਬਰ ਹੈਲਪਲਾਈਨ ਨੰਬਰ-1930 'ਤੇ ਸ਼ਿਕਾਇਤ ਪ੍ਰਾਪਤ ਹੋਣ 'ਤੇ ਕੀਤਾ ਗਿਆ ਫ੍ਰੀਜ : ਡੀਜੀਪੀ ਸ਼ਤਰੂਜੀਤ ਕਪੂਰ

## ਪਿਛਲੇ 11 ਮਹੀਨਿਆਂ ਵਿਚ ਸਾਈਬਰ ਫ੍ਰਾਡ ਵਿਚ ਸ਼ਾਮਿਲ 70 ਹਜਾਰ ਤੋਂ ਵੱਧ ਨੰਬਰਾਂ ਨੂੰ ਟੈਲੀਕਾਮ ਕੰਪਨੀਆਂ ਨਾਲ ਤਾਲਮੇਲ ਸਥਾਪਿਤ ਕਰਦੇ ਹੋਏ ਕਰਵਾਇਆ ਗਿਆ ਬਲਾਕ

**ਚੰਡੀਗੜ੍ਹ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਪੁਲਿਸ ਨੇ ਸਾਈਬਰ ਅਪਰਾਧ ਨਾਲ ਨਜਿਠਦ ਵਿਚ ਇਕ ਮਹਤੱਵਪੂਰਨ ਸਫਲਤਾ ਹਾਸਲ ਕੀਤੀ ਹੈ। ਫਰਵਰੀ ਮਹੀਨੇ ਵਿਚ ਪੁਲਿਸ ਉਨ੍ਹਾਂ ਮਾਮਲਿਆਂ ਵਿਚ ਸਾਈਬਰ ਧੋਖਾਧੜੀ ਕੀਤੀ ਗਈ 60 ਫੀਸਦੀ ਰਕਮ ਨੂੰ ਫ੍ਰੀਜ ਕਰਨ ਵਿਚ ਸਫਲ ਰਹੀ, ਜਿੱਥੇ ਸ਼ਿਕਾਇਤਾਂ ਘਟਨਾ ਦੇ ਛੇ ਘੰਟੇ ਦੇ ਅੰਦਰ ਦਰਜ ਕਰਵਾਈ ਗਈ ਸੀ। ਹਰਿਆਣਾ ਪੁਲਿਸ ਮਹਾਨਿਦੇਸ਼ਕ (ਡੀਜੀਪੀ) ਸ੍ਰੀ ਸ਼ਤਰੂਜੀਤ ਕਪੂਰ ਨੇ ਇਸ ਦੇ ਲਈ ਸਾਈਬਰ ਹੈਲਪਲਾਇਨ ਟੀਮ-1930 ਨੂੰ ਵਧਾਈ ਦਿੱਤੀ ਡੀਜੀਪੀ ਸ੍ਰੀ ਸ਼ਤਰੂਜੀਤ ਕਪੂਰ ਨੇ ਪੰਚਕੂਲਾ ਸਥਿਤ ਪੁਲਿਸ ਮੁੱਖ ਦਫਤਰ ਵਿਚ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਨਾਲ ਮੀਟਿੰਗ ਦੌਰਾਨ ਇਸ ਉਪਲਬਧ ਲਈ ਸਾਈਬਰ ਹੈਲਪਲਾਇਨ ਟੀਮ-1930 ਵੱਲੋਂ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ।

ਮੀਟਿੰਗ ਵਿਚ ਦਸਿਆ ਗਿਆ ਕਿ ਸਾਈਬਰ ਧੋਖਾਧੜੀ ਦੇ ਛੇ ਘੰਟੇ ਦੇ ਅੰਦਰ ਦਰਜ ਕਰਾਈ ਗਈ ਸ਼ਿਕਾਇਤਾਂ 'ਤੇ ਤੁਰੰਤ ਕਾਰਵਾਈ ਕਰਦੇ ਹੋਏ 60 ਫੀਸਦੀ ਰਕਮ ਨੂੰ ਤੁਰੰਤ ਫ੍ਰੀਜ ਕਰ ਦਿੱਤਾ ਗਿਆ। ਇਸ ਤਰ੍ਹਾ ਨਾਲ 6.67 ਕਰੋੜ ਰੁਪਏ ਤੋਂ ਵੱਧ ਰਕਮ ਨੂੰ ਸਾਈਬਰ ਫ੍ਰਾਡ ਹੋਣ ਤੋਂ ਬਚਾਇਆ ਗਿਆ। ਉੱਥੇ ਛੇ ਘੰਟੇ ਦੇ ਬਾਅਦ ਪ੍ਰਾਪਤ ਹੋਣ ਵਾਲੀ ਸ਼ਿਕਾਇਤਾਂ ਵਿੱਚੋਂ ਸਿਰਫ 19 ਫੀਸਦੀ ਰਕਮ ਨੂੰ ਹੀ ਫ੍ਰੀਜ ਕੀਤਾ ਜਾ ਸਕਿਆ। ਇਸ ਤਰ੍ਹਾ ਫਰਵਰੀ ਮਹੀਨੇ ਵਿਚ ਹਰਿਆਣਾ ਵਿਚ ਪ੍ਰਾਪਤ ਹੋਣ ਵਾਲੀ ਕੁੱਲ ਸ਼ਿਕਾਇਤਾਂ-2023 ਵਿਚ ਜਿੱਥੇ ਹਰਿਆਣਾ ਪੁਲਿਸ 8.62 ਫੀਸਦੀ ਪੈਸਾ ਹੋਲਡ ਕਰਦੇ ਹੋਏ ਦੇਸ਼ ਵਿਚ 23ਵੇਂ ਸਥਾਨ 'ਤੇ ਸੀ, ਉੱਥੇ ਫਰਵਰੀ ਮਹੀਨੇ ਵਿਚ 27.60 ਫੀਸਦੀ ਰਕਮ ਹੋਲਫ ਕਰਦੇ ਹੋਏ ਦੇਸ਼ ਵਿਚ ਪਹਿਲੇ ਸਥਾਨ 'ਤੇ ਪਹੁੰਚ ਗਈ ਹੈ। ਹਰਿਆਣਾ ਵਿਚ ਫਰਵਰੀ ਮਹੀਨੇ ਵਿਚ 15 ਕਰੋੜ 50 ਲੱਖ ਰੁਪਏ ਦੀ ਰਕਮ ਨੂੰ ਸਾਈਬਰ ਫ੍ਰਾਡ ਤੋਂ ਬਚਾਇਆ ਗਿਆ।

**ਸਾਈਬਰ ਫ੍ਰਾਡ ਨੂੰ ਰੋਕਨ ਲਈ ਬੈਂਕਾਂ ਦੇ ਪ੍ਰਤੀਨਿਧੀ ਇਕਜੁੱਠ ਹੋ ਕੇ ਕਰ ਰਹੇ ਹਨ ਕੰਮ**

ਮੀਟਿੰਗ ਵਿਚ ਦਸਿਆ ਗਿਆ ਕਿ ਨਵੀਂ ਦਿੱਲੀ ਸਥਿਤ ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ ਰਾਹੀਂ ਹਰਿਆਣਾ ਪੁਲਿਸ ਅਤੇ 20 ਪ੍ਰਮੁੱਖ ਬੈਂਕਾਂ ਦੇ ਪ੍ਰਤੀਨਿਧੀ ਇਕਜੁੱਟਤਾ ਨਾਲ ਸਾਈਬਰ ਫ੍ਰਾਡ ਰੋਕਨ ਦੀ ਦਿਸ਼ਾ ਵਿਚ ਕੰਮ ਕਰ ਰਹੇ ਹਨ, ਤਾਂ ਜੋ ਫ੍ਰਾਡ ਕੀਤੀ ਗਈ ਰਕਮ ਨੂੰ ਜਲਦੀ ਤੋਂ ਜਲਦੀ ਫ੍ਰੀਜ ਕਰਵਾਇਆ ਜਾ ਸਕੇ। ਇਸ ਤੋਂ ਇਲਾਵਾ, ਪੰਚਕੂਲਾ ਸਥਿਤ ਹਰਿਆਣਾ 112 ਦੀ ਬਿਲਡਿੰਗ ਵਿਚ ਹਰਿਆਣਾ ਪੁਲਿਸ ਅਤੇ ਤਿੰਨ ਸੀਨੀਅਰ ਬੈਂਕ ਐਚਡੀਐਫਸੀ, ਐਕਸੈਸ ਅਤੇ ਪੀਐਨਬੀ ਦੇ ਨੋਡਲ ਅਧਿਕਾਰੀ ਮਿਲ ਕੇ ਸਾਈਬਰ ਫ੍ਰਾਡ ਕੀਤੀ ਗਈ ਰਕਮ ਨੂੰ ਤੁਰੰਤ ਫ੍ਰੀਜ ਕਰਨ ਲਈ ਆਪਸੀ ਤਾਲਮੇਲ ਦੇ ਨਾਲ ਕੰਮ ਕਰ ਰਹੇ ਹਨ।

**ਆਪ੍ਰੇਸ਼ਨ ਸਾਈਬਰ ਹਮਲਾ: ਜੁਝਾਰੂ ਰਵਇਆ ਅਪਨਾਉਣਾ**

ਡੀਜੀਪੀ ਸ੍ਰੀ ਕਪੂਰ ਦੇ ਨਿਰਦੇਸ਼ਾਂ ਅਨੁਸਾਰ ਹਰਿਆਣਾ ਵਿਚ ਆਪ੍ਰੇਸ਼ਨ ਸਾਈਬਰ ਹਮਲਾ ਦੀ ਸ਼ੁਰੂਆਤ ਕੀਤੀ ਗਈ ਹੈ। ਜਿਸ ਦੇ ਜਰਇਏ ਸਾਈਬਰ ਅਪਰਾਧ ਨੂੰ ਰੋਕਨ ਅਤੇ ਦੋਸ਼ੀਆਂ ਨੂੰ ਫੜ੍ਹਨ ਦਾ ਕੰਮ ਕੀਤਾ ਜਾ ਰਿਹਾ ਹੈ।

**ਫਰਜੀ ਹੈਲਪਲਾਇਨ ਨੰਬਰਾਂ ਨਾਲ ਨਜਿਠਿਆ ਜਾਵੇਗਾ**

ਮੀਟਿੰਗ ਵਿਚ ਵਿਸ਼ੇਸ਼ ਰੂਪ ਨਾਲ ਗੂਗਲ 'ਤੇ ਉਪਲਬਧ ਫਰਜੀ ਹੈਲਪਲਾਇਨ ਨੰਬਰਾਂ ਦੇ ਜਰਇਏ ਧੋਖਾਧੜੀ ਨਾਲ ਨਜਿਠਣ ਲਈ ਇਕ ਪ੍ਰਭਾਵੀ ਕੰਮ ਯੋਜਨਾ ਤਿਆਰ ਕਰਨ ਦੇ ਯਤਨਾਂ 'ਤੇ ਮੁੱਖ ਰੂਪ ਨਾਲ ਚਰਚਾ ਹੋਈ। ਸਾਈਬਰ ਦੋਸ਼ੀਆਂ ਵੱਲੋਂ ਗੂਗਲ ਖੋਜ ਇੰਜਨ ਦਾ ਗਲਤ ਵਰਤੋ ਕਰਨ 'ਤੇ ਚਿੰਤਾ ਪ੍ਰਟਾਉਂਦੇ ਹੋਏ ਸ੍ਰੀ ਕਪੂਰ ਨੇ ਕਿਹਾ ਕਿ ਜਲਦੀ ਹੀ ਗੂਗਲ ਦੇ ਪ੍ਰਤੀਨਿਧੀਆਂ ਦੇ ਨਾਲ ਮੀਟਿੰਗ ਕੀਤੀ ਜਾਵੇਗੀ। ਇਸ ਮੀਟਿੰਗ ਦਾ ਉਦੇਸ਼ ਗੂਗਲ ਪਲੇਟਫਾਰਮ 'ਤੇ ਸਾਈਬਰ ਦੋਸ਼ੀ ਗਤੀਵਿਧੀਆਂ ਨੂੰ ਰੋਕਨ ਲਈ ਰਣਨੀਤੀ ਤਿਆਰ ਕਰਨਾ ਹੈ।

**ਹਰਿਆਣਾ ਵਿਚ ਸਾਈਬਰ ਫ੍ਰਾਡ ਵਿਚ ਸ਼ਾਮਿਲ 70 ਹਜਾਰ ਤੋਂ ਵੱਧ ਨੰਬਰਾਂ ਨੂੰ ਕਰਾਇਆ ਗਿਆ ਬਲਾਕ**

ਮੀਟਿੰਗ ਵਿਚ ਮੋਬਾਇਲ ਕੰਪਨੀਆਂ ਦੇ ਪ੍ਰਤੀਨਿਧੀਆਂ ਦੇ ਨਾਲ ਸਾਈਬਰ ਧੋਖਾਧੜੀ ਵਿਚ ਇਸਤੇਮਾਲ ਹੋਣ ਵਾਲੇ ਮੋਬਾਇਲ ਨੰਬਰਾਂ ਨੂੰ ਬਲਾਕ ਕਰਨ 'ਤੇ ਵੀ ਚਰਚਾ ਹੋਈ। ਮੀਟਿੰਗ ਵਿਚ ਐਸਪੀ ਸਾਈਬਰ ਅਮਿਤ ਦਹਿਆ ਨੇ ਦਸਿਆ ਕਿ ਪਿਛਲੇ 11 ਮਹੀਨਿਆਂ ਵਿਚ ਹਰਿਆਣਾ ਦੇ ਅੰਦਰ ਸਾਈਬਰ ਫ੍ਰਾਡ ਵਿਚ ਸ਼ਾਮਿਲ 70 ਹਜਾਰ ਤੋਂ ਵੱਧ ਮੋਬਾਇਲ ਨੰਬਰਾਂ ਨੂੰ ਬਲਾਕ ਕਰਵਾ-ਇਆ ਗਿਆ ਹੈ।

**ਪੂਰੇ ਦੇਸ਼ ਵਿਚ 60 ਹਾਟਸਪਾਟ ਖੇਤਰਾਂ ਦੀ ਕੀਤੀ ਗਈ ਪਹਿਚਾਣ**

ਮੀਟਿੰਗ ਵਿਚ ਦਸਿਆ ਗਿਆ ਕਿ ਪੂਰੇ ਦੇਸ਼ ਵਿਚ 60 ਹੋਟਸਪਾਟ ਖੇਤਰਾਂ ਦੀ ਪਹਿਚਾਣ ਸਾਈਬਰ ਅਪਰਾਧ ਦੇ ਲਈ ਕੀਤੀ ਗਈ ਹੈ। ਇੰਨ੍ਹਾਂ ਹਾਟਸਪਾਟ ਖੇਤਰਾਂ ਵਿਚ ਸਾਈਬਰ ਅਪਰਾਧ ਵਿਚ ਸ਼ਾਮਿਲ ਨੰਬਰਾਂ ਦਾ ਡਾਟਾ ਤਿਆਰ ਕੀਤਾ ਗਿਆ ਹੈ ਅਤੇ ਸਬੰਧਿਤ ਕੰਪਨੀਆਂ ਦੇ ਨਾਲ ਉਨ੍ਹਾਂ ਨੂੰ ਬਲਾਕ ਕਰਨ ਦੇ ਲਈ ਮੀਟਿੰਗ ਕੀਤੀ ਜਾ ਰਹੀ ਹੈ।

# ਸਤਲੁਜ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ




**ਸ਼ਾਹਬਾਦ ਮਾਰਕੰਡਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਲੁਜ ਸੀਨੀਅਰ ਸੈਕੰਡਰੀ ਸਕੂਲ ਦਾ ਸਾਲਾਨਾ ਪ੍ਰੀਖਿਆਵਾਂ ਦਾ ਨਤੀਜਾ ਅੱਜ ਐਲਾਨਿਆ ਗਿਆ। ਇਸ ਮੌਕੇ ਵਿਦਿਆਰਥੀਆਂ ਦੇ ਨਾਲ ਉਨ੍ਹਾਂ ਦੇ ਮਾਪੇ ਵੀ ਮੌਜੂਦ ਸਨ। ਸਕੂਲ ਦਾ ਨਤੀਜਾ ਸ਼ਤ ਪ੍ਰਤੀਸ਼ਤ ਰਿਹਾ। ਸਕੂਲ ਦੇ ਪ੍ਰਿੰਸੀਪਲ ਡਾ. ਆਰਐੱਸ ਘੁੰਮਣ ਨੇ ਬੱਚਿਆਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਕਲਾਸਾਂ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਸਭ ਲਈ ਇਕ ਯਾਦਗਾਰੀ ਪਲ ਹੈ। ਸਕੂਲ ਦੇ ਬੱਚੇ ਸਫ਼ਲਤਾ ਦੀ ਇਕ ਹੋਰ ਪੁਲਾਂਘ ਪੱਟ ਕੇ ਆਪਣੀ ਮੰਜ਼ਿਲ ਵੱਲ ਵਧੇ ਹਨ। ਉਨ੍ਹਾਂ ਨੇ ਪ੍ਰੀਖਿਆ ਦੇ ਨਤੀਜੇ ਐਲਾਨਣ ਮੌਕੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਸਕੂਲ ਵੱਲੋਂ ਸਭ ਨੂੰ ਅੱਗੇ ਵਧਣ ਦੇ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਕੂਲ ਦੇ ਬਿਹਤਰ ਨਤੀਜਿਆਂ ਲਈ ਸਕੂਲ ਸਟਾਫ ਵਲੋਂ ਕਰਵਾਈ ਮਿਹਨਤ ਦਾ ਅਹਿਮ ਯੋਗਦਾਨ ਰਿਹਾ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਸਕੂਲ ਵਿਚ ਜਿੱਥੇ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਦਿੱਤੀ ਜਾ ਰਹੀ ਹੈ, ਉਥੇ ਨਾਲ ਹੀ ਉਨ੍ਹਾਂ ਨੂੰ ਸੰਸਕਾਰ ਦੇਣ ਦਾ ਉਪਰਾਲਾ ਵੀ ਕੀਤਾ ਜਾ ਰਿਹਾ ਹੈ ਤਾਂ ਜੋ ਉਨ੍ਹਾਂ ਦਾ ਭਵਿੱਖ ਉਜਵਲ ਬਣ ਸਕੇ। ਇਸ ਮੌਕੇ ਸਕੂਲ ਕੋ-ਆਰਡੀਨੇਟਰ ਮਨਿੰਦਰ ਸਿੰਘ ਘੁੰਮਣ, ਮੋਨਿਕਾ ਘੁੰਮਣ, ਮੀਤ ਪ੍ਰਿੰਸੀਪਲ ਵੀਰੇਂਦਰ ਸਿੰਘ, ਪ੍ਰਬੰਧਕ ਮਨੋਜ ਭਸੀਨ, ਮੁਕੇਸ਼ ਦੂਆ ਆਦਿ ਤੋਂ ਇਲਾਵਾ ਸਕੂਲ ਸਟਾਫ, ਵਿਦਿਆਰਥੀ ਤੇ ਮਾਪੇ ਮੌਜੂਦ ਸਨ।

# ਇੰਡੀਆ' ਗੱਠਜੋੜ ਦੇ ਉਮੀਦਵਾਰ ਵੱਲੋਂ ਥਾਨੇਸਰ ਦੇ ਪਿੰਡਾਂ ਦਾ ਦੌਰਾ



**ਸ਼ਾਹਬਾਦ ਮਾਰਕੰਡਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਤੇ ਕੁਰੂਕਸ਼ੇਤਰ ਲੋਕ ਸਭਾ ਹਲਕੇ ਤੋਂ 'ਇੰਡੀਆ' ਗੱਠਜੋੜ ਦੇ ਉਮੀਦਵਾਰ ਡਾ. ਸੁਸ਼ੀਲ ਗੁਪਤਾ ਨੇ ਥਾਨੇਸਰ ਹਲਕੇ ਦੇ ਕਈ ਪਿੰਡਾਂ ਅਤੇ ਵਾਰਡਾਂ ਦਾ ਦੌਰਾ ਕੀਤਾ।

ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਅਸ਼ੋਕ ਅਰੋੜਾ ਵੀ ਉਨ੍ਹਾਂ ਨਾਲ ਮੌਜੂਦ ਰਹੇ। ਇਸ ਦੌਰਾਨ ਉਨ੍ਹਾਂ ਨੇ ਪਿੰਡਾਂ ਵਿੱਚ ਬਜ਼ੁਰਗਾਂ ਦਾ ਆਸ਼ੀਰਵਾਦ ਲਿਆ ਤੇ 'ਇੰਡੀਆ' ਗੱਠਜੋੜ ਨੂੰ ਜਿਤਾਉਣ ਦੀ ਅਪੀਲ ਕੀਤੀ। ਸ੍ਰੀ ਗੁਪਤਾ ਨੇ ਕਿਹਾ ਕਿ ਆਜ਼ਾਦੀ ਦੀ ਲੜਾਈ ਲੜਨ ਦੇ ਲਈ ਇਕੱਠੇ ਹੋ ਕੇ ਕਿੰਨੇ ਹੀ ਲੋਕਾਂ ਨੇ ਕੁਰਬਾਨੀਆਂ ਦਿੱਤੀਆਂ, ਠੀਕ ਉਸੇ ਤਰ੍ਹਾਂ ਅੱਜ ਲੋਕਤੰਤਰ ਤੇ ਦੇਸ਼ ਨੂੰ ਬਚਾਉਣ ਲਈ ਸਾਰੀਆਂ ਪਾਰਟੀਆਂ ਇਕੱਠੀਆਂ ਹੋਈਆਂ ਹਨ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕਤੰਤਰ ਨੂੰ ਖਤਮ ਕਰ ਦਿੱਤਾ ਹੈ, ਈਡੀ ਤੇ ਸੀਬੀਆਈ ਦਾ ਗਲਤ ਢੰਗ ਨਾਲ ਇਸਤੇਮਾਲ ਕਰ ਕੇ ਵਿਰੋਧੀ ਆਗੂਆਂ ਨੂੰ ਡਰਾਇਆ ਜਾ ਰਿਹਾ ਹੈ। ਗੁਪਤਾ ਨੇ ਕਿਹਾ ਕਿ ਹੁਣ ਭਾਜਪਾ ਦੇ ਦਿਨ ਲੰਘ ਚੁੱਕੇ ਹਨ ਕਿਉਂਕਿ ਲੋਕਤੰਤਰ ਨੂੰ ਬਚਾਉਣ ਲਈ 'ਇੰਡੀਆ' ਗੱਠਜੋੜ ਪੂਰਾ ਜ਼ੋਰ ਲਗਾ ਰਿਹਾ ਹੈ। ਗੁਪਤਾ ਨੇ ਕਿਹਾ ਕਿ ਇਸ ਸਮੇਂ ਕੋਈ ਪਾਰਟੀ ਤੇ ਚੋਣ ਮਹੱਤਵਪੂਰਨ ਨਹੀਂ ਸਿਰਫ ਦੇਸ਼ ਤੇ ਲੋਕਤੰਤਰ ਸਭ ਤੋਂ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਪੀਐੱਮ ਮੋਦੀ ਦੀ ਵਿਦਾਈ ਤੈਅ ਹੈ। ਕਾਂਗਰਸ ਨੇਤਾ ਅਸ਼ੋਕ ਅਰੋੜਾ ਨੇ ਕਿਹਾ ਕਿ ਉਹ 'ਇੰਡੀਆ' ਗੱਠਜੋੜ ਦੇ ਸਮਰਥਨ ਵਿਚ ਵੋਟਾਂ ਮੰਗਣ ਆਏ ਹਨ। ਉਨ੍ਹਾਂ ਕਿਹਾ ਕਿ ਇਹ ਚੋਣਾਂ ਬਹੁਤ ਹੀ ਮਹੱਤਵਪੂਰਨ ਹਨ ਤੇ ਇਹ ਚੋਣਾਂ ਦੇਸ਼ ਦੇ ਲੋਕਤੰਤਰ ਤੇ ਸੰਵਿਧਾਨ ਨੂੰ ਬਚਾਉਣ ਦੀਆਂ ਚੋਣਾਂ ਹਨ। ਉਨਾਂ ਕਿਹਾ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹਾਦਤ ਬਦੌਲਤ ਸਾਨੂੰ ਆਜ਼ਾਦੀ ਮਿਲੀ ਸੀ, ਕਿਉਂਕਿ ਉਨ੍ਹਾਂ ਨੇ ਸਭ ਲਈ ਆਜ਼ਾਦੀ ਮੰਗੀ ਸੀ ਪਰ ਅੱਜ ਦੀ ਸਰਕਾਰ ਖਿਲਾਫ ਜੇ ਕੋਈ ਬੋਲਦਾ ਹੈ ਤਾਂ ਤਾਂ ਉਸ ਨੂੰ ਸੀਬੀਆਈ ਤੇ ਈਡੀ ਦੇ ਰਾਹੀਂ ਜੇਲ੍ਹ ਵਿਚ ਡੱਕਿਆ ਜਾਂਦਾ ਹੈ।

ਅਰੋੜਾ ਨੇ ਕਿਹਾ ਕਿ ਇਸ ਤਾਨਾਸ਼ਾਹ ਸਰਕਾਰ ਨੂੰ ਚੱਲਦਾ ਕਰਨ ਦਾ ਸਮਾਂ ਆ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਨੂੰ ਜਿਤਾਉਣ। ਇਸ ਮੌਕੇ ਜਜਪਾ ਦੇ ਸੂਬਾ ਜਨਰਲ ਸਕੱਤਰ ਵਿਕਰਮ ਅਹਿਲਾਵਤ, ਡਾ. ਦਿਲਬਾਗ ਸਿੰਘ, ਧਰਮਬੀਰ ਮਲਿਕ, ਬਲਦੇਵ ਸਿੰਘ ਨੇ ਜਜਪਾ ਨੂੰ ਛੱਡ ਕੇ ਇੰਡੀਆ ਗੱਠਜੋੜ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ।

# ਗੁਰੂ ਤੇਗ ਬਹਾਦਰ ਦਾ ਪ੍ਰਕਾਸ਼ ਪੁਰਬ ਮਨਾਇਆ



**ਨਰਾਇਣਗੜ੍ਹ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਰਾਇਣਗੜ੍ਹ ਦੇ ਗੁਰੂ ਲਾਧੋ ਰੇ ਭਵਨ ਵਿਖੇ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਤੇ ਸਾਲਾਨਾ ਗੁਰਮਤਿ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਕੀਰਤਨ ਦਰਬਾਰ ਕਰਵਾਇਆ ਗਿਆ, ਜਿਸ ਵਿਚ ਗੁਰਦੁਆਰਾ ਸ੍ਰੀ ਨਾਢਾ ਸਾਹਿਬ ਦੇ ਰਾਗੀ ਇੰਦਰਜੀਤ ਸਿੰਘ ਅਤੇ ਹੋਰ ਰਾਗੀ ਤੇ ਕਥਾਵਾਚਕਾਂ ਨੇ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਰਾਗੀ ਜਥਿਆਂ ਨੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਦੱਸਿਆ ਕਿ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਆਪਣਾ ਬਲੀਦਾਨ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਉਨ੍ਹਾਂ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਮੱਖਣ ਸ਼ਾਹ ਲੁਬਾਣਾ ਦੀ ਗੁਰੂ ਸਾਹਿਬ ਨਾਲ ਮੁਲਾਕਾਤ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਗੁਰਪਾਲ ਸਿੰਘ ਅਕਬਰਪੁਰ ਨੇ ਪ੍ਰਕਾਸ਼ ਉਤਸਵ ਦੀ ਵਧਾਈ ਦਿੱਤੀ ਤੇ ਗੁਰੂ ਤੇਗ ਬਹਾਦਰ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਸਿਮਰਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਗੁਰੂ ਲਾਧੋ ਰਾਏ ਭਵਨ ਦੀ ਸਮੂਹ ਪ੍ਰਬੰਧਕ ਕਮੇਟੀ ਨੇ ਸਮਾਗਮ ਵਿੱਚ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸਰਬਸੰਮਤੀ ਨਾਲ ਭਵਨ ਦੀ ਨਵੀਂ ਪ੍ਰਬੰਧਕੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਦਾ ਪ੍ਰਧਾਨ ਸੁਰਜੀਤ ਸਿੰਘ ਅਤੇ ਸਕੱਤਰ ਬਲਕਾਰ ਸਿੰਘ ਨੂੰ ਨਿਯੁਕਤ ਕੀਤਾ ਗਿਆ। ਇਸ ਮੌਕੇ ਭਵਨ ਦੀ ਸਮੂਹ ਪ੍ਰਬੰਧਕ ਕਮੇਟੀ ਦੇ ਆਗੂ, ਗੁਰਪਾਲ ਸਿੰਘ, ਸੁਖਪਾਲ ਸਿੰਘ, ਸੁਰਜੀਤ ਸਿੰਘ, ਬਲਕਾਰ ਸਿੰਘ, ਮਲਕੀਤ ਸਿੰਘ, ਲਖਵਿੰਦਰ ਸਿੰਘ, ਕੁਲਦੀਪ ਸਿੰਘ ਸਣੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਹਰਿਆਣਾ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਵੱਲੋਂ ਲੋੜਵੰਦਾਂ ਦੀ ਮਦਦ



**ਸਿਰਸਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਪ੍ਰਕਾਸ਼ ਸਿੰਘ ਸਹੂਵਾਲਾ ਅਤੇ ਮਲਕ ਸਿੰਘ ਕੰਗ ਭਾਵਦੀਨ ਵੱਲੋਂ ਲੋੜਵੰਦਾਂ ਦੀ ਆਰਥਿਕ ਮਦਦ ਕੀਤੀ ਗਈ। ਇਸ ਮੌਕੇ ਪ੍ਰਕਾਸ਼ ਸਿੰਘ ਸਾਹੂਵਾਲਾ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਹਮੇਸ਼ਾਂ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਂਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਭਾਵਦੀਨ ਵਾਸੀ ਮਹਿੰਦਰ ਸਿੰਘ ਦੀ ਪਤਨੀ ਅਮਰਜੀਤ ਕੌਰ ਨੂੰ ਕੈਂਸਰ ਦੇ ਇਲਾਜ ਲਈ 20 ਹਜ਼ਾਰ ਰੁਪਏ ਦਾ ਚੈੱਕ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਿਰਸਾ ਵਾਸੀ ਜਗਦੀਸ਼ ਰਾਏ ਦੀ ਪਤਨੀ ਨਿਰਮਲਾ ਦੇਵੀ ਨੂੰ ਇਲਾਜ ਲਈ 20 ਹਜ਼ਾਰ, ਹਾਰਨੀ ਖੁਰਦ ਵਾਸੀ ਬਲਬੀਰ ਸਿੰਘ ਨੂੰ 35 ਹਜ਼ਾਰ ਰੁਪਏ ਕੈਂਸਰ ਦੇ ਇਲਾਜ ਲਈ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਬਾਬਾ ਜੀਵਨ ਸਿੰਘ ਨੂੰ 25 ਹਜ਼ਾਰ, ਭਾਵਦੀਨ ਯੁਵਾ ਸਪੋਰਟਸ ਕਲੱਬ ਨੂੰ 30 ਹਜ਼ਾਰ ਰੁਪਏ ਦੀ ਆਰਥਿਕ ਮਦਦ ਲਈ ਚੈੱਕ ਦਿੱਤਾ ਗਿਆ ਹੈ। ਪਿੰਡ ਝੋਰੜ ਰੋਹੀ ਵਾਸੀ ਕੁਲਵੰਤ ਸਿੰਘ ਨੂੰ ਬੀਮਾਰੀ ਦੇ ਇਲਾਜ ਲਈ 15 ਹਜ਼ਾਰ ਦੀ ਆਰਥਿਕ ਮਦਦ ਕੀਤੀ ਗਈ ਹੈ। ਇਸ ਮੌਕੇ ਗੁਰਦੁਆਰਾ ਦਸਵੀਂ ਪਾਤਸ਼ਾਹੀ ਦੇ ਮੈਨੇਜਰ ਰਜਿੰਦਰ ਸਿੰਘ ਰਾਣਾ, ਗੁਰਚਰਨ ਸਿੰਘ ਵੈਦਵਾਲਾ, ਸੁਖਦੇਵ ਸਿੰਘ ਢਿੱਲੋਂ, ਜੱਜ ਸਿੰਘ ਤੇ ਕਈ ਹੋਰ ਪਤਵੰਤੇ ਮੌਜੂਦ ਸਨ।

# ਨਰਾਇਣ ਸੇਵਾ ਕਮੇਟੀ ਦੇ ਅਹੁਦੇਦਾਰ ਚੁਣੇ

**ਸ਼ਾਹਬਾਦ ਮਾਰਕੰਡਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




13 ਸਾਲਾਂ ਤੋਂ ਸਮਾਜ ਸੇਵੀ ਕਾਰਜਾਂ ਵਿਚ ਜੁਟੀ ਸ਼ਾਹਬਾਦ ਮਾਰਕੰਡਾ ਦੀ ਨਰ ਨਰਾਇਣ ਸੇਵਾ ਕਮੇਟੀ ਦੀ ਇਕ ਵਿਸ਼ੇਸ਼ ਬੈਠਕ ਕਮੇਟੀ ਦੇ ਦਫਤਰ ਵਿਚ ਹੋਈ। ਮੀਟਿੰਗ ਵਿੱਚ ਕਮੇਟੀ ਦੇ ਸੰਸਥਾਪਕ ਮਨੀਸ਼ ਭਾਟੀਆ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣਿਆ ਗਿਆ। ਜ਼ਿਕਰਯੋਗ ਹੈ ਕਿ ਦਸੰਬਰ 2010 ਵਿੱਚ ਮਨੀਸ਼ ਭਾਟੀਆ ਨੇ ਆਪਣੇ ਕੁਝ ਸਾਥੀਆਂ ਨਾਲ ਇਸ ਸੰਸਥਾ ਦੀ ਸਥਾਪਨਾ ਕੀਤੀ ਸੀ, ਜੋ ਹੁਣ ਸਮਾਜ ਸੇਵਾ ਦੇ ਰੂਪ ਵਿਚ ਇਕ ਵੱਡਾ ਦਰੱਖਤ ਦਾ ਰੂਪ ਧਾਰਨ ਕਰ ਚੁੱਕੀ ਹੈ। ਮਨੀਸ਼ ਭਾਟੀਆ ਨੇ ਦੱਸਿਆ ਕਿ ਕਮੇਟੀ ਦੇ 14 ਕਾਰਜਕਾਰਨੀ ਮੈਂਬਰ ਅਤੇ ਲਗਭਗ 170 ਮਹੀਨਾਵਾਰੀ ਦਾਨੀ ਸੱਜਣਾਂ ਨਾਲ ਮਿਲ ਕੇ ਹਰ ਲੋੜਵੰਦ ਦੀ ਸੰਭਵ ਮਦਦ ਕਰ ਰਹੀ ਹੈ। ਇਸ ਤੋਂ ਇਲਾਵਾ ਲੋੜਵੰਦ ਬੱਚਿਆਂ ਦੀ ਪੜ੍ਹਾਈ, ਲੋੜਵੰਦ ਲੜਕੀਆਂ ਦੇ ਵਿਆਹ ਤੇ ਲੋੜਵੰਦ ਪਰਿਵਾਰਾਂ ਨੂੰ ਹਰ ਮਹੀਨੇ ਰਾਸ਼ਨ ਵੰਡਣਾ, ਬੇਸਹਾਰਾ ਲੋਕਾਂ ਦਾ ਇਲਾਜ ਤੇ ਦਵਾਈ ਆਦਿ ਲਈ ਮਦਦ ਕਰਨਾ, ਮੁਫਤ ਮੈਡੀਕਲ ਕੈਂਪ, ਝੁੱਗੀ ਝੌਂਪੜੀ ਵਿਚ ਖਾਣਾ, ਕੰਬਲ, ਕੱਪੜੇ ਆਦਿ ਵੰਡਣ ਸਣੇ ਹੋਰ ਬਹੁਤ ਸਾਰੇ ਮੌਕਿਆਂ 'ਤੇ ਸਮਾਜ ਸੇਵਾ ਦੇ ਕਾਰਜ ਕਰਵਾਏ ਜਾ ਰਹੇ ਹਨ। ਮਨੀਸ਼ ਭਾਟੀਆ ਨੇ ਆਪਣੀ ਨਵੀਂ ਕਾਰਜਕਾਰਨੀ ਦਾ ਐਲਾਨ ਕਰਦਿਆਂ ਦੱਸਿਆ ਕਿ ਰਾਕੇਸ਼ ਮੁਲਤਾਨੀ ਨੂੰ ਚੇਅਰਮੈਨ, ਵਿਨੋਦ ਅਰੋੜਾ ਸਕੱਤਰ, ਹਰੀਸ਼ ਵਿਰਮਾਨੀ ਨੂੰ ਖਜ਼ਾਨਚੀ, ਕਰਨੈਲ ਸਿੰਘ ਮੈਨੇਜਰ, ਸਤਪਾਲ ਭਾਟੀਆ ਤੇ ਵਿਨੋਦ ਸ਼ਰਮਾ ਵਿਸ਼ੇਸ਼ ਸਲਾਹਕਾਰ, ਜਗਦੀਸ਼ ਸੁਨੇਜਾ, ਸੁਸ਼ੀਲ ਠੁਕਰਾਲ, ਬਿਟੂ ਬਤਰਾ ਸਰਪ੍ਰਸਤ, ਅਮਿਤ ਕਾਲੜਾ ਤੇ ਲਵ ਛਾਬੜਾ ਨੂੰ ਕਾਰਜਕਾਰਨੀ ਮੈਂਬਰ ਨਾਮਜ਼ਦ ਕੀਤਾ ਹੈ।

# ਜ਼ਿਲ੍ਹਾ ਅਧਿਕਾਰੀਆਂ ਵੱਲੋਂ ਪੋਲਿੰਗ ਸਟੇਸ਼ਨਾਂ ਦਾ ਨਿਰੀਖਣ




**ਸਿਰਸਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ ਨਿਰਪੱਖ, ਪਾਰਦਰਸ਼ੀ ਅਤੇ ਸ਼ਾਂਤਮਈ ਢੰਗ ਨਾਲ ਕਰਵਾਉਣ ਅਤੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਫ਼ਸਰ ਤੇ ਡਿਪਟੀ ਕਮਿਸ਼ਨਰ ਆਰ.ਕੇ. ਸਿੰਘ ਅਤੇ ਪੁਲੀਸ ਸੁਪਰਡੈਂਟ ਵਿਕਰਾਂਤ ਭੂਸ਼ਣ ਨੇ ਅੱਜ ਸਾਂਝੇ ਤੌਰ 'ਤੇ ਸਥਾਨਕ ਸ਼ਮਸ਼ਾਬਾਦ ਪੱਟੀ, ਚੱਤਰਗੜ੍ਹ ਪੱਟੀ ਅਤੇ ਕਈ ਹੋਰ ਪੋਲਿੰਗ ਬੂਥਾਂ ਦਾ ਨਿਰੀਖਣ ਕੀਤਾ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਪੋਲਿੰਗ ਸਟੇਸ਼ਨਾਂ 'ਤੇ ਸਹੂਲਤਾਂ ਦੀ ਕੋਈ ਕਮੀ ਨਹੀਂ ਆਉਣੀ ਚਾਹੀਦੀ। ਅਪਾਹਜ ਅਤੇ ਬਜ਼ੁਰਗ ਵੋਟਰਾਂ ਲਈ ਰੈਂਪ ਦੀ ਸਹੂਲਤ, ਮਰਦਾਂ ਅਤੇ ਔਰਤਾਂ ਲਈ ਵੱਖਰੇ ਪਖਾਨੇ, ਪੀਣ ਵਾਲੇ ਪਾਣੀ, ਮੇਜ਼ ਅਤੇ ਕੁਰਸੀਆਂ ਸਮੇਤ ਛਾਂ ਆਦਿ ਯਕੀਨੀ ਬਣਾਈ ਜਾਵੇ। ਪੋਲਿੰਗ ਸਟੇਸ਼ਨਾਂ ਦੇ ਅੰਦਰ ਰੋਸ਼ਨੀ ਲਈ ਬਿਜਲੀ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਪਾਹਜ ਵੋਟਰਾਂ ਦੀ ਸਹੂਲਤ ਲਈ ਵੀਲ੍ਹ ਚੇਅਰ ਅਤੇ ਵਾਲੰਟੀਅਰਾਂ ਦਾ ਪ੍ਰਬੰਧ ਯਕੀਨੀ ਬਣਾਇਆ ਜਾਵੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੋਲਿੰਗ ਸਟੇਸ਼ਨਾਂ ਵਿੱਚ ਜਿੱਥੇ ਵੀ ਕੋਈ ਕਮੀ ਮਿਲੇ, ਉਸ ਨੂੰ ਤੁਰੰਤ ਠੀਕ ਕੀਤਾ ਜਾਵੇ ਅਤੇ ਇਸ ਦੀ ਰਿਪੋਰਟ ਜ਼ਿਲ੍ਹਾ ਚੋਣ ਦਫ਼ਤਰ ਨੂੰ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰ ਲਏ ਜਾਣ।

# ਅੱਖਾਂ ਬੰਦ ਕਰਕੇ ਪੜ੍ਹਨ ਦੇ ਦਾਅਵੇ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਚੁਣੌਤੀ

**ਡੱਬਵਾਲੀ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਤਰਕਸ਼ੀਲ ਸੁਸਾਇਟੀ ਨੇ ਆਰਟ ਆਫ ਲਿਵਿੰਗ ਦੀ ਪ੍ਰਗਿਆ ਯੋਗਾ ਸਿੱਖਿਆ ਵਿੱਚ ਸਿਖਲਾਈ ਪ੍ਰਾਪਤ ਇੱਕ ਲੜਕੀ ਵੱਲੋਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਪੜ੍ਹਨ ਅਤੇ ਰੰਗਾਂ ਨੂੰ ਪਛਾਣਨ ਦੇ ਦਾਅਵੇ 'ਤੇ ਸਵਾਲ ਖੜ੍ਹੇ ਕੀਤੇ ਹਨ। ਸੁਸਾਇਟੀ ਦੀ ਡੱਬਵਾਲੀ ਇਕਾਈ ਨੇ ਇਸ ਦਾਅਵੇ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਇਸ ਨੂੰ ਅੰਧ-ਵਿਸ਼ਵਾਸ ਅਤੇ ਪਾਖੰਡ ਕਰਾਰ ਦਿੱਤਾ ਹੈ। ਇਸ ਮੌਕੇ ਤਰਕਸ਼ੀਲ ਸੁਸਾਇਟੀ ਡੱਬਵਾਲੀ ਦੇ ਪ੍ਰਧਾਨ ਪੁਸ਼ਪਿੰਦਰ ਸਿੰਘ ਤੇ ਜਗਤਾਰ ਸਿੰਘੇਵਾਲਾ ਨੇ ਕਿਹਾ ਕਿ ਬੱਚੀ ਨੂੰ ਵਿੱਦਿਆ ਸਿਖਾਉਣ ਵਾਲੇ ਇੰਸਟਰੱਕਟਰ ਨੂੰ ਸੁਸਾਇਟੀ ਦੀਆਂ ਸ਼ਰਤਾਂ ਅਨੁਸਾਰ ਅੱਖਾਂ ਬੰਦ ਕਰਕੇ ਪਾਠ ਪੜ੍ਹ ਕੇ ਦਿਖਾਉਣ 'ਤੇ 5 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਬੀਤੇ ਦਿਨ੍ਹੀਂ ਆਰਟ ਆਫ ਲਿਵਿੰਗ ਡੱਬਵਾਲੀ ਬ੍ਰਾਂਚ ਦੇ ਮੁਖੀ ਅਤੇ ਯੋਗਾ ਅਧਿਆਪਕ ਡਾ. ਪ੍ਰੇਮ ਛਾਬੜਾ ਅਤੇ ਵਾਲੰਟੀਅਰ ਸੁਮਿਤ ਅਨੇਜਾ ਦੀ ਮੌਜੂਦਗੀ ਵਿੱਚ ਇੱਕ ਬੱਚੀ ਨੇ ਅੱਖਾਂ 'ਤੇ ਪੱਟੀ ਬੰਨ੍ਹ ਕੇ ਰੰਗਾਂ, ਗਣਿਤ ਦੇ ਬਲਾਕਾਂ ਅਤੇ ਕਾਗਜ਼ 'ਤੇ ਲਿਖੀ ਸਮੱਗਰੀ ਨੂੰ ਪੜ੍ਹਿਆ ਸੀ।

ਤਰਕਸ਼ੀਲ ਸੁਸਾਇਟੀ ਡੱਬਵਾਲੀ ਦੀ ਅੱਜ ਮੀਟਿੰਗ 'ਚ ਪਾਖੰਡ ਤੇ ਅੰਧਵਿਸ਼ਵਾਸ ਫੈਲਾਉਣ ਵਾਲਿਆਂ ਦਾ ਪਰਦਾਫਾਸ਼ ਕਰਨ ਦਾ ਫੈਸਲਾ ਹੋਇਆ। ਸੁਸਾਇਟੀ ਦੇ ਸਕੱਤਰ ਜਗਤਾਰ ਸਿੰਘੇਵਾਲਾ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 51-ਏ (ਐਚ) ਅਨੁਸਾਰ ਅੰਧ-ਵਿਸ਼ਵਾਸ ਫੈਲਾਉਣਾ ਅਤੇ ਰੱਬੀ ਸ਼ਕਤੀ ਦੇ ਝੂਠੇ ਦਾਅਵੇ ਕਰਨਾ ਕਾਨੂੰਨੀ ਜੁਰਮ ਹੈ।ਆਰਟ ਆਫ ਲਿਵਿੰਗ ਡੱਬਵਾਲੀ ਸਾਖਾ ਦੇ ਮੁਖੀ ਅਤੇ ਯੋਗਾ ਅਧਿਆਪਕ ਡਾ. ਪ੍ਰੇਮ ਛਾਬੜਾ ਨੇ ਦੱਸਿਆ ਕਿ ਆਰਟ ਆਫ ਲਿਵਿੰਗ, ਬੈਂਗਲੁਰੂ ਵੱਲੋਂ ਤਿਆਰ ਕੀਤੀ ਅੰਤਰਗਿਆਨ-ਪ੍ਰਕਿਰਿਆ ਦੇ ਤਹਿਤ 5 ਤੋਂ 18 ਸਾਲ ਦੇ ਬੱਚਿਆਂ ਨੂੰ ਪ੍ਰਗਿਆ ਯੋਗਾ ਸਿਖਾਇਆ ਜਾਂਦਾ ਹੈ। ਸਿਖਲਾਈ ਮਗਰੋਂ ਕਈ ਬੱਚੇ ਅਭਿਆਸ ਨਾਲ ਇਸ ਪੱਧਰ 'ਤੇ ਪਹੁੰਚ ਜਾਂਦੇ ਹਨ। ਤਰਕਸ਼ੀਲ ਸੁਸਾਇਟੀ ਵੱਲੋਂ ਦਿੱਤੀ ਚੁਣੌਤੀ ਬਾਰੇ ਉਨ੍ਹਾਂ ਕਿਹਾ ਕਿ ਲੋਕਤੰਤਰ ਵਿੱਚ ਹਰ ਵਿਅਕਤੀ ਨੂੰ ਆਪਣੀ ਗੱਲ ਰੱਖਣ ਦਾ ਹੱਕ ਹੈ।

# ਹਰਿਆਣਾ ਪੁਲੀਸ ਵੱਲੋਂ ਬੱਲਭਗੜ੍ਹ ਵਿੱਚ ਫਲੈਗ ਮਾਰਚ



**ਫਰੀਦਾਬਾਦ,3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਫਰੀਦਾਬਾਦ ਪੁਲੀਸ ਨੇ ਆਈਟੀਬੀਪੀ ਦੀਆਂ ਦੋ ਕੰਪਨੀਆਂ ਦੇ ਨਾਲ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਉੱਥੇ ਰਹਿਣ ਵਾਲੇ ਲੋਕਾਂ ਨੂੰ ਚੋਣਾਂ ਦੌਰਾਨ ਸ਼ਾਂਤੀ ਬਣਾਈ ਰੱਖਣ ਲਈ ਜਾਗਰੂਕ ਕੀਤਾ। ਇਸ ਮੌਕੇ ਪੁਲੀਸ ਟੀਮ ਦੀਆਂ ਟੁਕੜੀਆਂ ਥਾਣਾ ਸਦਰ ਬੱਲਭਗੜ੍ਹ ਤੋਂ ਸ਼ੁਰੂ ਹੋ ਕੇ ਪਿੰਡ ਸ਼ਾਹਪੁਰ, ਸਨਪੇੜ, ਦੇਗ, ਫਤਹਿਪੁਰ ਬਿਲੋਚ, ਪਿੰਡ ਅਤਰਨਾ, ਮੋਹਾਣਾ, ਛਾਉਣੀ, ਦਿਆਲਪੁਰ, ਮੱਛਰਗੜ੍ਹ, ਚਾਂਦਵਾਲੀ, ਗੜ੍ਹਖੇੜਾ ਨਰਹਾਵਾਲੀ, ਨਰਿਆਲਾ, ਹੀਰਾਪੁਰ, ਪੰਜੇੜਾ ਖੁਰਦ, ਆੜੂਆ ਤੋਂ ਹੁੰਦੇ ਹੋਏ ਗਾਜ਼ੀਪੁਰਖਾਦਰ ਤੋਂ ਬਾਅਦ ਚਾਂਦਪੁਰ, ਮੋਟੂਕਾ, ਪਿੰਡ ਫਜੂਪੁਰ, ਕੋਰਾਲੀ, ਤਿਗਾਂਵ ਮੇਨ ਬਾਜ਼ਾਰ, ਨਵਾਦਾ, ਮੁਜੇਦੀ, ਤਿਗਾਂਵ ਪੁਲ, ਮਲੇਰਨਾ ਰੋਡ, ਗੁਪਤਾ ਹੋਟਲ, ਅੰਬੇਡਕਰ ਚੌਕ, ਤਿਗਾਂਵ ਰੋਡ, ਪੁਲੀਸ ਚੌਕੀ ਸੈਕਟਰ 3 ਤੋਂ ਹੁੰਦਾ ਹੋਇਆ ਮਿਲਨ ਚੌਕ ਤੋਂ ਚਾਂਦਵਾਲੀ ਪੁਲ ਪਹੁੰਚੀਆਂ। ਪੁਲੀਸ ਸਟੇਸ਼ਨ ਸੈਕਟਰ 8 ਤੋਂ ਇਸ ਤਰ੍ਹਾਂ ਇਹ ਫਲੈਗ ਮਾਰਚ ਬੱਲਭਗੜ੍ਹ ਜ਼ੋਨ ਦੇ ਪਿੰਡ ਵਿੱਚ ਕੱਢਿਆ ਗਿਆ। ਫਲੈਗ ਮਾਰਚ ਦੌਰਾਨ ਆਮ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਕਿ ਚੋਣਾਂ ਦੌਰਾਨ ਕੁਝ ਸਮਾਜ ਵਿਰੋਧੀ ਅਨਸਰ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰਦੇ ਹਨ, ਇਸ ਲਈ ਅਜਿਹੇ ਲੋਕਾਂ ਤੋਂ ਸਾਵਧਾਨ ਰਹਿਣ ਅਤੇ ਅਮਨ-ਸ਼ਾਂਤੀ ਬਰਕਰਾਰ ਰੱਖਣ ਲਈ ਪੁਲੀਸ ਦਾ ਸਹਿਯੋਗ ਕਰਨ। ਚੋਣਾਂ ਦੌਰਾਨ ਲੋਕਾਂ ਨੂੰ ਨਸ਼ਾ ਤਸਕਰਾਂ 'ਤੇ ਵਿਸ਼ੇਸ਼ ਧਿਆਨ ਦੇਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਪਰਾਧ ਦੀ ਸੂਚਨਾ ਮਿਲਦੀ ਹੈ ਤਾਂ ਉਹ ਤੁਰੰਤ ਇਸ ਦੀ ਸੂਚਨਾ ਪੁਲੀਸ ਨੂੰ ਦੇਣ ਅਤੇ ਸ਼ਰਾਰਤੀ ਅਨਸਰਾਂ ਖ਼ਿਲਾਫ਼ ਪੁਲੀਸ ਦਾ ਸਹਿਯੋਗ ਕਰਨ।

# ਹਾਈ ਵੋਲਟੇਜ ਤਾਰਾਂ ਦੀ ਲਪੇਟ 'ਚ ਆਏ ਮਜ਼ਦੂਰ; ਇਕ ਗੰਭੀਰ ਜ਼ਖ਼ਮੀ

**ਰਤੀਆ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਲਾਲੀ ਰੋਡ 'ਤੇ ਸਥਿਤ ਇੱਕ ਘਰ ਵਿੱਚ ਸ਼ੈੱਡ ਦਾ ਨਿਰਮਾਨ ਕਰਦੇ ਸਮੇਂ ਉਪਰੋਂ ਲੰਘ ਰਹੀ ਹਾਈ ਵੋਲਟੇਜ ਬਿਜਲੀ ਦੀ ਤਾਰ ਤੋਂ ਤਿੰਨ ਮਜ਼ਦੂਰਾਂ ਨੂੰ ਕਰੰਟ ਲੱਗ ਗਿਆ। ਕਰੰਟ ਲੱਗਣ ਕਾਰਨ ਇਕ ਮਜ਼ਦੂਰ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਜਿਸ ਨੂੰ ਇਲਾਜ ਲਈ ਅਗਰੋਹਾ ਮੈਡੀਕਲ ਰੈਫਰ ਕੀਤਾ ਗਿਆ ਹੈ। ਮਜ਼ਦੂਰਾਂ ਨੂੰ ਕਰੰਟ ਲੱਗਣ ਦੀ ਸੂਚਨਾ ਮਿਲਦੇ ਹੀ, ਜਿੱਥੇ ਪੁਲੀਸ ਸਹਾਇਤਾ 112 ਦੀ ਟੀਮ ਮੌਕੇ 'ਤੇ ਪਹੁੰਚੀ, ਉਥੇ ਐਂਬੂਲੈਂਸ ਦੇ ਸਹਿਯੋਗ ਨਾਲ ਸਾਰੇ ਜ਼ਖ਼ਮੀਆਂ ਨੂੰ ਇਲਾਜ ਲਈ ਰਤੀਆ ਦੇ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ।

ਬਿਜਲੀ ਦੇ ਕਰੰਟ ਨਾਲ ਪ੍ਰਭਾਵਿਤ ਹੋਏ ਪਿੰਡ ਹਮਜਾਪੁਰ ਦੇ ਦਲਜੀਤ ਸਿੰਘ ਅਤੇ ਅਜੈ ਕੁਮਾਰ ਨੇ ਦੱਸਿਆ ਕਿ ਉਹ ਤਿੰਨ ਜਣੇ ਸ਼ਹਿਰ ਦੇ ਲਾਲੀ ਰੋਡ 'ਤੇ ਸਥਿਤ ਦਵਿੰਦਰ ਸਿੰਘ ਦੇ ਘਰ ਵਿੱਚ ਪਿਛਲੇ 2 ਦਿਨਾਂ ਤੋਂ ਸ਼ੈੱਡ ਦਾ ਨਿਰਮਾਣ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਇਸ ਨਿਰਮਾਣ ਦੌਰਾਨ ਉਹ ਤਿੰਨੇ ਹੀ ਸ਼ੈੱਡ ਦੇ ਉਪਰ ਖੜ੍ਹੇ ਸੀ ਅਤੇ ਇਸ ਦੌਰਾਨ ਉਹ ਡਰਿੱਲ ਰਾਹੀਂ ਮੋਰੀ ਕਰ ਕੇ ਨੱਟ ਕਸ ਰਹੇ ਸਨ। ਮਜ਼ਦੂਰਾਂ ਨੇ ਦੱਸਿਆ ਕਿ ਜਿਵੇਂ ਹੀ ਸ਼ੈੱਡ ਵਿਚ ਕਰੰਟ ਆਇਆ ਤਾਂ ਬਿਜਲੀ ਦੇ ਝਟਕੇ ਨਾਲ ਉਹ ਤਿੰਨੇ ਹੇਠਾਂ ਡਿੱਗ ਗਏ।

# ਨਸ਼ੀਲੇ ਕੈਪਸੂਲਾਂ ਦੇ ਮਾਮਲੇ 'ਚ ਦੋਸ਼ੀ ਨੂੰ ਅੱਠ ਸਾਲ ਦੀ ਕੈਦ

**ਯਮੁਨਾਨਗਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਦਾਲਤ ਨੇ ਪਾਬੰਦੀਸ਼ੁਦਾ ਕੈਪਸੂਲਾਂ ਸਣੇ ਫੜੇ ਗਏ ਕ੍ਰਿਸ਼ਨਾ ਨਗਰ ਕਲੋਨੀ (ਗਾਂਧੀ ਨਗਰ) ਦੇ ਰਹਿਣ ਵਾਲੇ ਅਨਿਲ ਨੂੰ ਅੱਠ ਸਾਲ ਦੀ ਸਜ਼ਾ ਅਤੇ 40 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ ਹੈ।

ਜੁਰਮਾਨਾ ਅਦਾ ਨਾ ਕਰਨ ਦੀ ਸੂਰਤ ਵਿੱਚ ਇੱਕ ਸਾਲ ਦੀ ਵਾਧੂ ਸਜ਼ਾ ਭੁਗਤਣੀ ਪਵੇਗੀ।ਇਸ ਦੇ ਨਾਲ ਹੀ ਅਦਾਲਤ ਨੇ ਭੁੱਕੀ ਸਣੇ ਫੜੇ ਗਏ ਪੁਰਾਣੇ ਹਮੀਦਾ ਵਾਸੀ ਕੁਲਦੀਪ ਨੂੰ ਦੋ ਸਾਲ ਦੀ ਕੈਦ ਅਤੇ 20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਗੁਰਦੁਆਰਾ ਸ੍ਰੀ ਜੀਵਨ ਨਗਰ ਵਿੱਚ ਹੋਲਾ ਮਹੱਲਾ ਸਮਾਗਮ ਸਮਾਪਤ

**ਏਲਨਾਬਾਦ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਸਤਿਗੁਰੂ ਦਲੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਗੁਰਦੁਆਰਾ ਸ੍ਰੀ ਜੀਵਨ ਨਗਰ ਵਿਖੇ ਮਨਾਏ ਜਾ ਰਹੇ 12ਵੇਂ ਤਿੰਨ ਰੋਜ਼ਾ ਹੋਲੇ ਮਹੱਲੇ ਦੇ ਸਮਾਗਮ ਅੱਜ ਸਮਾਪਤ ਹੋ ਗਏ। ਤਿੰਨ ਦਿਨਾਂ ਸਮਾਗਮਾਂ ਦੌਰਾਨ ਸੰਗਤਾਂ ਨੇ ਪੂਰੇ ਉਤਸ਼ਾਹ ਨਾਲ ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਸੇਵਾ ਕੀਤੀ। ਅੱਜ ਸਵੇਰੇ ਗੁਰਦੁਆਰਾ ਸਾਹਿਬ ਵਿਖੇ 117 ਸਾਧਾਰਨ ਪਾਠਾਂ ਅਤੇ ਇੱਕ ਦਸਮ ਗ੍ਰੰਥ ਦੇ ਪਾਠ ਦੇ ਭੋਗ ਪਾਏ ਗਏ। ਇਸ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਦੀ ਮਰਿਯਾਦਾ ਅਨੁਸਾਰ ਅਤੇ ਨਾਮਧਾਰੀ ਵਿਧੀ ਰਾਹੀਂ ਦੋ ਆਨੰਦ ਕਾਰਜ ਵੀ ਕੀਤੇ ਗਏ। ਸਮਾਪਤੀ ਸਮਾਗਮ ਦੌਰਾਨ ਵਿਦੇਸ਼ ਤੋਂ ਲਾਈਵ ਪ੍ਰਸਾਰਨ ਰਾਹੀਂ ਸਤਿਗੁਰੂ ਦਲੀਪ ਸਿੰਘ ਜੀ ਨੇ ਸੰਗਤਾਂ ਨੂੰ ਆਖਿਆ ਕਿ ਮਨੁੱਖ ਦੀਆਂ ਇੱਛਾਵਾਂ ਵਧਣ ਅਤੇ ਗਲਤ ਖਾਣ-ਪੀਣ ਕਾਰਨ ਅਸੀਂ ਮਾਨਸਿਕ ਅਤੇ ਸਰੀਰਕ ਕਸ਼ਟ ਦੇ ਸ਼ਿਕਾਰ ਹੋ ਰਹੇ ਹਾਂ। ਇਸ ਲਈ ਆਪਣੀਆਂ ਇੱਛਾਵਾਂ ਨੂੰ ਸੀਮਤ ਰੱਖਣਾ ਅਤਿ-ਜ਼ਰੂਰੀ ਹੈ। ਉਨ੍ਹਾਂ ਕੁਦਰਤੀ ਇਲਾਜ ਪ੍ਰਣਾਲੀ ਨੂੰ ਅਪਣਾਉਣ ਦਾ ਉਪਦੇਸ਼ ਦਿੱਤਾ। ਉਨ੍ਹਾਂ ਆਖਿਆ ਕਿ ਦੁੱਖ-ਸੁੱਖ ਜ਼ਿੰਦਗੀ ਦਾ ਹਿੱਸਾ ਹਨ, ਇਸ ਲਈ ਮਾੜੇ ਸਮੇਂ ਦੌਰਾਨ ਮਨੁੱਖ ਨੂੰ ਕਦੇ ਵੀ ਘਬਰਾਉਣਾ ਨਹੀਂ ਚਾਹੀਦਾ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਕੇ ਸਮਾਜਿਕ ਕੰਮਾਂ ਵਿੱਚ ਆਪਣੀ ਹਿੱਸੇਦਾਰੀ ਵਧਾਉਣ ਦਾ ਉਪਦੇਸ਼ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਆਸਾ ਦੀ ਵਾਰ ਦੇ ਪਾਠ ਨਾਲ ਹੋਈ ਜਿਸ ਤੋਂ ਬਾਅਦ ਰਾਗੀ-ਢਾਡੀ ਸਿੰਘਾਂ ਅਤੇ ਕਵੀਸ਼ਰੀ ਜਥਿਆਂ ਵੱਲੋਂ ਦੀਵਾਨ ਸਜਾਏ ਗਏ। ਮੰਚ ਸੰਚਾਲਨ ਰਣਬੀਰ ਸਿੰਘ ਬਾਜਵਾ ਨੇ ਕੀਤਾ। ਇਸ ਮੌਕੇ ਕਮੇਟੀ ਪ੍ਰਧਾਨ ਜਸਪਾਲ ਸਿੰਘ, ਸੂਬਾ ਬਲਜੀਤ ਸਿੰਘ, ਸਰਪੰਚ ਸਵਿੰਦਰ ਭੱਲਾ, ਜਸਵੀਰ ਸਿੰਘ ਠੇਕੇਦਾਰ, ਅਜਮੇਰ ਸਿੰਘ,ਗੁਰਦੇਵ ਸਿੰਘ, ਜਸਵੀਰ ਕੌਰ, ਦਲਜੀਤ ਕੌਰ, ਰਾਜਬੀਰ ਕੌਰ, ਰਣਜੀਤ ਕੌਰ ਸਮੇਤ ਸੰਗਤ ਹਾਜ਼ਰ ਸੀ।

# ਗੁਰੂਗ੍ਰਾਮ ਦੀ 31 ਬਹੁਮੰਜਿਲਾ ਸੋਸਾਇਟੀ ਵਿਚ ਬਣਾਏ ਗਏ ਹਨ 52 ਪੋਲਿੰਗ ਬੂਥ

## ਹਰਿਆਣਾ ਵਿਚ ਚੋਣ ਦਾ ਫੀਸਦੀ 75 ਫੀਸਦੀ ਤੋਂ ਵੱਧ ਕਰਨ ਦਾ ਹੈ ਟੀਚਾ : ਅਨੁਰਾਗ ਅਗਰਵਾਲ

**ਗੁਰੂਗ੍ਰਾਮ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ 25 ਮਈ ਨੂੰ ਹਰਿਆਣਾ ਵਿਚ ਹੋਣ ਵਾਲੇ ਲੋਕਸਭਾ ਆਮ ਚੋਣ ਨੂੰ ਲੈ ਕੇ ਤਿਆਰੀ ਪੂਰੀ ਕੀਤੀ ਜਾ ਰਹੀ ਹੈ। 75 ਫੀਸਦੀ ਤੋਂ ਵੱਧ ਚੋਣ ਫੀਸਦੀ ਵਧਾਉਣ ਦਾ ਟੀਚਾ ਵਿਭਾਗ ਨੇ ਨਿਰਧਾਰਿਤ ਕੀਤਾ ਹੈ। ਇਸ ਲੜੀ ਵਿਚ ਗਲੋਬਲ ਸਿਟੀ ਗੁਰੂਗ੍ਰਾਮ ਵਿਚ 31 ਬਹੁਮੰਜਿਲਾ ਸੋਸਾਇਟੀ ਵਿਚ ਪਹਿਲੀ ਵਾਰ 52 ਪੋਲਿੰਗ ਬੂਥ ਬਣਾਏ ਗਏ ਹਨ।

ਸ੍ਰੀ ਅਗਰਵਾਲ ਅੱਜ ਚੋਣ ਪ੍ਰਬੰਧਾਂ ਨੂੰ ਲੈ ਕੇ ਸਮੀਖਿਆ ਮੀਟਿੰਗ ਕਰ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਆਮਤੌਰ 'ਤੇ ਇਹ ਧਾਰਣਾਂ ਰਹਿੰਦੀ ਹੈ ਕਿ ਗਲੋਬਲ ਸਿਟੀ ਗੁਰੂਗ੍ਰਾਮ ਵਰਗੇ ਸ਼ਹਿਰਾਂ ਦੀ ਬਹੁਮੰਜਿਲਾ ਸੋਸਾਇਟੀ ਵਿਚ ਸਾਧਨ ਸੰਪੰਨ ਤੇ ਧਨ ਵਾਲੇ ਵਿਅਕਤੀ ਰਹਿੰਦੇ ਹਨ, ਜੋ ਚੋਣ ਦੇ ਪ੍ਰਤੀ ਵੱਧ ਦਿਲਚਸਪੀ ਨਹੀਂ ਲੈਂਦੇ ਹਨ, ਇਸ ਲਈ ਅਸੀਂ ਪਹਿਲੀ ਵਾਰ ਰੇਂਜਿਟੇਂਡ ਵੈਲਫੇਅਰ ਸੋਸਾਇਟੀ ਨਾਲ ਗਲਬਾਤ ਕਰ ਸੋਸਾਇਟੀ ਵਿਚ ਚੋਣ ਬੂਥ ਬਨਾਉਣ ਦੀ ਪਹਿਲ ਕੀਤੀ ਹੈ। ਤਾਂ ਜੋ ਉਹ ਸੋਸਾਇਟੀ ਦੇ ਅੰਦਰ ਹੀ ਚੋਣ ਕਰ ਸਕਣ। ਇਸ ਦੇ ਲਈ ਸ੍ਰੀ ਅਗਰਵਾਲ ਨੇ ਆਰਡਬਲਿਯੂਏ ਸੋਸਾਇਟੀ ਦੇ ਅਧਿਕਾਰੀਆਂ ਦਾ ਧੰਨਵਾਦ ਪ੍ਰਗਟਾਇਆ ਹੈ ਕਿ ਉਨ੍ਹਾਂ ਨੇ ਚੋਣ ਦਾ ਪਰਵ-ਦੇਸ਼ ਦਾ ਗਰਵ ਲੋਕਤੰਤਰ ਮਹਾਉਤਸਵ ਵਿਚ ਭਾਗੀਦਾਰੀ ਦਿਖਾਈ ਹੈ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ 76 ਬਾਦਸ਼ਾਹਪੁਰ ਵਿਧਾਨਸਭਾ ਖੇਤਰ ਦੇ ਤਹਿਤ 22 ਸੋਸਾਇਟੀ ਵਿਚ ਸੱਭ ਤੋਂ ਵੱਧ 35 ਚੋਣ ਬੂਥ ਬਣਾਏ ਗਏ ਹਨ, ਜਦੋਂ ਕਿ 77 ਗੁਰੂਗ੍ਰਾਮ ਵਿਧਾਨਸਭਾ ਵਿਚ 8 ਸੋਸਾਇਟੀ ਵਿਚ 16 ਬੂਥ ਅਤੇ 78 ਸੋਹਨਾ ਵਿਧਾਨਸਭਾ ਖੇਤਰ ਦੀ ਇਕ ਸੋਸਾਇਟੀ ਵਿਚ ਇਕ ਬੂਥ ਬਣਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਵੋਟਰਾਂ ਦੀ ਸਹੂਲਤ ਲਈ 1950 ਹੈਲਪਲਾਇਨ ਨੰਬਰ ਜਾਰੀ ਕੀਤਾ ਹੈ ਅਤੇ ਚੋਣ ਨਾਲ ਜੁੜੀ ਜਾਂ ਚੋਣ ਜਾਬਤਾ ਦੇ ਉਲੰਘਣ ਦੇ ਬਾਰੇ ਵੀ ਇਸ 'ਤੇ ਵਿਭਾਗ ਨੂੰ ਜਾਣਕਾਰੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ ਰਾਜਨੀਤਿਕ ਪਾਰਟੀਆਂ ਤੇ ਚੋਣ ਲੜ੍ਹ ਰਹੇ ਉਮੀਦਵਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਚੋਣ ਜਾਬਤਾ ਦਾ ਪਾਲਣ ਕਰਨ ਅਤੇ ਬਿਨ੍ਹਾ ਕਿਸੇ ਭੇਦਭਾਵ ਦੇ ਲੋਕਾਂ ਨੂੰ ਵੀ ਵੋਟ ਦੇ ਮਹੱਤਵ ਦੇ ਬਾਰੇ ਵਿਚ ਜਾਗਰੂਕ ਕਰਨ।



# ਪਹਾੜਾਂ ਤੇ ਦਰਿਆਵਾਂ ਨਾਲ ਦੋਸਤੀ ਦੇ ਪੰਜਾਹ ਸਾਲ



ਡਾ. ਵਿਦਵਾਨ ਸਿੰਘ ਸੋਨੀ
9814348697

ਸੰਨ 1970 ਵਿਚ ਪ੍ਰਸਿੱਧ ਕਹਾਣੀਕਾਰ ਸੁਜਾਨ ਸਿੰਘ ਗੁਰੂ ਨਾਨਕ ਕਾਲਜ ਦੇ ਪ੍ਰਿੰਸੀਪਲ ਬਣ ਕੇ ਗੁਰਦਾਸਪੁਰ ਆਏ। ਮੇਰੀ, ਪ੍ਰੋ. ਕਿਰਪਾਲ ਸਿੰਘ ਯੋਗੀ ਤੇ ਪ੍ਰੋ. ਸਰਦੂਲ ਸਿੰਘ ਦੀ ਉਨ੍ਹਾਂ ਨਾਲ ਬਹੁਤ ਨੇੜਤਾ ਹੋ ਗਈ। ਮੇਰੇ ਨਾਲ ਵਿਸ਼ੇਸ਼ ਕਰਕੇ ਇਸ ਲਈ ਵੀ ਕਿ ਉਨ੍ਹਾਂ ਦੇ ਗੂੜ੍ਹੇ ਮਿੱਤਰ ਸਰਗਵਾਸੀ ਈਸ਼ਵਰ ਚਿੱਤਰਕਾਰ ਮੇਰੇ ਸਕੇ ਮਾਸੜ ਜੀ ਸਨ ਅਤੇ ਨਾਲੇ ਮੈਂ ਪੰਜਾਬੀ ਵਿਚ ਵਿਗਿਆਨ ਬਾਰੇ ਲਿਖਦਾ ਸਾਂ, ਜਿਸਦੀ ਉਹ ਬਹੁਤ ਸਰਾਹਨਾ ਕਰਦੇ ਹੁੰਦੇ ਸਨ। ਸਾਡੀ ਤਿੰਨਾਂ ਦੀ ਦੋਸਤੀ ਉਦੋਂ ਸ਼ੁਰੂ ਹੋਈ ਸੀ ਜਦੋਂ 1967 'ਚ ਮੈਂ ਸਰਕਾਰੀ ਕਾਲਜ ਗੁਰਦਾਸਪੁਰ ਵਿਚ ਨੌਕਰੀ ਸ਼ੁਰੂ ਕੀਤੀ। ਸੁਜਾਨ ਸਿੰਘ ਨਾਲ ਅਸੀ ਲਗਪਗ ਰੋਜ਼ ਸ਼ਾਮ ਨੂੰ ਗੁਰਦਾਸਪੁਰ-ਤਿੱਬੜ ਸੜਕ 'ਤੇ ਸੈਰ ਕਰਨ ਨਿਕਲ ਜਾਂਦੇ ਸਾਂ। ਪ੍ਰਿੰਸੀਪਲ ਸਾਹਿਬ ਰਾਹ ਵਿੱਚ ਜਾਂਦਿਆਂ ਸਾਨੂੰ ਕਈ ਗੱਲਾਂ ਸੁਣਾਉਂਦੇ। ਸਰਦੀਆਂ ਵਿਚ ਇਕ ਸਾਫ਼ ਮੌਸਮ ਵਾਲੇ ਦਿਨ ਮੀਂਹ ਵਰ੍ਹ ਕੇ ਹਟਿਆ ਸੀ ਤਾਂ ਦੂਰ ਪਰ੍ਹਾਂ ਨਿੰਮ੍ਹਾ ਜਿਹਾ ਧੌਲਾਧਾਰ ਪਰਬਤ ਦਿਖਾਈ ਦੇ ਰਿਹਾ ਸੀ। ਅਸੀਂ ਸੁਜਾਨ ਸਿੰਘ ਹੁਰਾਂ ਨੂੰ ਉਨ੍ਹਾਂ ਪਹਾੜਾਂ ਦੀ ਝਲਕ ਦਿਖਾਈ। ਉਹ ਰੁਕ ਕੇ ਓਧਰ ਦੇਖਣ ਲੱਗੇ ਤੇ ਬੋਲੇ,"ਵਾਹ ਬਈ! ਇਹ ਤਾਂ ਵਾਕਈ ਪਹਾੜ ਹਨ। ਆਮ ਲੋਕ ਇਨ੍ਹਾਂ ਨੂੰ ਬੱਦਲ ਹੀ ਸਮਝਦੇ ਹਨ"। ਅਸੀਂ ਉਨ੍ਹਾਂ ਨੂੰ ਦੱਸਿਆ ਕਿ ਗਾਹੇ ਬਗਾਹੇ ਅਸੀ ਤਿੰਨੋ ਦੋਸਤ ਇਨ੍ਹਾਂ ਪਹਾੜਾਂ ਵੱਲ ਨਿਕਲ ਜਾਂਦੇ ਹਾਂ, ਤੇ ਪੈਦਲ ਹੀ ਝੱਖ ਮਾਰਕੇ ਆਉਂਦੇ ਹਾਂ। ਉਹ ਕਹਿਣ ਲੱਗੇ, "ਭਾਗਾਂ ਵਾਲੇ ਓ ਜੋ ਕੁਦਰਤ ਦੀ ਗੋਦ ਵਿਚ ਖੇਡ ਆਉਂਦੇ ਹੋ।"

ਕਦੀ ਕਦਾਈਂ ਅਸੀ ਪਠਾਨਕੋਟ ਤੋਂ ਬਾਹਰ ਚੱਕੀ ਦਰਿਆ 'ਤੇ ਚਲੇ ਜਾਂਦੇ। ਉਸ ਉੱਪਰ ਜਲੰਧਰ-ਪਠਾਨਕੋਟ ਸੜਕ 'ਤੇ ਇਕ ਪੁਲ ਬਣਿਆ ਹੋਇਆ ਹੈ। ਅਸੀਂ ਦੁਪਹਿਰ ਤੋਂ ਬਾਦ ਉਸਦੇ ਹੇਠਾਂ ਵਗਦੇ ਸ਼ੀਤਲ ਜਲ ਵਿਚ ਲੱਤਾਂ ਲਮਕਾ ਕੇ ਬੈਠ ਜਾਂਦੇ ਤੇ ਰੁਮਕਦੀ ਹੋਈ ਠੰਢੀ ਹਵਾ ਦਾ ਆਨੰਦ ਮਾਣਦੇ। ਯੋਗੀ ਗੀਤ ਸੁਣਾਉਂਦਾ ਤੇ ਮੈਂ ਦੂਰ ਪਿਛੋਕੜ ਦੀਆਂ ਪਹਾੜੀਆਂ ਵੱਲ ਵੇਖਦਾ ਹੋਇਆ ਪ੍ਰਕਿਰਤੀ ਨਾਲ ਇਕ ਮਿੱਕ ਹੋਇਆ ਰਹਿੰਦਾ। ਪਹਾੜਾਂ ਦਾ ਸ਼ੌਕ ਸਾਨੂੰ ਏਨਾ ਸੀ ਕਿ ਜਦੋਂ ਵੀ 2-3 ਛੁੱਟੀਆਂ ਹੁੰਦੀਆਂ। ਅਸੀਂ ਝੋਲੇ ਚੁੱਕ ਕੇ ਪਹਾੜਾਂ ਵੱਲ ਟੁਰ ਪੈਂਦੇ। ਇੰਜ ਅਸੀ ਪਠਾਨਕੋਟ ਤੋਂ ਪਹਾੜਾਂ ਵੱਲ ਜਾਂਦੇ ਰਸਤਿਆਂ ਤੋਂ ਲੰਘ ਕੇ ਕਈ ਪਹਾੜ ਗਾਹ ਮਾਰੇ। ਪਿਛਲੇ ਪੰਜਾਹ ਕੁ ਸਾਲਾਂ ਦੌਰਾਨ ਅਸੀਂ ਕਈ ਯਾਤਰਾਵਾਂ ਕੀਤੀਆਂ, ਪਰ ਨਿਮਨ ਲਿਖਤ ਵਿਚ ਕੁਝ ਮਹੱਤਵਪੂਰਨ ਤੇ ਯਾਦ ਰੱਖਣ ਯੋਗ, ਔਖੀਆਂ ਘਾਟੀਆਂ ਦੇ ਦਿਲਚਸਪ ਸਫ਼ਰਾਂ ਦਾ ਵਰਨਣ ਹੀ ਕਰ ਰਿਹਾ ਹਾਂ।

1973 ਵਿਚ ਮੈਂ ਤੇ ਪ੍ਰੋ. ਯੋਗੀ ਨੇ ਗੁਰਦਾਸਪੁਰ ਤੋਂ ਧਰਮਸ਼ਾਲਾ ਜਾ ਕੇ ਕਰੇੜੀ ਝੀਲ ਦੀ ਯਾਤਰਾ ਕਰਨ ਦਾ ਮਨ ਬਣਾਇਆ, ਪਰ ਸਰਦੂਲ ਸਿੰਘ ਕਿਸੇ ਕਾਰਨ ਨਾ ਜਾ ਸਕਿਆ। ਕਰੇੜੀ ਝੀਲ ਧੌਲਾਧਾਰ ਪਰਬਤ ਦੇ ਦਾਮਨ ਵਿਚ ਸਮੁੰਦਰ ਤਲ ਤੋਂ ਕਰੀਬ 9600 ਫੁੱਟ ਦੀ ਉੱਚਾਈ 'ਤੇ ਵਿਦਮਾਨ ਹੈ। ਹੁਣ ਤਾਂ ਉਥੇ ਬੱਸਾਂ ਵੀ ਜਾਂਦੀਆਂ, ਹਨ ਪਰ ਉਦੋਂ ਉਸ ਝੀਲ ਨੂੰ ਪੈਦਲ ਰਸਤਾ ਹੀ ਜਾਂਦਾ ਸੀ ਜੋ ਬੜਾ ਕਠਿਨ ਸੀ। ਪਹਿਲੀ ਰਾਤ ਅਸੀਂ ਮਕਲੌਡਗੰਜ ਦੇ ਇਕ ਹੋਟਲ ਵਿਚ ਠਹਿਰੇ ਤੇ ਅਗਲੇ ਦਿਨ ਸਵੇਰੇ ਜਲਦੀ ਉੱਠ ਕੇ ਕਰੇੜੀ ਪਿੰਡ ਵੱਲ ਤੁਰ ਪਏ। ਹੁਣ ਤਾਂ ਪੱਕੀ ਸੜਕ ਕਰੇੜੀ ਪਿੰਡ ਤਕ ਜਾਂਦੀ ਹੈ। ਪਰ ਉਦੋਂ ਇਕ ਕੱਚਾ ਰਸਤਾ ਹੀ ਸੀ ਜੋ ਹੌਲੀ-ਹੌਲੀ ਹੇਠਾਂ ਉੱਤਰ ਰਿਹਾ ਸੀ ਤੇ ਅਸੀਂ ਸੱਜੇ ਪਾਸੇ ਇਕ ਪਹਾੜੀ ਦੇ ਨਾਲ-ਨਾਲ ਟੁਰਦੇ ਗਏ। ਪਹਿਲਾਂ ਦਿਓਦਾਰਾਂ ਦੇ ਬਿਰਖ ਆਏ ਤੇ ਫਿਰ ਚੀਲਾਂ ਆਉਣ ਲੱਗੀਆਂ। ਉੱਚੀ ਆਵਾਜ਼ 'ਚ ਬੋਲਦੇ ਬੀਂਡਿਆਂ ਦਾ ਸੰਗੀਤ ਲਗਾਤਾਰ ਸਾਡੇ ਕੰਨਾਂ ਵਿਚ ਪੈ ਰਿਹਾ ਸੀ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਵਿਚ ਉਚਰਿਆ ਸੀ 'ਅਨਹਦਾ ਸਬਦ ਵਾਜੰਤ ਭੇਰੀ'। ਆਲੇ ਦੁਆਲੇ ਦਾ ਦ੍ਰਿਸ਼ ਵੀ ਬਹੁਤ ਮਨ ਭਾਵਨਾ ਸੀ। ਉਸ ਪਹਾੜੀ ਦੇ ਪਰਲੇ ਪਾਸੇ ਗੱਜ-ਖੱਡ ਵਗਦੀ ਸੀ। ਕੁਝ ਕਿਲੋਮੀਟਰ ਪੈਦਲ ਤੁਰ ਕੇ ਅਸੀਂ ਕਾਫ਼ੀ ਹੇਠਾਂ ਉਤਰ ਆਏ। ਪਿੰਡ ਘੇਰਾ ਤੋਂ ਥੱਲੇ ਗੱਜ ਖੱਡ ਉੱਪਰ ਇਕ ਲੱਕੜੀ ਦਾ ਟੁੱਟਾ ਜਿਹਾ ਪੁਲ ਬਣਿਆ ਹੋਇਆ ਸੀ। ਅਸੀਂ ਉਸ ਨੂੰ ਪਾਰ ਕਰਨ ਲੱਗੇ ਤਾਂ ਸਾਹਮਣਿਓਂ ਚਾਰ ਜਣੇ ਇਕ ਪਾਲਕੀ ਚੁੱਕੀ ਆਉਂਦੇ ਦਿਸੇ, ਮਗਰ ਕੁਝ ਹੋਰ ਲੋਗ ਵੀ ਸਨ। ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਜੀ ਇਕ ਬਜ਼ੁਰਗ ਬਹੁਤ ਬਿਮਾਰ ਹੈ, ਉਸ ਨੂੰ ਲੈ ਕੇ ਧਰਮਸ਼ਾਲਾ ਦੇ ਹਸਪਤਾਲ ਜਾ ਰਹੇ ਹਾਂ। ਅਸੀ ਸੋਚਣ ਲੱਗੇ ਕਿ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਕਿੰਨੀ ਕਠਿਨ ਹੈ।

ਘੇਰਾ ਤੋਂ ਅੱਗੇ ਜਾ ਕੇ ਅਸੀ ਲਿਓਂਦ ਖੱਡ ਪਾਰ ਕੀਤੀ ਤੇ ਹੌਲੀ-ਹੌਲੀ ਚੜ੍ਹਾਈ ਚੜ੍ਹਦੇ ਕਰੀਬ ਛੇ ਹਜ਼ਾਰ ਫੁੱਟ ਦੀ ਉਚਾਈ 'ਤੇ ਵਸੇ ਪਿੰਡ ਕਰੇੜੀ ਵਿਖੇ ਪਹੁੰਚ ਗਏ। ਉਸ ਦਿਨ ਸਾਨੂੰ ਜੰਗਲਾਤ ਦੇ ਰੈਸਟ ਹਾਊਸ ਵਿਚ ਥਾਂ ਮਿਲ ਗਈ, ਚੌਕੀਦਾਰ ਨੇ ਸਾਨੂੰ ਇਕ ਕਮਰਾ ਖੋਲ੍ਹ ਦਿੱਤਾ। ਰਾਤ ਨੂੰ ਰੋਟੀ ਖਾ ਕੇ ਅਸੀਂ ਦਲਾਨ ਦੇ ਘਾਹ 'ਤੇ ਕੁਰਸੀਆਂ ਡਾਹ ਕੇ ਬੈਠ ਗਏ। ਰਾਤ ਹਨੇਰੀ ਸੀ, ਪਰ ਮੌਸਮ ਬੜਾ ਸਾਫ਼ ਸੀ, ਤੇ ਸਾਡੇ ਸਿਰ ਉੱਪਰ ਵਿਛੀ ਹੋਈ ਸੀ ਤਾਰਿਆਂ ਭਰੀ ਚੰਗੇਰ।

ਅਗਲੀ ਸਵੇਰ ਅਸੀਂ ਤੜਕਸਾਰ ਉੱਠੇ, ਕੁਝ ਪਰਾਉਂਠੇ ਨਾਲ ਬਣਵਾਏ ਤੇ ਚਾਹ ਦੀ ਭਰੀ ਥਰਮਸ ਲੈ ਕੇ ਇਕ ਗਾਈਡ ਦੀ ਸਹਾਇਤਾ ਨਾਲ ਕਰੇੜੀ ਝੀਲ ਵੱਲ ਟੁਰ ਪਏ। ਕੁਝ ਕਿਲੋਮੀਟਰ ਤਕ ਹੌਲੀ-ਹੌਲੀ ਚੜ੍ਹਾਈ ਸੀ ਤੇ ਫਿਰ ਗਾਈਡ ਨੇ ਦੱਸਿਆ,"ਜੀ ਹੁਣ ਕਰੀਬ ਇਕ ਹਜ਼ਾਰ ਫੁੱਟ ਉੱਚੀ ਸਿੱਧੀ ਚੜ੍ਹਾਈ ਹੈ।' ਯੋਗੀ ਸਾਹਿਬ ਦੇ ਪੈਰਾਂ ਵਿਚ ਛਾਲੇ ਪੈ ਚੁੱਕੇ ਸਨ ਤੇ ਦਰਦ ਹੋ ਰਹੀ ਸੀ, ਉਹ ਅੱਗੇ ਚੱਲਣ ਤੋਂ ਮੁਨਕਰ ਹੋ ਗਏ। ਅਸੀਂ ਉਨ੍ਹਾਂ ਨੂੰ ਚਾਹ ਪਿਆ ਕੇ ਵਾਪਸ ਰੈਸਟ ਹਾਊਸ ਵੱਲ ਤੋਰ ਦਿੱਤਾ। ਮੈਂ ਤੇ ਗਾਈਡ, ਦੋਨੋ ਔਖੀ ਚੜ੍ਹਾਈ ਚੜ੍ਹਨ ਲੱਗੇ, ਆਖ਼ਰ ਸਿੱਧੀ ਚੜ੍ਹਾਈ ਦੇ ਸਿਰੇ 'ਤੇ ਪਹੁੰਚ ਗਏ। ਪਿਛਾਂਹ ਮੁੜ ਕੇ ਦੇਖਿਆ, ਦੂਰ ਤਕ ਹੇਠਾਂ ਵਾਦੀ ਦਾ ਸੁੰਦਰ ਨਜ਼ਾਰਾ ਦਿਸ ਰਿਹਾ ਸੀ। ਬੈਠ ਕੇ ਥੋੜ੍ਹਾ ਜਿਹਾ ਆਰਾਮ ਕੀਤਾ ਤੇ ਫਿਰ ਤੁਰ ਪਏ। ਇਕ ਨਦੀ ਦੇ ਨਾਲ-ਨਾਲ ਚੱਲ ਰਹੇ ਸਾਂ ਜੋ ਕਰੇੜੀ ਝੀਲ ਵੱਲੋਂ ਹੀ ਆ ਰਹੀ ਸੀ। ਵੱਡੀਆਂ-ਵੱਡੀਆਂ ਚੱਟਾਨਾਂ, ਜੋ ਕਿਸੇ ਸਮੇਂ ਗਲੇਸ਼ੀਅਰਾਂ ਨੇ ਰੋੜ੍ਹ ਕੇ ਲਿਆਂਦੀਆਂ ਹੋਈਆਂ, ਅਸੀ ਉਨ੍ਹਾਂ ਦੁਆਲੇ ਲੱਕੜੀ ਦੇ ਪੁਲਾਂ ਤੋਂ ਲੰਘ ਕੇ ਕਦੀ ਨਦੀ ਦੇ ਇਸ ਪਾਰ ਜਾਂਦੇ ਤੇ ਕਦੀ ਉਸ ਪਾਰ।

ਦੋ ਕੁ ਘੰਟੇ ਲੰਘ ਗਏ ਤਾਂ ਨਦੀ ਦੇ ਪਰਲੇ ਪਾਸਿਓਂ ਭੇਡਾਂ ਲਿਜਾ ਰਹੇ ਭਵਾਲਾਂ ਦੀਆਂ ਆਵਾਜ਼ਾਂ ਆਉਣ ਲੱਗੀਆਂ, ਜੋ ਕਿਸੇ ਚੀਜ਼ ਨੂੰ ਭਜਾ ਰਹੇ ਜਾਪਦੇ ਸਨ। ਅਸੀਂ ਇਕ ਵੱਡੀ ਚੱਟਾਨ ਤੋਂ ਵਲਕੇ ਅੱਗੇ ਹੋਏ ਤਾਂ ਉਹ ਸਾਨੂੰ ਆਣ ਮਿਲੇ। ਹਫਿਆ ਹੋਇਆ ਇਕ ਮੁੰਡਾ ਕਹਿਣ ਲੱਗਾ,"ਭਾਈ ਸਾਹਿਬ, ਜਦੋਂ ਤੁਸੀਂ ਚੱਟਾਨ ਦੇ ਪਿੱਛੇ ਪਹੁੰਚੇ ਤਾਂ ਅਸੀ ਦੇਖਿਆ ਕਿ ਇਕ ਰਿੱਛ ਚੱਟਾਨ ਦੇ ਉਰਲੇ ਪਾਸੇ ਬੈਠਾ ਹੋਇਆ ਹੈ। ਅਸੀਂ ਉਸ ਨੂੰ ਭਜਾਉਣ ਲਈ ਰੌਲਾ ਵੀ ਪਾਇਆ ਪਰ ਉਹ ਸ਼ਾਇਦ ਤੁਹਾਨੂੰ ਆਉਂਦਿਆਂ ਦੇਖਕੇ ਡਰ ਗਿਆ ਤੇ ਉੱਠਕੇ ਚਲਾ ਗਿਆ। ਜੇ ਅਚਾਨਕ ਤੁਹਾਡਾ ਸਾਹਮਣਾ ਹੋ ਜਾਂਦਾ ਤਾਂ ਉਸਨੇ ਤੁਹਾਨੂੰ ਪੈ ਜਾਣਾ ਸੀ,'ਰਿੱਛ ਬੰਦੇ ਤੋਂ ਡਰਦਾ ਹੈ ਤੇ ਬੰਦਾ ਰਿੱਛ ਤੋਂ, ਪਰ ਜੇ ਕਿਤੇ ਆਹਮੋ ਸਾਹਮਣੇ ਟਾਕਰਾ ਨਾ ਹੋ ਜਾਏ ਤਾਂ"। ਚਲੋ, ਇਹ ਵੀ ਸਮਾਂ ਲੰਘ ਗਿਆ।

ਅਸੀਂ ਕਾਫ਼ੀ ਲੰਬਾ ਸਫ਼ਰ ਤੈਅ ਕਰਕੇ ਆਖ਼ਰ ਕਰੇੜੀ ਝੀਲ ਪਹੁੰਚ ਹੀ ਗਏ। ਬੜਾ ਅਦਭੁੱਤ ਨਜ਼ਾਰਾ ਸੀ ਇਸ ਸ਼ਾਂਤ ਝੀਲ ਦਾ। ਬਿਲਕੁਲ ਇਕਾਂਤ ਸੀ। ਪਰ੍ਹਾਂ ਦੂਰ ਤਕ ਪਰਬਤ ਨਜ਼ਰ ਆ ਰਹੇ ਸਨ ਜਿਨ੍ਹਾਂ ਦੇ ਪਰਲੇ ਪਾਰ ਮਿੰਕਿਆਨੀ ਦੱਰਾ ਹੈ। ਅਸੀਂ ਝੀਲ ਦੇ ਉਰਲੇ ਪਾਸੇ ਬੈਠ ਗਏ, ਤੇ ਝੀਲ ਵੱਲੋਂ ਆ ਰਹੀ ਸ਼ੀਤਲ ਪੌਣ ਦਾ ਆਨੰਦ ਮਾਨਣ ਲੱਗੇ।

ਅਸੀਂ ਕੁਝ ਚਿਰ ਉਥੇ ਠਹਿਰੇ। ਤਿੰਨ ਕੁ ਵਜੇ ਵਾਪਸ ਟੁਰ ਪਏ ਤੇ ਰਾਤ ਪੈਣ ਤੋਂ ਪਹਿਲਾਂ ਰੈਸਟ ਹਾਊਸ ਪਹੁੰਚ ਗਏ। ਅਸੀਂ ਉਹ ਰਾਤ ਵੀ ਕਰੇੜੀ ਰੈਸਟ ਹਾਊਸ ਵਿਚ ਕੱਟੀ। ਉਸ ਦਿਨ ਹਨੇਰਾ ਪੈਣ 'ਤੇ ਯੋਗੀ ਜੀ ਨੇ ਇਕਬਾਲ ਬਾਨੋ ਦੀ ਗਾਈ ਹੋਈ ਇਕ ਗ਼ਜ਼ਲ ਸੁਣਾਈ;

"ਉਲਫਤ ਕੀ ਨਈ ਮੰਜ਼ਿਲ ਕੋ ਚਲਾ-ਬਾਹੇਂ ਡਾਲ ਕੇ ਬਾਹੋਂ ਮੇਂ। ਦਿਲ ਤੋੜਨੇ ਵਾਲੇ ਦੇਖ ਕੇ ਚੱਲ, ਹੰਮ ਭੀ ਤੋ ਪੜੇ ਹੈਂ ਰਾਹੋਂ ਮੇਂ--ਉਲਫਤ ਕੀ ਨਈ ਮੰਜ਼ਿਲ ਕੋ ਚਲਾ –"। ਅਗਲੇ ਦਿਨ ਕਰੇੜੀ ਪਿੰਡ ਨੂੰ ਅਲਵਿਦਾ ਕਹਿਕੇ ਉਸੇ ਰਸਤੇ ਵਾਪਸ ਟੁਰ ਪਏ-ਜਿਸ ਰਸਤੇ ਤੋਂ ਅਸੀਂ ਆਏ ਸੀ।

ਇਕ ਯਾਦ ਰੱਖਣ ਯੋਗ ਪਹਾੜੀ ਯਾਤਰਾ ਅਸੀਂ ਸਤੰਬਰ 1974 ਵਿਚ ਕੀਤੀ। ਮੈਂ ਟਾਂਡਾ-ਉੜਮੁੜ ਕਾਲਜ ਤੋਂ ਸੱਤ ਵਿਦਿਆਰਥੀਆਂ ਦਾ ਇਕ ਪਹਾੜੀ ਟਰੈਕਿੰਗ ਦਾ ਗਰੁੱਪ ਤਿਆਰ ਕੀਤਾ, ਇਕ ਦਾ ਨਾਂ ਲਾਟੀ ਤੇ ਇਕ ਹੋਰ ਦਾ ਨਾਮ ਮਹੇਸ਼ ਯਾਦ ਹਨ। ਪਹਾੜਾਂ ਦੇ ਸ਼ੌਕੀਨ ਯੋਗੀ ਸਾਹਿਬ ਨੂੰ ਵੀ ਬੁਲਾ ਲਿਆ ਜੋ ਪਠਾਨਕੋਟ ਪੁੱਜ ਕੇ ਸਾਨੂੰ ਮਿਲ ਗਏ। ਅਸੀ ਹਿਮਾਚਲ ਦੇ ਇਕ ਪਿੰਡ ਚੁਆੜੀ ਤੋਂ ਖਜਿਆਰ (ਡਲਹੌਜ਼ੀ) ਤਕ ਦੀ ਯਾਤਰਾ ਕਰਨੀ ਚਾਹੁੰਦੇ ਸਾਂ। ਪਠਾਨਕੋਟ ਤੋਂ ਚੱਲਕੇ ਸਾਡੀ ਬੱਸ ਕਾਂਗੜਾ ਰੋਡ 'ਤੇ ਸਥਿਤ ਨੂਰਪੁਰ ਤੋਂ ਜ਼ਰਾ ਅੱਗੇ ਜਾ ਕੇ ਸੜਕ ਖੱਬੇ ਪਾਸੇ ਪਹਾੜੀਆਂ ਚੜ੍ਹ ਕੇ ਲਾਹੜੂ ਪੁੱਜੀ ਤੇ ਕੁਝ ਸਮੇਂ ਲਈ ਰੁਕੀ। ਉਥੇ ਇਕ ਦੁਕਾਨ ਤੋਂ ਗੁੜ ਵਾਲੀ ਚਾਹ ਪੀਤੀ ਪਰ ਉਸ ਵਿਚ ਮਸਾਲੇ ਬੜੇ ਪਾਏ ਹੋਏ ਸਨ। ਬੱਸ ਤ੍ਰਿਕਾਲਾਂ ਪੈਣ 'ਤੇ ਚੁਆੜੀ ਪਹੁੰਚ ਗਈ। ਚੁਆੜੀ ਦੀ ਸਾਗਰ ਤਲ ਤੋਂ ਉਚਾਈ ਕਰੀਬ ਚਾਰ ਹਜ਼ਾਰ ਫੁੱਟ ਹੈ। ਉਨ੍ਹਾਂ ਦਿਨਾਂ 'ਚ ਰੈਸਟ ਹਾਊਸ ਬਿਨਾਂ ਬੁੱਕ ਕਰਾਇਆਂ ਹੀ ਮਿਲ ਜਾਂਦੇ ਸਨ। ਸੋ ਅਸੀ ਓਥੇ ਇਕ ਰੈਸਟ ਹਾਊਸ ਵਿਚ ਠਹਿਰ ਗਏ।







ਅਸੀਂ ਖਜਿਆਰ ਵੱਲ ਨੂੰ ਜਾਂਦੇ ਰਾਹ 'ਤੇ ਪੈ ਗਏ। ਰਸਤਾ ਬੜਾ ਲੰਬਾ ਤੇ ਕਠਿਨ ਸੀ। ਕਈ ਥਾਂ ਸਿੱਧੀ ਚੜ੍ਹਾਈ ਚੜ੍ਹਨੀ ਪੈ ਰਹੀ ਸੀ ਪਰ ਅਸੀਂ ਹੱਠ ਕਰ ਕੇ ਤੁਰਦੇ ਗਏ। ਪਖਰੀ ਪਿੰਡ ਲੰਘ ਕੇ ਕੁਝ ਦੂਰ ਗਏ ਹੋਵਾਂਗੇ ਕਿ ਰਾਹ ਵਿਚ ਇਕ ਛੋਟਾ ਜਿਹਾ ਚਸ਼ਮਾ ਆ ਗਿਆ। ਉਥੇ ਅਸੀਂ ਚਾਹ ਬਣਾ ਕੇ ਪੀਤੀ ਕਿਉਂਕਿ ਸਾਰਾ ਸਾਮਾਨ ਨਾਲ ਹੀ ਚੁੱਕਦੇ ਹੁੰਦੇ ਸਾਂ...

ਅਗਲੇ ਦਿਨ ਸਵੇਰੇ ਅਸੀਂ ਖਜਿਆਰ ਜਾਣ ਦੀ ਤਿਆਰੀ ਆਰੰਭੀ। ਓਦੋਂ ਚੁਆੜੀ ਤੋਂ ਖਜਿਆਰ ਦੇ 40 ਕਿਲੋਮੀਟਰ ਲੰਬੇ ਰਾਹ ਤੇ ਇੱਕੋ ਬੱਸ ਚੱਲਦੀ ਸੀ, ਪਰ ਉਸ ਦਿਨ ਉਹ ਬੱਸ ਖਰਾਬ ਹੋਣ ਕਰਕੇ ਨਹੀਂ ਸੀ ਜਾਣੀ।ਕੀ ਕਰਦੇ? ਅਸੀਂ ਕੁਝ ਸ਼ਾਰਟ-ਕੱਟਾਂ ਮਾਰਕੇ ਪੈਦਲ ਜਾਣ ਦੀ ਹੀ ਸਲਾਹ ਬਣਾ ਲਈ ਤੇ ਖੜ੍ਹਾ ਡੰਡਾ ਜੋਤ ਤੋਂ ਲੰਘਕੇ ਖਜਿਆਰ ਵੱਲ ਨੂੰ ਜਾਂਦੇ ਰਾਹ 'ਤੇ ਪੈ ਗਏ। ਰਸਤਾ ਬੜਾ ਲੰਬਾ ਤੇ ਕਠਿਨ ਸੀ। ਕਈ ਥਾਂ ਸਿੱਧੀ ਚੜ੍ਹਾਈ ਚੜ੍ਹਨੀ ਪੈ ਰਹੀ ਸੀ ਪਰ ਅਸੀ ਹੱਠ ਕਰ ਕੇ ਤੁਰਦੇ ਗਏ। ਪਖਰੀ ਪਿੰਡ ਲੰਘ ਕੇ ਕੁਝ ਦੂਰ ਗਏ ਹੋਵਾਂਗੇ ਕਿ ਰਾਹ ਵਿਚ ਇਕ ਛੋਟਾ ਜਿਹਾ ਚਸ਼ਮਾ ਆ ਗਿਆ। ਉਥੇ ਅਸੀ ਚਾਹ ਬਣਾ ਕੇ ਪੀਤੀ ਕਿਉਂਕਿ ਸਾਰਾ ਸਾਮਾਨ ਨਾਲ ਹੀ ਚੁੱਕਦੇ ਹੁੰਦੇ ਸਾਂ। ਵਿਦਿਆਰਥੀ ਉਸਦੇ ਕੰਢੇ ਬੈਠ ਕੇ ਮੌਜ ਮੇਲਾ ਕਰ ਰਹੇ ਸਨ ਕਿ ਪਿੱਛੋਂ ਕੁਝ ਲੋਕ ਡਾਂਗਾਂ ਲੈ ਕੇ ਸਾਡੇ ਵੱਲ ਨੱਸੇ ਆਉਂਦੇ ਦਿਸੇ। ਉਹ ਲੇਲੂ-ਲੇਲੂ ਬੋਲ ਰਹੇ ਸਨ। ਇਕ ਜਣਾ ਕਹਿਣ ਲੱਗਾ,"ਸਰਦਾਰ ਜੀ ਸਾਡਾ ਲੇਲੂ ਚੁੱਕ ਲਿਆਏ ਹੋ, ਵਾਪਸ ਕਰ ਦਿਓ" ਤੇ ਉਹ ਸਾਡੇ ਝੋਲੇ ਫੋਲਣ ਲੱਗ ਪਏ। ਇਕ ਬੁੱਢੇ ਦੇ ਹੱਥ ਵਿਚ ਬੰਦੂਕ ਵੀ ਸੀ ਪਰ ਸਰਦਾਰਾਂ ਨੂੰ ਵੇਖ ਕੇ ਉਸ ਦੀਆਂ ਲੱਤਾਂ ਕੰਬ ਰਹੀਆਂ ਸਨ। ਅਸੀ ਉਨ੍ਹਾਂ ਨੂੰ ਸਮਝਾ ਬੁਝਾ ਰਹੇ ਸਾਂ ਕਿ ਇਹ ਸਾਡਾ ਕੰਮ ਨਹੀਂ ਪਰ ਉਹ ਮੰਨਣ ਹੀ ਨਾ। ਏਨੇ ਨੂੰ ਪਿੱਛੋਂ ਕੁਝ ਤੀਵੀਆਂ ਦੌੜੀਆਂ ਆਈਆਂ ਜੋ 'ਲੱਝ ਗਿਆ', 'ਲੱਝ ਗਿਆ' ਬੋਲ ਰਹੀਆਂ ਸਨ। ਲੇਲੂ ਲੱਭ ਗਿਆ ਸੀ ਤੇ ਇਹ ਸੁਣਕੇ ਡਾਂਗਾਂ ਵਾਲੇ ਬੰਦੇ ਛਿੱਥੇ ਹੋ ਕੇ ਮੁੜ ਗਏ। ਅਸੀਂ ਸੁੱਖ ਦਾ ਸਾਹ ਲਿਆ ਤੇ ਸਾਮਾਨ ਚੁੱਕ ਕੇ ਅੱਗੇ ਨੂੰ ਟੁਰ ਪਏ। ਕੁਝ ਦੂਰ ਜਾ ਕੇ ਦੇਖਿਆ ਕਿ ਫਿਰ ਸਾਡੇ ਪਿੱਛੇ ਕੁਝ ਮੁੰਡੇ ਦੌੜੇ ਆ ਰਹੇ ਸਨ, ਅਸੀਂ ਸੋਚਿਆ ਕਿ ਕੋਈ ਹੋਰ ਮੁਸੀਬਤ ਆ ਗਈ? ਪਰ ਨਹੀਂ, ਉਹ ਸਾਡਾ ਸਟੋਵ ਦੇਣ ਆ ਰਹੇ ਸਨ ਜੋ ਨਦੀ ਕਿਨਾਰੇ ਅਸੀਂ ਭੁੱਲ ਗਏ ਸਾਂ। ਉਹ ਆਪਣੇ ਕੀਤੇ ਦੀ ਮਾਫ਼ੀ ਮੰਗ ਰਹੇ ਸਨ; ਭਲੇ ਬੰਦੇ ਸਨ ਨਾ। ਪਿੱਛੋਂ ਮੇਰਾ ਛੋਟਾ ਭਰਾ ਡਾ. ਰਿਪੁਦਮਨ ਸਿੰਘ ਸੋਨੀ ਵੀ ਸਾਡੇ ਨਾਲ ਆ ਰਲਿਆ ਜੋ ਇਕ ਵੱਖਰੇ ਕਸਬੇ 'ਦਰੰਮਨ' ਰਸਤੇ ਆਉਂਦੀ ਬੱਸ 'ਤੇ ਚੜ੍ਹਕੇ ਚੁਆੜੀ ਪੁੱਜਾ ਸੀ। ਅਸੀਂ ਸਾਰੇ ਇਕੱਠੇ ਹੋਕੇ ਫਿਰ ਅਗਾਂਹ ਨੂੰ ਤੁਰ ਪਏ।

ਤੁਰਦੇ-ਤੁਰਦੇ ਅਸੀਂ ਕੋਈ 18 ਕਿਲੋਮੀਟਰ ਸਫ਼ਰ ਤੈਅ ਕਰਕੇ ਖੜ੍ਹਾ ਡੰਡਾ ਜੋਤ (ਦੱਰਾ) ਤਕ ਪੁਜੇ ਜੋ ਲਗਪਗ ਸਾਢੇ ਸੱਤ ਹਜ਼ਾਰ ਫੁੱਟ ਦੀ ਉਚਾਈ 'ਤੇ ਸੀ। ਸ਼ਾਮ ਦੇ ਛੇ ਵੱਜ ਗਏ ਸਨ ਤੇ ਅਸੀਂ ਬਹੁਤ ਥੱਕ ਚੁਕੇ ਸਾਂ। ਹੁਣ ਹੇਠਾਂ ਖਜਿਆਰ ਵੱਲ ਉਤਰਨਾ ਸੀ ਜੋ ਅਜੇ ਕੋਈ 17 ਕਿਲੋਮੀਟਰ ਦੀ ਦੂਰੀ 'ਤੇ ਸੀ। ਉਥੇ ਇਕ ਚਾਹ ਦੀ ਦੁਕਾਨ ਸੀ, ਅਸੀਂ ਉਸ ਤੋਂ ਚਾਹ ਪੀਤੀ। ਉਸਨੇ ਸਾਨੂੰ ਸਲਾਹ ਦਿੱਤੀ ਕਿ ਭਾਈ ਸਾਹਿਬ ਖਜਿਆਰ ਅਜੇ ਬਹੁਤ ਦੂਰ ਹੈ, ਤੁਸੀਂ ਇੱਥੇ ਹੀ ਰੁਕ ਜਾਓ, ਮੈਂ ਸੌਣ ਦਾ ਤੇ ਰਾਤ ਦੇ ਖਾਣੇ ਦਾ ਪ੍ਰਬੰਧ ਕਰ ਦਿਆਂਗਾ। ਦੂਰ ਟੀਨ ਖੜਕਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਦੁਕਾਨਦਾਰ ਨੇ ਕਿਹਾ ਕਿ ਇਹ ਰਿੱਛਾਂ ਨੂੰ ਭਜਾ ਰਹੇ ਹਨ ਜੋ ਉਨ੍ਹਾਂ ਦੇ ਖੇਤਾਂ 'ਚੋਂ ਮੱਕੀ ਖਾ ਜਾਂਦੇ ਹਨ। ਅਸੀਂ ਕੁਝ ਦੁਚਿੱਤੀ ਜਹੀ 'ਚ ਪੈ ਗਏ, ਪਰ ਮੁੰਡਿਆਂ ਨੇ ਹੌਸਲਾ ਦਿੱਤਾ ਕਿ ਕੋਈ ਨਹੀਂ ਸਰ, ਹੁਣ ਉਤਰਾਈ ਹੀ ਹੈ, ਦੋ ਕੁ ਘੰਟੇ ਵਿਚ ਪਹੁੰਚ ਜਾਵਾਂਗੇ! ਚਲੋ, ਅਸੀਂ ਕੌੜਾ ਘੁੱਟ ਭਰਕੇ ਤੁਰ ਹੀ ਪਏ। ਕਿਉਂਕਿ ਥੱਕੇ ਹੋਏ ਸਾਂ, ਤੁਰਿਆ ਬਹੁਤ ਹੌਲੀ ਜਾ ਰਿਹਾ ਸੀ। ਰਾਤ ਦੇ ਕੋਈ ਦਸ ਵਜੇ ਦੇ ਕਰੀਬ ਖਜਿਆਰ ਦੇ ਰੈਸਟ ਹਾਊਸ ਦੀਆਂ ਰੌਸ਼ਨੀਆਂ ਨਜ਼ਰ ਆਈਆਂ ਤਾਂ ਸਾਹ ਵਿਚ ਸਾਹ ਆਇਆ। ਕਦਮ ਹੁਣ ਤੇਜ਼ ਹੋ ਗਏ। ਕਮਰੇ ਤਾਂ ਖੁਲ੍ਹ ਗਏ ਪਰ ਰੋਟੀ ਕੌਣ ਪਕਾਏ? ਸ਼ਰਾਬੀ ਹੋਇਆ ਰਸੋਈਆ ਹੋਸ਼ ਵਿਚ ਨਹੀਂ ਸੀ। ਓਧਰ ਯੋਗੀ ਸਾਹਿਬ ਦੀ ਤਬੀਅਤ ਖਰਾਬ ਹੋ ਗਈ। ਉਨ੍ਹਾਂ ਨੂੰ ਠੰਢ ਲੱਗ ਗਈ ਜਾਪਦੀ ਸੀ। ਇਹ ਵੀ ਚੰਗਾ ਹੋਇਆ ਕਿ ਡਾਕਟਰ ਨਾਲ ਸੀ, ਉਸਨੇ ਕੁਝ ਦਵਾ ਦਾਰੂ ਕੀਤਾ ਤੇ ਯੋਗੀ ਜੀ ਕੰਬਲ ਲੈ ਕੇ ਸੌਂ ਗਏ।

ਸਵੇਰੇ ਉੱਠ ਕੇ ਖਜਿਆਰ ਦੀ ਸੁੰਦਰ ਝੀਲ ਤੇ ਘਾਹ ਦੇ ਮੈਦਾਨ ਦਾ ਨਜ਼ਾਰਾ ਦੇਖਿਆ, ਵਾਹ-ਆਨੰਦ ਆ ਗਿਆ। ਵਿਦਿਆਰਥੀ ਘਾਹ 'ਤੇ ਖੇਡਦੇ ਰਹੇ। ਅਸੀ ਛੋਟੀ ਜਿਹੀ ਝੀਲ ਦੇ ਗਿਰਦ ਬਣੇ ਸਾਰੇ ਮੈਦਾਨ ਦੀ ਪਰਿਕਰਮਾ ਕਰਨ ਲੱਗੇ। ਵਾਪਸ ਆ ਕੇ ਸਭ ਨੇ ਭੋਜਨ ਛਕਿਆ ਤੇ ਕੁਝ ਚਿਰ ਆਰਾਮ ਕੀਤਾ; ਪਹਿਲੇ ਦਿਨ ਦੀ ਥਕਾਵਟ ਲਾਹੀ। ਅਗਲੇ ਦਿਨ ਸਵੇਰੇ ਖਜਿਆਰ ਤੋਂ ਚੰਬੇ ਲਈ ਪੈਦਲ ਹੀ ਤੁਰ ਪਏ। ਉਤਰਾਈ ਵੇਲੇ ਕਿਧਰੇ ਬੈਠ ਜਾਂਦੇ ਤੇ ਪਹਾੜਾਂ ਦਾ ਸੁੰਦਰ ਨਜ਼ਾਰਾ ਦੇਖਦੇ। ਕਦੀ-ਕਦੀ ਚੰਬਾ ਨਗਰੀ ਵੀ ਸਾਰੀ ਦਿਸ ਜਾਂਦੀ। ਦੁਪਹਿਰ ਤਕ ਚੰਬੇ ਦੀ ਚੌਗਾਨ 'ਤੇ ਪਹੁੰਚ ਗਏ। ਏਨੇ ਥੱਕ ਗਏ ਸਾਂ ਕਿ ਸਾਰੇ ਉਥੇ ਘਾਹ 'ਤੇ ਹੀ ਲੇਟ ਗਏ। ਰਾਤੀਂ ਰੈਸਟ ਹਾਊਸ ਦੇ ਦੋ ਕਮਰਿਆਂ ਵਿਚ ਠਹਿਰੇ ਤੇ ਦੂਜੇ ਦਿਨ ਚੰਬੇ ਦੇ ਮਸ਼ਹੂਰ ਮੰਦਰ ਦੇਖੇ। ਸਭ ਤੋਂ ਮਸ਼ਹੂਰ ਤੇ ਪੁਰਾਣਾ ਮੰਦਰ ਲਕਸ਼ਮੀ ਨਰਾਇਣ ਦਾ ਮੰਦਰ ਸੀ। ਕੋਈ ਇਕ ਹਜ਼ਾਰ ਸਾਲ ਪੁਰਾਣੇ ਇਸ ਮੰਦਰ ਵਿਚ ਲੱਕੜ ਦੀ ਛੱਤ ਤੇ ਵੀ ਸੁੰਦਰ ਮੀਨਾਕਾਰੀ ਕੀਤੀ ਹੋਈ ਸੀ। ਸ਼ਾਮ ਨੂੰ ਅਸੀ ਰਾਵੀ ਦੇ ਕੰਢੇ ਇਕ ਜਗ੍ਹਾ ਜਾ ਕੇ ਬੈਠ ਗਏ ਜਿੱਥੇ ਯੋਗੀ ਸਾਹਿਬ ਨੇ ਇਕ ਪੁਰਾਣਾ ਗੀਤ ਸੁਣਾਇਆ "ਹਮੇਂ ਤੋ ਸ਼ਾਮੇਂ ਗਮ ਮੇਂ ਕਾਟਨੀ ਹੈ ਜ਼ਿੰਦਗੀ ਆਪਨੀ-ਜਹਾਂ ਵੋ ਹੈਂ ਵਹੀਂ ਐ ਚਾਂਦ ਕੇ ਜਾ ਚਾਂਦਨੀ ਅਪਨੀ-ਹਮੇਂ ਤੋ--" । ਅਸੀਂ ਰਾਵੀ ਦੇ ਵਗਦੇ ਪਾਣੀ ਵੱਲ ਦੇਖ ਰਹੇ ਸਾਂ, ਜਿਸ ਦੀਆਂ ਛੱਲਾਂ ਵਿਚ ਯੋਗੀ ਜੀ ਦਾ ਗੀਤ ਰੰਗਤ ਘੋਲ ਰਿਹਾ ਸੀ। ਸਵੇਰੇ ਉੱਠਕੇ ਪਠਾਨਕੋਟ ਦੀ ਬੱਸ ਫੜੀ ਤੇ ਵਾਪਸ ਘਰਾਂ ਨੂੰ ਚਲੇ ਗਏ, ਏਨੀ ਲੰਬੀ ਤੇ ਕਠਿਨ ਯਾਤਰਾ ਕਰਕੇ। ਸਵੇਰੇ ਉੱਠਕੇ ਪਠਾਨਕੋਟ ਦੀ ਬੱਸ ਫੜੀ ਤੇ ਵਾਪਸ ਘਰਾਂ ਨੂੰ ਚਲੇ ਗਏ, ਏਨੀ ਲੰਬੀ ਤੇ ਕਠਿਨ ਯਾਤਰਾ ਕਰਕੇ।

ਮਈ 1975 ਵਿਚ ਮੈਂ ਤੇ ਪ੍ਰੋ. ਕਿਰਪਾਲ ਸਿੰਘ ਯੋਗੀ ਨੇ ਧਰਮਸ਼ਾਲਾ ਤੋਂ ਉੱਪਰ ਤਰਿਉਂਡ ਜਾਣ ਦਾ ਮਨ ਬਣਾਇਆ। ਪਠਾਨਕੋਟ ਤੋਂ ਧਰਮਸ਼ਾਲਾ ਤਕ ਬੱਸ ਗਏ। ਰਾਤ ਧਰਮਸ਼ਾਲਾ ਦੇ ਕੋਤਵਾਲੀ ਚੌਕ ਦੇ ਕੋਲ ਇਕ ਹੋਟਲ ਵਿਚ ਠਹਿਰ ਗਏ। ਸਵੇਰੇ ਉੱਠ ਕੇ ਇਕ ਢਾਬੇ ਤੋਂ ਕੁਝ ਪਰਾਉਂਠੇ ਬਣਵਾਏ ਤੇ ਢਾਬੇ 'ਤੇ ਕੰਮ ਕਰਦੇ ਬੰਦਿਆਂ ਨੂੰ ਦੱਸਿਆ ਕਿ ਅਸੀਂ ਤਰਿਉਂਡ ਜਾਣਾ ਹੈ, ਸੋ ਜਲਦੀ ਕਰ ਦਿਓ। ਉਹ ਹੱਸਣ ਲੱਗੇ ਤੇ ਕਹਿਣ ਲੱਗੇ ਕਿ ਦੇਖੋ ਇਹ ਸਰਦਾਰ ਤਰਿਉਂਡ ਜਾ ਰਹੇ ਹਨ। ਕਹਿੰਦੇ ਕਿ ਏਨੀ ਉਚਾਈ 'ਤੇ ਕਿਵੇਂ ਪੁੱਜੋਗੇ? ਇਕ ਜਣਾ ਬੋਲਣ ਲੱਗਾ, "ਇਨ੍ਹਾਂ ਰਾਹ 'ਚੋਂ ਹੀ ਮੁੜ ਆਉਣਾ, ਤਰਿਉਂਡ ਕਿੱਥੇ ਪੁੱਜ ਹੋਣਾ ਇਨ੍ਹਾਂ ਤੋਂ"। ਅਸੀਂ ਕਿਹਾ,"ਕਾਕਾ ਵੇਖਣਾ, ਅਸੀ ਕਿੱਦਾਂ ਜਾ ਕੇ ਆਉਂਦੇ ਹਾਂ"। ਤੇ ਅਸੀਂ ਆਪਣੇ ਝੋਲੇ ਚੁੱਕ ਕੇ ਤੁਰ ਪਏ।

ਬੱਸ 'ਤੇ ਮਕਲੌਡਗੰਜ ਪੁੱਜੇ ਤੇ ਅੱਗੋਂ ਪੈਦਲ ਹੋ ਪਏ। ਪਹਿਲਾਂ ਤਾਂ ਸੌਖੀ ਚੜ੍ਹਾਈ ਸੀ, ਅਸੀਂ ਵਿਕੋਲਿਤਰੇ ਜਹੇ ਥਾਂ 'ਤੇ ਬਣੇ ਇਕ ਮੰਦਰ ਦੇ ਥੜ੍ਹੇ 'ਤੇ ਬੈਠ ਚਾਹ ਪੀਤੀ। ਅਗਲੇ ਪੜਾਅ ਵਿਚ ਕੱਚੀ ਸੜਕ 'ਤੇ ਤੁਰਦਿਆਂ ਆਲੇ ਦੁਆਲੇ ਦਾ ਨਜ਼ਾਰਾ ਦੇਖ ਰਹੇ ਸਾਂ। ਦਿਓਦਾਰਾਂ ਦੇ ਬਿਰਖ ਬਹੁਤ ਸੁਹਾਵਣੇ ਲੱਗ ਰਹੇ ਸਨ। ਯੋਗੀ ਗੀਤ ਸੁਣਾਉਂਦਾ ਮੇਰੇ ਨਾਲ-ਨਾਲ ਚੱਲ ਰਿਹਾ ਸੀ ਤੇ 3-4 ਕਿਲੋਮੀਟਰ ਚੱਲ ਕੇ ਅਸੀਂ ਇਕ ਦੋ-ਰਾਹੇ ਕੋਲ ਪੁੱਜ ਗਏ। ਸੱਜੇ ਪਾਸੇ ਇਕ ਡੰਡੀ ਉੱਪਰ ਵੱਲ ਚੜ੍ਹਦੀ ਸੀ। ਚੜ੍ਹਾਈ ਬੜੀ ਤਿੱਖੀ ਸੀ ਤੇ ਅਸੀਂ ਹੌਲੀ ਹੌਲੀ ਉੱਪਰ ਚੜ੍ਹਨ ਲੱਗੇ। ਬਹੁਤ ਥਕਾਵਟ ਹੋ ਗਈ ਤਾਂ ਅੱਧੇ ਕੁ ਰਾਹ ਪੁੱਜ ਕੇ ਇਕ ਸਥਾਨ 'ਤੇ ਬੈਠ ਗਏ ਤੇ ਪਰੌਂਠੇ ਕੱਢ ਕੇ ਖਾਣ ਲੱਗੇ। ਸੱਜੇ ਪਾਸੇ ਹੇਠਾਂ ਬਹੁਤ ਸੁੰਦਰ ਨਜ਼ਾਰਾ ਦਿਸ ਰਿਹਾ ਸੀ ਪਰ ਉੱਪਰ ਅਜੇ ਬਹੁਤ ਚੜ੍ਹਨਾ ਸੀ। ਫਿਰ ਚਾਹ ਪੀਤੀ ਤੇ ਯੋਗੀ ਦਾ ਗੀਤ ਸੁਣਿਆ। ਹੁਣ ਹੋਰ ਅੱਗੇ ਤੁਰ ਪਏ। ਦੋਹਾਂ ਨੂੰ ਤੇਹ ਲੱਗ ਗਈ ਪਰ ਸਾਡਾ ਨਾਲ ਲਿਆਂਦਾ ਪਾਣੀ ਮੁੱਕ ਗਿਆ ਸੀ। ਓਦੋਂ ਵੈਸੇ ਕਿਧਰੇ-ਕਿਧਰੇ ਨੁੱਕਰਾਂ ਵਿਚ ਬਰਫ਼ਾਂ ਬਚੀਆਂ ਹੋਈਆਂ ਸਨ। ਅਸੀਂ ਕੁਝ ਸਾਫ਼ ਜਹੀ ਬਰਫ਼ ਕੱਢਕੇ ਮੂੰਹ ਵਿਚ ਪਾ ਲਈ ਤੇ ਇੰਜ ਆਪਣੀ ਤੇਹ ਮਿਟਾਈ।

ਤਿੰਨ ਵਜੇ ਦੇ ਕਰੀਬ ਅਸੀਂ ਧੁਰ ਉੱਪਰ ਪਹੁੰਚ ਗਏ। ਸਾਹਮਣੇ ਪਰ੍ਹਾਂ ਉਤਾਂਹ ਵੱਲ ਤੱਕਿਆ ਤਾਂ ਸਾਰੀ ਥਕਾਵਟ ਲਹਿ ਗਈ। ਚਿੱਟੇ ਧੌਲਾਧਾਰ ਦੀਆਂ ਚੋਟੀਆਂ ਦਿਸ ਰਹੀਆਂ ਸਨ। ਇੰਦਰਹਾਰ ਚੋਟੀ ਸਭ ਤੋਂ ਉੱਚੀ ਲੱਗ ਰਹੀ ਸੀ ਜਿਸਦੇ ਨਾਲ ਕਹੀ ਦੇ ਵੱਢ ਵਰਗੀ ਦਾਲਵੀਂ ਥਾਂ ਦਿਸ ਰਹੀ ਸੀ। ਉਸਦੇ ਉੱਪਰ ਜਾ ਕੇ ਇਲਾਕਾ ਪਾਸ ਹੈ ਬਹੁਤ ਡਾਢੀ ਤਿੱਖੀ ਚੜ੍ਹਾਈ ਹੈ। ਤੇ ਦੱਰੇ ਤੋਂ ਪਰਲੇ ਪਾਸੇ ਕਾਫ਼ੀ ਹੇਠਾਂ ਉੱਤਰਕੇ ਚੰਬੇ ਦੀ ਵਾਦੀ ਆ ਜਾਂਦੀ ਹੈ। ਸਾਫ਼ ਮੌਸਮ ਹੋਣ ਕਰਕੇ ਸਾਡੀ ਪਿੱਠ ਵੱਲ ਦੂਰ ਹੇਠਾਂ ਤਲਵਾੜਾ ਡੈਮ ਦੀ ਝੀਲ ਵੀ ਦਿਸ ਰਹੀ ਸੀ। ਸਾਨੂੰ ਉੱਥੇ ਕੁਝ ਫ਼ੌਜੀ ਮਿਲ ਗਏ ਜਿਨ੍ਹਾਂ ਨੇ ਉਸ ਜਗ੍ਹਾ ਤੇ ਟੈਂਟ ਲਾਏ ਹੋਏ ਸਨ। ਸਾਨੂੰ ਉਨ੍ਹਾਂ ਨੇ ਪੂਰੀਆਂ ਖੁਆਈਆਂ ਤੇ ਪਿੱਛੋਂ ਪਲਾਸਟਿਕ ਦੇ ਕੱਪਾਂ ਵਿਚ ਚਾਹ ਵੀ ਪਿਆਈ। ਉਨ੍ਹਾਂ ਕੋਲ ਬੈਠ ਕੇ ਬੜੀਆਂ ਗੱਲਾਂ ਮਾਰੀਆਂ। ਉਨ੍ਹਾਂ ਨੂੰ ਯੋਗੀ ਸਾਹਿਬ ਨੇ ਬੜੇ ਤਰੰਨਮ ਵਿਚ ਨੂਰ ਜਹਾਂ ਦਾ ਗੀਤ ਸੁਣਾਇਆ,"ਬੁਲਬੁਲੋ ਮਤ ਰੋ ਯਹਾਂ ਆਂਸੂ ਬਹਾਨਾ ਹੈ ਮਨ੍ਹਾਂ-" ਉਹ ਬੜੇ ਖ਼ੁਸ਼ ਹੋਏ। ਘੰਟਾ ਕੁ ਅਸੀਂ ਓਸ ਤਰਿਉਂਡ ਦਾ ਆਨੰਦ ਮਾਣਿਆ, ਥੋੜ੍ਹਾ ਜਿਹਾ ਆਰਾਮ ਕੀਤਾ ਤੇ ਵਾਪਸ ਚੱਲ ਪਏ। ਉਤਰਾਈ ਤਾਂ ਕੁਝ ਸੌਖੀ ਲੱਗੀ ਪਰ ਫਿਰ ਵੀ ਹੇਠਾਂ ਆਪਣੇ ਟਿਕਾਣੇ 'ਤੇ ਪੁੱਜਦਿਆਂ ਰਾਤ ਦੇ ਨੌਂ ਵੱਜ ਗਏ। ਅਸੀਂ ਸਵੇਰ ਵਾਲੇ ਢਾਬੇ 'ਤੇ ਹੀ ਰੋਟੀ ਖਾਣ ਲੱਗੇ। ਅਸੀਂ ਆਉਣ ਲੱਗਿਆਂ ਪਲਾਸਟਿਕ ਦੇ ਇਕ ਕੱਪ ਵਿਚ ਬਰਫ਼ ਭਰ ਲਈ ਤੇ ਢਾਬੇ ਵਾਲਿਆਂ ਨੂੰ ਦਿਖਾਈ। ਉਹ ਵੇਖ ਕੇ ਹੈਰਾਨ ਰਹਿ ਗਏ ਤੇ ਕਹਿਣ ਲੱਗੇ ਬਈ ਇਹ ਸਰਦਾਰ ਤਾਂ ਉਥੇ ਜਾਈ ਆਏ!

ਜੂਨ 1977 ਵਿਚ ਅਸੀਂ ਤਿੰਨਾਂ ਨੇ ਚਕਰਾਤੇ ਤੋਂ ਪੈਦਲ ਮਸੂਰੀ ਦੀ ਯਾਤਰਾ ਕੀਤੀ। ਪਹਿਲਾਂ ਅੰਬਾਲੇ ਤੋਂ ਬੱਸ ਤੇ ਦਦਾਹੂ ਗਏ ਤੇ ਫਿਰ ਗਿਰੀ ਦਰਿਆ ਦੇ ਕੰਢੇ-ਕੰਢੇ ਪੈਦਲ ਤੁਰ ਕੇ ਰੇਣੁਕਾ ਝੀਲ ਤਕ ਪੁੱਜੇ। ਉਸੇ ਦਿਨ ਉਸਦੇ ਦੁਆਲੇ ਪਰਿਕਰਮਾ ਵੀ ਕੀਤੀ, ਝੀਲ ਦਾ ਨਜ਼ਾਰਾ ਬਹੁਤ ਸੁੰਦਰ ਸੀ। ਬੜੀ ਰਮਣੀਕ ਥਾਂ ਸੀ। ਉਥੇ ਇਕ ਛੋਟੇ ਜਿਹੇ ਚਿੜੀਆ ਘਰ ਵਿਚ ਸ਼ੇਰ ਵੀ ਰੱਖੇ ਹੋਏ ਸਨ, ਅਸੀ ਉਨ੍ਹਾਂ ਦੇ ਦਰਸ਼ਨ ਵੀ ਕੀਤੇ। ਰਾਤ ਅਸੀ ਰੈਸਟ ਹਾਊਸ ਵਿਚ ਕੱਟੀ ਜੋ ਕਿ ਅਸੀਂ ਮੌਕੇ 'ਤੇ ਹੀ ਬੁੱਕ ਕਰਾ ਲਿਆ ਸੀ। ਚੌਕੀਦਾਰ ਕਹਿੰਦਾ ਕਿ ਠਹਿਰ ਤਾਂ ਜਾਓ ਜੀ, ਪਰ ਜੇ ਕੋਈ ਅਫਸਰ ਵਗੈਰਾ ਆ ਗਿਆ ਤਾਂ ਖ਼ਾਲੀ ਕਰਨਾ ਪਊ। ਕੋਈ ਅਫਸਰ ਨਾ ਆਇਆ ਤੇ ਅਸੀਂ ਰਾਤ ਬੜੇ ਆਰਾਮ ਨਾਲ ਕੱਟੀ। ਅਗਲੇ ਦਿਨ ਸਵੇਰੇ ਨਾਹਨ ਗਏ ਤੇ ਉੱਥੋਂ ਪਾਉਂਟਾ ਸਾਹਿਬ ਚਲੇ ਗਏ। ਜਮਨਾ ਦਰਿਆ ਪਾਰ ਕਰਕੇ ਹਰਬਰਟ ਪੁਰ ਤੋਂ ਹੁੰਦੇ ਹੋਏ ਪਿੰਡ 'ਕਾਲਸੀ' ਪੁੱਜ ਗਏ। ਰਾਤ ਓਥੇ ਇਕ ਰੈਸਟ ਹਾਊਸ ਵਿਚ ਬਿਤਾਈ ਤੇ ਅਗਲੇ ਦਿਨ ਸਵੇਰੇ ਹੀ ਚਕਰਾਤਾ ਵਿਖੇ ਪੁੱਜ ਗਏ। ਫਿਰ ਅਸੀਂ ਪੈਦਲ ਤੁਰਕੇ, ਲੰਬਾ ਰਸਤਾ ਕੱਛ ਕੇ ਨਾਗਥਾਟ ਵਿਖੇ ਪਹੁੰਚ ਗਏ। ਰਾਹ ਕੱਚਾ ਸੀ ਜੋ ਖ਼ੁਸ਼ਕ ਪਹਾੜੀਆਂ 'ਚੋਂ ਲੰਘਦਾ ਸੀ। ਬਹੁਤ ਥੱਕੇ ਹੋਏ ਸਾਂ ਅਤੇ ਇਕ ਸਧਾਰਣ ਜਹੇ ਪੰਚਾਇਤੀ ਘਰ ਵਿਚ ਰਾਤ ਕੱਟੀ।

ਸਵੇਰੇ ਉੱਠ ਕੇ ਛੇਤੀ ਨਾਲ ਤਿਆਰ ਹੋਏ। ਚੌਕੀਦਾਰ ਕੋਲੋਂ ਨਾਲ ਲਈ ਕੁਝ ਪਰਾਉਂਠੇ ਬਣਵਾਏ ਤੇ ਮਸੂਰੀ ਵੱਲ ਤੁਰ ਪਏ। ਬਹੁਤ ਹੇਠਾਂ ਉੱਤਰਨਾ ਪਿਆ ਤਟ ਦਰਿਆ ਜਮੁਨਾ ਦੇ ਕਿਨਾਰੇ ਪੁੱਜ ਗਏ। ਇਕ ਲੱਕੜ ਦਾ ਪੁਲ ਪਾਰ ਕੀਤਾ ਤਾਂ ਅੱਗੇ ਇਕ ਵੱਡੀ ਪੱਕੀ ਸੜਕ ਨਜ਼ਰ ਆਈ ਜੋ ਉੱਪਰ ਮਸੂਰੀ ਵੱਲ ਚੜ੍ਹਦੀ ਸੀ। ਅਸੀਂ ਉਸ ਸੜਕ 'ਤੇ ਟੁਰਦੇ-ਟੁਰਦੇ ਉੱਪਰ ਜਾਣ ਲੱਗੇ। ਚੜ੍ਹਾਈ ਬਹੁਤ ਤਿੱਖੀ ਸੀ, ਕਈ ਕਿਲੋਮਟੀਰ ਦਾ ਰਸਤਾ ਸੀ ਪਰ ਅਸੀਂ ਹੰਭ ਗਏ ਸਾਂ।

ਅਚਾਨਕ ਪਿੱਛੋਂ ਇਕ ਟਰੱਕ ਆਉਂਦਾ ਦਿਸਿਆ। ਅਸੀਂ ਹੱਥ ਦਿੱਤਾ ਤੇ ਉਹ ਰੁਕ ਗਿਆ। ਸਾਨੂੰ ਡਰਾਈਵਰ ਨੇ ਪਿਛੋਂ ਦੀ ਚੜ੍ਹਕੇ ਸਾਮਾਨ ਦੇ ਉੱਪਰ ਬੈਠ ਜਾਣ ਲਈ ਕਿਹਾ, ਤੇ ਅਸੀਂ ਬੈਠ ਗਏ। ਟਰੱਕ ਕਈ ਮੋੜ ਕੱਟਦਾ ਹੋਇਆ ਦੌੜ ਰਿਹਾ ਸੀ ਪਰ ਬੜਾ ਡੋਲ ਰਿਹਾ ਸੀ। ਸਾਡੇ ਨਾਲ ਇਕ ਹੋਰ ਬੰਦਾ ਬੈਠਾ ਸੀ। ਅਸੀਂ ਉਸਨੂੰ ਪੁੱਛਿਆ ਕਿ ਇਹ ਕੀ ਹੋ ਰਿਹਾ ਹੈ ਤਾਂ ਉਸਨੇ ਜਵਾਬ ਦਿੱਤਾ ਕਿ ਜੀ ਟਰੱਕ ਦਾ ਸਟੀਅਰਿੰਗ ਢਿੱਲਾ ਹੈ, ਘੁਮਾਉਣ 'ਤੇ ਪੂਰਾ ਫੌਲੋ ਨਹੀਂ ਕਰਦਾ। ਇਸ ਲਈ ਡਰਾਈਵਰ ਇਸ ਨੂੰ ਬਹੁਤ ਜ਼ਿਆਦਾ ਘੁਮਾਕੇ ਸੈੱਟ ਕਰ ਰਿਹਾ ਹੈ, ਜਿਸ ਕਾਰਨ ਟਰੱਕ ਡੋਲ ਜਾਂਦਾ ਹੈ। ਅਸੀਂ ਡਰ ਗਏ ਕਿ ਕਿਧਰੇ ਹੇਠਾਂ ਡੂੰਘੀ ਖੱਡ ਵਿਚ ਹੀ ਨਾ ਸੁੱਟ ਦਵੇ? ਕੈਂਪਟੀ ਫਾਲ ਤੋਂ ਜ਼ਰਾ ਕੁ ਪਹਿਲਾਂ ਟਰੱਕ ਡਰਾਈਵਰ ਹੇਠਾਂ ਉੱਤਰਿਆ ਤਾਂ ਅਸੀਂ ਝੱਟ ਛਾਲਾਂ ਮਾਰ ਕੇ ਟਰੱਕ ਤੋਂ ਉੱਤਰ ਗਏ। ਉਹ ਬੋਲਿਆ,"ਕਿਆ ਸਰਦਾਰ ਜੀ ਡਰ ਗਏ?" ਅਸੀ ਕਿਹਾ ਭਰਾਵਾ ਤੇਰਾ ਸ਼ੁਕਰੀਆ, ਤੂੰ ਸਾਨੂੰ ਏਥੋਂ ਤਕ ਲਿਆਇਆ। ਉਹ ਹੱਸਕੇ ਵਾਪਸ ਟਰੱਕ ਵਿਚ ਜਾ ਬੈਠਾ ਤੇ ਚਲਾ ਗਿਆ।

ਕੈਂਪਟੀ ਫਾਲ ਕੋਲੋਂ ਇਕ ਟੈਕਸੀ ਕਰ ਕੇ ਅਸੀ ਮਸੂਰੀ ਪਹੁੰਚੇ। ਸਾਰੇ ਜਣੇ ਮੇਰੇ ਵੱਡੇ ਭਰਾ ਮਨਮੋਹਨ ਸਿੰਘ ਸੋਨੀ ਦੇ ਘਰ ਜਾ ਠਹਿਰੇ। ਰਾਤੀਂ ਥਕਾਵਟ ਲਾਹੀ ਤੇ ਅਗਲੇ ਦਿਨ ਹਰਦੁਆਰ ਹੁੰਦੇ ਹੋਏ ਵਾਪਸ ਪਰਤ ਆਏ। ਇਹ ਯਾਤਰਾ ਬੜੀ ਕਠਿਨ ਸੀ, ਪਰ ਸੀ ਦਿਲਚਸਪ।

ਆਖ਼ਰੀ ਛੋਟੀ ਜਿਹੀ ਯਾਤਰਾ ਅਸੀਂ ਤਿੰਨਾਂ ਮਿੱਤਰਾਂ ਨੇ ਸੰਨ 2015 ਵਿਚ ਕੀਤੀ ਸੀ। ਮੇਰਾ ਬੇਟਾ ਅਨੁਜੋਤ ਸਿੰਘ ਸਾਨੂੰ ਕਾਰ 'ਤੇ ਧਰਮਸ਼ਾਲਾ ਲੈ ਗਿਆ ਜਿੱਥੇ ਅਸੀਂ ਯੋਲ ਕੈਂਟ ਵਿਚ ਰਾਤ ਕੱਟੀ। ਸਵੇਰੇ ਉੱਠ ਕੇ ਪਹਿਲਾਂ ਮਕਲੌਡਗੰਜ ਤੇ ਭਾਗਸੂਨਾਗ ਗਏ। ਉੱਥੋਂ ਮੁੜਕੇ ਅਸੀਂ ਕਾਰ 'ਤੇ ਹੀ ਡਲ-ਝੀਲ ਗਏ ਅਤੇ ਉੱਥੋਂ ਪੈਦਲ ਤੁਰ ਕੇ ਉੱਪਰ ਨੱਢੀ ਵੱਲ ਚੜ੍ਹਨ ਲੱਗੇ। ਉੱਥੇ ਹੁਣ ਬੜੀ ਭੀੜ ਹੋ ਗਈ ਹੋਈ ਹੈ, ਬੜੇ ਹੋਟਲ ਵੀ ਖੁੱਲ੍ਹ ਗਏ ਹਨ। ਪਰ੍ਹਾਂ 'ਯੋਗਾ ਧਿਆਨ ਕੇਂਦਰ' ਵੱਲ ਤੁਰ ਪਏ, ਸਾਹਮਣੇ ਤਰਿਉਂਡ ਵਾਲੇ ਪਹਾੜ ਵੀ ਦਿਸ ਰਹੇ ਸਨ।

ਇਕ ਇਕਾਂਤ ਜਿਹੀ ਥਾਂ 'ਤੇ ਬੈਠਕੇ ਯੋਗੀ ਜੀ ਨੇ ਕੇ. ਐੱਲ. ਸਹਿਗਲ ਦਾ ਗੀਤ ਛੁਹ ਲਿਆ,"ਬਾਬੁਲ ਮੋਰਾ ਨੈਹਰ ਛੂਟੋ ਹੀ ਜਾਏ। ਅੰਗਨਾ ਤੋ ਪਰਬਤ ਭਯੋ ਔਰ ਦੇਹਰੀ ਭਈ ਬਦੇਸ। ਲੇ ਬਾਬਲ ਘਰ ਆਪਨਾ ਮੈਂ ਚਲੀ ਪੀਆ ਕੇ ਦੇਸ--"। ਮੇਰੀ ਨਜ਼ਰ ਤੇ ਸੋਚ ਦੂਰ ਹੇਠਾਂ ਦਿਸਦੇ ਰੰਗੀਨ ਘਰਾਂ ਤੇ ਟਿਕੀ ਹੋਈ ਸੀ, ਮਾਨੋ ਉੱਥੋਂ ਹੀ ਕੋਈ ਡੋਲੀ ਟੁਰ ਰਹੀ ਹੋਵੇ।

ਕੁਝ ਸਮਾਂ ਅਸੀਂ ਓਥੇ ਬੈਠੇ। ਤੇ ਫਿਰ ਅਨੁਜੋਤ ਦੀ ਕਾਰ ਵਿਚ ਬੈਠ ਕੇ ਵਾਪਸ ਘਰੋ ਘਰੀ ਪਰਤ ਆਏ। ਇੰਜ ਬੀਤੇ ਪਰਬਤਾਂ ਦੇ ਸੰਗ ਤੇ ਦਰਿਅਵਾਂ ਦੇ ਨਾਲ-ਸਾਡੀ ਦੋਸਤੀ ਦੇ ਪੰਜਾਹ ਸਾਲ। •

# ਲੰਡਨ ਦੀ ਆਫਟਰਨੂਨ ਟੀ



ਪ੍ਰੋ. ਕੁਲਬੀਰ ਸਿੰਘ
94171-53513

ਲੰਡਨ ਦੀ ਆਫਟਰਨੂਨ ਚਾਹ ਬੜੀ ਚਰਚਿਤ ਹੈ। ਚਰਚਿਤ ਇਸ ਲਈ ਹੈ ਕਿ ਦੁਨੀਆ ਭਰ ਦੇ ਬਿਹਤਰੀਨ 'ਫਲੇਵਰ' ਉੱਥੇ ਉਪਲੱਬਧ ਹਨ। ਟੇਬਲ ਦੀ ਬੁਕਿੰਗ ਲੰਮਾ ਸਮਾਂ ਪਹਿਲਾਂ ਕਰਵਾਉਣੀ ਪੈਂਦੀ ਹੈ। ਅਸੀਂ ਪਹਿਲੀ ਜੂਨ ਨੂੰ ਇੰਗਲੈਂਡ ਗਏ ਸਾਂ। ਜਾਣ ਤੋਂ ਪਹਿਲਾਂ ਹੀ 28 ਜੂਨ ਦੀ ਬੁਕਿੰਗ ਬੱਚਿਆਂ ਨੇ ਕਰਵਾ ਲਈ ਸੀ। ਇਹ ਦੋ ਕੁ ਘੰਟੇ ਲਈ ਤੁਹਾਨੂੰ ਬਾਦਸ਼ਾਹਤ ਦੇ ਅਹਿਸਾਸ ਨਾਲ ਭਰ ਦਿੰਦਾ ਹੈ।

ਯੂ.ਕੇ. ਅਠਾਰਵੀ ਸਦੀ ਤੋਂ ਚਾਹ ਦੀ ਖਪਤ ਵਾਲੇ ਮੋਹਰੀ ਦੇਸ਼ਾਂ ਵਿਚ ਰਿਹਾ ਹੈ। ਚਾਹ ਇੰਗਲੈਂਡ ਦੇ ਕਲਚਰ ਅਤੇ ਸਮਾਜ ਦਾ ਉੱਭਰਵਾਂ ਤੇ ਮਹੱਤਵਪੂਰਨ ਪੱਖ ਹੈ। 'ਆਫਟਰਨੂਨ ਚਾਹ' ਦੀ ਸ਼ੁਰੂਆਤ 1840 ਦੇ ਦਹਾਕੇ ਵਿਚ ਹੋਈ ਸੀ। ਇਸ ਨੂੰ 'ਮਿੰਨੀ ਮੀਲ' ਵਜੋਂ ਵੀ ਜਾਣਿਆ ਜਾਂਦਾ ਹੈ ਕਿਉਂਕਿ ਹਰ ਤਰ੍ਹਾਂ ਦੀ ਚਾਹ ਨਾਲ ਸੈਂਡਵਿਚ, ਕੇਕ, ਬਿਸਕੁਟ, ਸਕੋਨ ਆਦਿ ਪਰੋਸੇ ਜਾਂਦੇ ਹਨ।

ਲੰਡਨ ਵਿਚ ਧਾਰਨਾ ਹੈ ਕਿ 'ਆਫਟਰਨੂਨ ਟੀ' ਤੁਹਾਡੀ ਜ਼ਿੰਦਗੀ ਦੇ ਕੁਝ ਪਲਾਂ ਨੂੰ ਸ਼ਾਨਦਾਰ ਬਣਾ ਦਿੰਦੀ ਹੈ। ਯਾਦਗਾਰੀ ਕਰ ਦਿੰਦੀ ਹੈ। ਦਰਅਸਲ ਚਾਹ ਪਰੋਸਣ ਦਾ ਸਲੀਕਾ ਉਸ ਨੂੰ ਸ਼ਾਨਦਾਰ ਤੇ ਯਾਦਗਾਰੀ ਬਣਾਉਂਦਾ ਹੈ। ਦੁਨੀਆ ਭਰ ਦੀਆਂ ਬਿਹਤਰੀਨ ਚਾਹ ਦੀਆਂ ਕਿਸਮਾਂ, ਦੁਨੀਆ ਭਰ ਦੇ ਬਿਹਤਰੀਨ ਕੱਪ ਕੇਤਲੀਆਂ ਅਤੇ ਮਨਮੋਹਕ ਆਲਾ ਦੁਆਲਾ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ। ਕਈ ਥਾਵਾਂ 'ਤੇ ਡਰੈੱਸ ਕੋਡ ਜਾਰੀ ਕੀਤਾ ਜਾਂਦਾ ਹੈ। ਡਰੈੱਸ ਕੋਡ ਨਾ ਵੀ ਹੋਵੇ, ਹਰ ਕੋਈ ਫਾਰਮਲ ਡਰੈੱਸ ਵਿਚ ਸੱਜ ਧੱਜ ਕੇ ਪੁੱਜਦਾ ਹੈ।

ਸੈਲੋਨ ਟੀ, ਸੀਗਾਰ ਬਲੈਂਡ, ਚੌਕਲੇਟ ਟੀ, ਦਾਰਜੀਲਿੰਗ ਅਸਾਮ ਟੀ, ਗਰੀਨ-ਵਾਈਟ-ਬਲੈਕ ਟੀ। ਸੈਂਕੜੇ ਫਲੇਵਰ। ਸੈਂਕੜੇ ਤਰ੍ਹਾਂ ਦੀਆਂ ਖਾਣ ਵਾਲੀਆਂ ਵਸਤਾਂ। ਹਰੇਕ ਦੀ ਨਿੱਜੀ ਪਸੰਦ ਦਾ ਸਵਾਲ ਬਣ ਜਾਂਦਾ ਹੈ। ਆਫਟਰਨੂਨ ਟੀ ਦੁਪਹਿਰ ਦੇ ਖਾਣੇ ਅਤੇ ਰਾਤ ਦੇ ਖਾਣੇ ਵਿਚਲਾ ਖੱਪਾ ਭਰਨ ਲਈ ਆਰੰਭ ਹੋਈ ਸੀ। ਇਹ ਪਿਰਤ ਸਦੀਆਂ ਤੋਂ ਉਵੇਂ ਚਲੀ ਆਉਂਦੀ ਹੈ। ਸਮੇਂ ਨਾਲ ਇਸ ਪਿਰਤ ਦੀ ਸ਼ਾਨ, ਸੁਹਜ ਤੇ ਸਲੀਕਾ ਵਧ ਗਿਆ। ਮੌਸਮ ਦੇ ਹਿਸਾਬ ਨਾਲ ਤੁਸੀ ਜੇਕਰ ਕੋਟ ਜਾਂ ਓਵਰਕੋਟ ਪਹਿਨ ਕੇ ਗਏ ਹੋ ਤਾਂ ਕੁਰਸੀ 'ਤੇ ਬੈਠਣ ਤੋਂ ਪਹਿਲਾਂ ਵੇਟਰ ਕੋਟ ਉਤਾਰਨ ਵਿਚ ਤੁਹਾਡੀ ਮਦਦ ਕਰੇਗਾ ਅਤੇ ਜਾਣ ਸਮੇਂ ਪਹਿਨਾਵੇਗਾ। ਸਮੇਂ ਨਾਲ 'ਆਫਟਰਨੂਨ ਟੀ' ਸਮਾਜਕ ਮੇਲ ਜੋਲ ਲਈ ਵੀ ਪ੍ਰਚਲਿਤ ਹੋ ਗਈ ਹੈ। ਉਸ ਦੀ ਕਈ ਤਰ੍ਹਾਂ ਨਾਲ ਵੰਡ ਹੋ ਗਈ ਹੈ। ਕੁਝ ਥਾਵਾਂ ਸਥਾਨਕ ਲੋਕਾਂ ਨੂੰ ਵਧੇਰੇ ਆਕਰਸ਼ਿਤ ਕਰਦੀਆਂ ਹਨ ਅਤੇ ਕੁਝ ਦੂਸਰੇ ਮੁਲਕਾਂ ਤੋਂ ਘੁੰਮਣ ਫਿਰਨ ਆਏ ਲੋਕਾਂ ਨੂੰ। ਚਾਹ ਦੇ ਅਨੇਕਾਂ ਫਲੇਵਰ ਤਾਂ ਹਨ ਹੀ, ਇਸ ਨੂੰ ਕਰੀਮ ਟੀਮ, ਆਫਟਰਨੂਨ ਟੀ, ਹਾਈ ਟੀ ਅਤੇ ਰੌਇਲ ਟੀ ਜਿਹੀਆਂ ਸ਼੍ਰੇਣੀਆਂ ਵਿਚ ਵੀ ਵੰਡਿਆ ਹੋਇਆ ਹੈ।

ਵਧੇਰੇ ਕਰ ਕੇ ਇਸ ਦਾ ਸਮਾਂ ਬਾਅਦ ਦੁਪਹਿਰ ਤਿੰਨ ਤੋਂ ਪੰਜ ਵਜੇ ਤਕ ਦਾ ਹੁੰਦਾ ਹੈ। 'ਹਾਈ ਟੀ' ਸ਼ਾਮ ਪੰਜ ਤੋਂ ਸੱਤ ਵਜੇ ਦਰਮਿਆਨ ਹੁੰਦੀ ਹੈ। ਇਸ ਨੂੰ ਕੰਮ-ਕਾਜੀ ਲੋਕਾਂ ਦਾ ਸ਼ਾਮ ਦਾ ਭੋਜਨ ਵੀ ਕਿਹਾ ਜਾਂਦਾ ਹੈ। ਆਫਟਰਨੂਨ ਟੀ ਨੂੰ 'ਲੋਅ ਟੀ' ਕਰ ਕੇ ਵੀ ਜਾਣਿਆ ਜਾਂਦਾ ਹੈ ਕਿਉਂਕਿ ਇਹ ਆਰਾਮਦਾਇਕ ਕੁਰਸੀਆਂ ਨਾਲ ਲੱਗੇ ਨੀਵੇਂ ਮੇਜ਼ਾਂ 'ਤੇ ਪਰੋਸੀ ਜਾਂਦੀ ਹੈ। ਜਦ ਕਿ 'ਹਾਈ ਟੀ' ਉੱਚੇ ਟੇਬਲ ਅਰਥਾਤ 'ਡਾਈਨਿੰਗ ਟੇਬਲ 'ਤੇ ਪੇਸ਼ ਕੀਤੀ ਜਾਂਦੀ ਹੈ। ਵਿਰਾਸਤੀ ਆਫਟਰਨੂਨ ਟੀ ਦਾ ਲੁਤਫ਼ ਤਿੰਨ ਪੜਾਵਾਂ ਵਿਚ ਲਿਆ ਜਾ ਸਕਦਾ ਹੈ। ਜੋ ਕੁਝ ਸਾਹਮਣੇ ਟੇਬਲ 'ਤੇ ਪਿਆ ਹੈ। ਫਿਰ ਸਕੋਨ ਅਤੇ ਅਖੀਰ ਵਿਚ ਮਠਿਆਈਆਂ। ਬਚੀਆਂ ਚੀਜ਼ਾਂ ਨੂੰ ਪੈਕ ਕਰਵਾ ਕੇ ਤੁਸੀ ਘਰ ਲਿਜਾ ਸਕਦੇ ਹੋ। ਆਫਟਰਨੂਨ ਟੀ 'ਚ ਏਨਾ ਕੁਝ ਖਾ ਪੀ ਕੇ ਡਿਨਰ ਦਾ ਸਵਾਲ ਹੀ ਪੈਦਾ ਨਹੀ ਹੁੰਦਾ।

ਲੰਡਨ 'ਚ ਧਾਰਨਾ ਹੈ ਕਿ 'ਆਫਟਰਨੂਨ ਟੀ' ਤੁਹਾਡੀ ਜ਼ਿੰਦਗੀ ਦੇ ਕੁਝ ਪਲਾਂ ਨੂੰ ਸ਼ਾਨਦਾਰ ਬਣਾ ਦਿੰਦੀ ਹੈ। ਚਾਹ ਪਰੋਸਣ ਦਾ ਸਲੀਕਾ ਉਸ ਨੂੰ ਯਾਦਗਾਰੀ ਬਣਾਉਂਦਾ ਹੈ। ਬਿਹਤਰੀਨ ਚਾਹ ਤੇ ਕੱਪ ਕੇਤਲੀਆਂ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ...

ਇੱਥੇ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਪੈਸੇ ਵਸੂਲ ਕੀਤੇ ਜਾਂਦੇ ਹਨ। ਤਿੰਨ ਤਰ੍ਹਾਂ ਦੀਆਂ ਕੀਮਤਾਂ ਹਨ। ਤੁਸੀ ਆਪਣੀ ਲੋੜ ਅਨੁਸਾਰ ਚੋਣ ਕਰ ਸਕਦੇ ਹੋ। ਸ਼ਾਕਾਹਾਰੀ ਦੀ ਸੂਰਤ ਵਿਚ ਬੁਕਿੰਗ ਸਮੇਂ ਹੀ ਨੋਟ ਕਰਵਾਉਣਾ ਪੈਂਦਾ ਹੈ। ਭਾਵੇਂ ਕਿ ਵੇਟਰ ਬੜੇ ਹੀ ਮਦਦਗਾਰ ਤੇ ਸਲੀਕੇ ਨਾਲ ਪੇਸ਼ ਆਉਣ ਵਾਲੇ ਹੁੰਦੇ ਹਨ। ਬਹੁਤੇ ਵੇਟਰ ਤਾਂ ਕਲਾਕਾਰ ਹੀ ਜਾਪਦੇ ਹਨ। ਜਿਵੇਂ ਕਈ ਵਾਰ ਪੁਰਾਣੀਆਂ ਹਿੰਦੀ ਫਿਲਮਾਂ ਵਿਚ ਵਿਖਾਇਆ ਹੁੰਦਾ ਸੀ। ਬੜੇ ਮਾਹਿਰ, ਬੜੇ ਪ੍ਰਤਿਭਾਸ਼ਾਲੀ।

ਉੱਥੇ ਏਨਾ ਕੁਝ ਪਰੋਸਿਆ ਜਾਂਦਾ ਹੈ ਕਿ ਬੰਦਾ ਬਹੁਤ ਕੁਝ ਖਾ ਨਹੀ ਸਕਦਾ। ਸੋ ਧਾਰਨਾ ਬਣ ਗਈ ਹੈ ਕਿ ਆਫਟਰਨੂਨ ਟੀ ਲਈ ਖ਼ਾਲੀ ਪੇਟ ਜਾਓ। ਇਹ ਵੀ ਧਾਰਨਾ ਹੈ ਆਫਟਰਨੂਨ ਟੀ 50 ਫ਼ੀਸਦੀ ਅਨੁਭਵ ਹੈ ਅਤੇ 50 ਫ਼ੀਸਦੀ ਖਾਣ ਪੀਣ। ਇਸੇ ਲਈ ਇਸ ਨੂੰ 'ਕਲਾਸਿਕ ਆਫਟਰਨੂਨ ਟੀ' ਦਾ ਨਾਂ ਵੀ ਦਿੱਤਾ ਜਾਂਦਾ ਹੈ।

ਲੰਡਨ ਇਕ ਵਿਸ਼ਾਲ ਸਿਟੀ ਹੈ ਅਤੇ ਆਪਣੀ ਵਿਸ਼ੇਸ਼ ਜੀਵਨ-ਸ਼ੈਲੀ ਕਰ ਕੇ ਜਾਣਿਆ ਜਾਂਦਾ ਹੈ। ਇਥੇ 'ਆਫਟਰਨੂਨ ਟੀ' ਲਈ ਸੈਂਕੜੇ ਥਾਵਾਂ ਹਨ। ਹਰੇਕ ਦੀ ਆਪਣੀ ਸ਼ੈਲੀ ਹੋ ਸਕਦੀ ਹੈ ਪ੍ਰੰਤੂ ਸਾਰਿਆਂ ਵਿਚਾਲੇ ਕੁਝ ਸਾਂਝੀਆਂ ਤੰਦਾਂ ਹਨ। ਜਿਹੜੀਆਂ 'ਆਫਟਰਨੂਨ ਟੀ' ਨੂੰ ਵਿਸ਼ੇਸ਼ ਤੇ ਵੱਖਰਾ ਬਣਾਉਂਦੀਆਂ ਹਨ। ਬੈਠਣ ਵਾਲੇ ਹਾਲ ਤੋਂ ਲੈ ਕੇ ਹਰੇਕ ਚੀਜ਼ ਸੁਹਜ ਤੇ ਸਲੀਕੇ ਭਰੀ ਨਜ਼ਰ ਆਉਂਦੀ ਹੈ। ਪਹੁੰਚਦੇ ਹੀ ਤੁਹਾਡਾ ਧਿਆਨ ਆਕ੍ਰਸ਼ਤ ਹੋ ਜਾਂਦਾ ਹੈ। ਰੰਗਾਂ ਦਾ ਸੁਹਜਾਤਮਕ ਸੁਮੇਲ ਸੋਨੇ 'ਤੇ ਸੁਹਾਗੇ ਦਾ ਕੰਮ ਕਰਦਾ ਹੈ।

ਪਹਿਰਾਵੇ ਦੀ ਵੰਡ ਮੋਟੇ ਤੌਰ 'ਤੇ ਫਾਰਮਲ ਅਤੇ ਕੈਜ਼ੁਅਲ ਵਿਚ ਕੀਤੀ ਜਾਂਦੀ ਹੈ। ਪ੍ਰੰਤੂ ਇਥੇ 'ਸਮਾਰਟ ਕੈਜ਼ੁਅਲ' ਦਾ ਨਵਾਂ ਸੰਕਲਪ ਸਾਹਮਣੇ ਆਉਂਦਾ ਹੈ। ਇਸ ਨੂੰ 'ਕਲਰਫੁੱਲ' ਮੌਕਾ ਮੰਨਿਆ ਜਾਂਦਾ ਹੈ ਪ੍ਰੰਤੂ ਗੂੜ੍ਹੇ ਰੰਗਾਂ ਦਾ ਪਹਿਰਾਵਾ ਕੋਈ ਨਹੀ ਪਹਿਨਦਾ। ਜੇ ਤੁਸੀ ਉੱਥੇ ਚੰਗਾ ਸਮਾਂ ਬਤੀਤ ਕਰਦੇ ਹੋ ਤਾਂ ਇਸ ਨੂੰ ਇਕ ਪ੍ਰਾਪਤੀ ਇਕ ਕਾਮਯਾਬੀ ਮੰਨਿਆ ਜਾਂਦਾ ਹੈ। ਅਜਿਹੇ ਅਨੁਭਵ, ਅਜਿਹੇ ਅਹਿਸਾਸ ਨਾਲ ਅਸੀ ਹੋਟਲ 'ਚੋਂ ਬਾਹਰ ਨਿਕਲੇ। ਬੱਚਿਆਂ ਨੇ ਲੰਡਨ ਦੀ ਜੀਵਨ ਸ਼ੈਲੀ ਦੇ ਇਕ ਨਿਵੇਕਲੇ ਪਹਿਲੂ ਤੋਂ ਜਾਣੂ ਕਰਵਾਇਆ, ਜੋ ਯਾਦਗਾਰੀ ਬਣ ਗਿਆ। •



*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲਾ ਲੇਖਕ



ਜਿੰਮੀ ਅਹਿਮਦਗੜ੍ਹ

ਸਾਹਿਤਕ ਖੇਤਰ ਵਿਚ ਆਪਣੇ ਗੀਤਾਂ, ਗ਼ਜ਼ਲਾਂ ਰਾਹੀਂ ਸਮਾਜਿਕ ਬੁਰਾਈਆਂ, ਪਖੰਡੀ ਸਾਧਾਂ ਤੇ ਆਪਣੀ ਕਲਮ ਰਾਹੀਂ ਵਿਅੰਗਮਈ ਢੰਗ ਨਾਲ ਚੋਟ ਲਾਉਣ ਵਾਲੇ ਨੌਜਵਾਨ ਲੇਖਕ ਜਿੰਮੀ ਅਹਿਮਦਗੜ੍ਹ ਦਾ ਜਨਮ 15 ਸਤੰਬਰ ਨੂੰ ਝੱਮਟ ਪਿੰਡ, ਜ਼ਿਲ੍ਹਾ ਮੋਗਾ ਵਿਖੇ ਪਿਤਾ ਜਸਵੰਤ ਸਿੰਘ ਅਤੇ ਮਾਤਾ ਸੁਰਿੰਦਰ ਕੌਰ ਦੇ ਘਰ ਹੋਇਆ। ਜਿੰਮੀ ਨੂੰ ਸਕੂਲ ਟਾਇਮ ਤੋਂ ਹੀ ਲਿਖਣ ਦਾ ਸ਼ੌਕ ਪਿਆ। ਜਿੰਮੀ ਦਾ ਅਸਲ ਨਾਂ ਗੁਰਪ੍ਰੀਤ ਸਿੰਘ ਉੱਭੀ ਹੈ ਅਤੇ ਅੱਜ-ਕੱਲ੍ਹ ਉਹ ਜ਼ਿਲ੍ਹਾ ਸੰਗਰੂਰ ਦੇ ਕਸਬਾ ਮੰਡੀ ਅਹਿਮਦਗੜ੍ਹ ਵਿਖੇ ਰਹਿ ਰਿਹਾ ਹੈ। ਜਿੰਮੀ ਇਲਾਕੇ ਦੀਆਂ ਵੱਖ-ਵੱਖ ਸਾਹਿਤਕ ਸਭਾਵਾਂ ਨਾਲ ਜੁੜਿਆ ਹੋਇਆ ਹੈ। ਉਸ ਨੂੰ ਲਿਖਣ ਦੇ ਨਾਲ-ਨਾਲ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਹੈ। ਪੇਸ਼ ਹੈ ਜਿੰਮੀ ਅਹਿਮਦਗੜ੍ਹ ਦੀ ਕਵਿਤਾ।

• ਹਰਮਨ ਸੂਫ਼ੀ
70098-00465

### ਕਵਿਤਾ

ਰੱਬਾ ਸਾਨੂੰ ਸਮਝ ਨੀਂ ਆਈ।
ਤੇਰੀ ਕੋਈ ਖੇਡ ਰਚਾਈ।

ਜੀਵਨ ਦੇਣਾ ਦੇ ਕੇ ਲੈਣਾ,
ਇਸ ਤੋਂ ਤੈਨੂੰ ਕੀ ਕਮਾਈ।

ਇਕ ਪਾਸੇ ਤੂੰ ਭਾਂਬੜ ਬਾਲੇ,
ਇਕ ਪਾਸੇ ਤੂੰ ਕਲੀ ਬਣਾਈ।

ਜੋ ਤੂੰ ਚਹੁੰਣਾ ਓਹੀ ਹੋਣਾ,
ਫਿਰ ਕਿਉਂ ਭੱਜੀ ਫਿਰੇ ਲੁਕਾਈ।

ਰਾਹੀ ਵੀ ਤੂੰ ਰਹਿਬਰ ਵੀ ਤੂੰ,
ਖ਼ੁਦ ਨੂ ਜਾਵੇਂ ਰਾਹੇ ਪਾਈ।

ਤੂੰ ਬਣਵਾਏ ਜਾਂ ਫਿਰ ਬਣਗੇ,
ਹਿੰਦੂ ਮੁਸਲਿਮ ਸਿੱਖ ਇਸਾਈ।

ਕੰਨ-ਕੰਨ ਦੇ ਨਾਲ ਜੋੜ ਕੇ ਤਾਰਾਂ,
ਕਿੱਥੇ ਬੈਠਾਂ ਡੇਰਾ ਲਾਈ।



ਸਾਡਾ ਪਤਾ ਹੈ–
ਸੰਪਾਦਕ, ਪੰਜਾਬੀ ਜਾਗਰਣ, ਸੀ–120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

# ਮਿਹਨਤ ਨਾਲ ਕਮਾਇਆ ਸੁਖ

ਕੋਈ ਵੀ ਦੇਸ਼ ਹੋਵੇ ਉਸ ਦੇ ਲੋਕ ਵੱਖ-ਵੱਖ ਢੰਗਾਂ ਨਾਲ ਜਿਊਣਾ ਪਸੰਦ ਕਰਦੇ ਹਨ। ਸਭ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣਾ ਜੀਵਨ ਵਧੀਆਂ ਤੇ ਸੁੱਖੀ ਜੀਅ ਸਕੇ। ਜਿਹੜੇ ਲੋਕੀ ਮਿਹਨਤ ਤੇ ਲਗਨ ਨਾਲ ਕੋਸ਼ਿਸ਼ ਕਰਦੇ ਹਨ ਉਨ੍ਹਾਂ ਦੀ ਕੋਸ਼ਿਸ਼ ਇਕ ਨਾ ਇਕ ਦਿਨ ਰੰਗ ਲਿਆਉਂਦੀ ਹੈ। ਸੁੱਖੀ ਜੀਵਨ ਜੀਣ ਲਈ ਜ਼ਿੰਦਗੀ ਵਿਚ ਬਹੁਤ ਧੱਕੇ ਖਾਣੇ ਪੈਂਦੇ ਹਨ, ਜਿਵੇਂ ਸਿਆਣੇ ਕਹਿੰਦੇ ਹਨ, 'ਰੋਟੀ ਖਾਣ ਦੇ ਲਈ ਸੋ ਪਾਪੜ ਵੇਲਣੇ ਪੈਂਦੇ।' ਤਾਂ ਜਾ ਕੇ ਰੋਟੀ ਪ੍ਰਾਪਤ ਹੁੰਦੀ ਹੈ। ਜੇ ਗੱਲ ਕਰੀਏ ਉਸ ਮਨੁੱਖ ਦੀ ਜੋ ਕੰਮ ਕਰਨ ਵਿਚ ਖ਼ੁਸ਼ੀ ਮਹਿਸੂਸ ਨਹੀਂ ਕਰਦਾ, ਜਿਹੜਾ ਵਿਹਲੇ ਰਹਿਣਾ ਪਸੰਦ ਕਰਦਾ ਇਸ ਕਰਕੇ ਹੀ ਉਸ ਨੂੰ ਮਿਲਣ ਵਾਲਾ ਸੁੱਖ ਕਿੱਤੇ ਦੂਰ ਰਹਿ ਜਾਂਦਾ ਹੈ। ਜੋ ਮਿਹਨਤ ਦੇ ਰਸਤੇ 'ਤੇ ਹੈ ਉਸ ਨੂੰ ਮਿਹਨਤ ਨਾਲ ਮਿਲਿਆ ਸੁੱਖ ਸਾਰੀ ਜ਼ਿੰਦਗੀ ਉਸ ਦੇ ਨਾਲ ਕਹਿੰਦਾ ਹੈ। ਇਸ ਲਈ ਸਾਰਿਆਂ ਨੂੰ ਸੁੱਖੀ ਜੀਵਨ ਜੀਣ ਲਈ ਸਭ ਤੋ ਪਹਿਲਾਂ ਸਖ਼ਤ ਮਿਹਨਤ ਕਰਨ ਦੀ ਲੋੜ ਹੈ ਜਿਸ ਨਾਲ ਇਮਸਾਨ ਆਪਣੀ ਤੇ ਪਰਿਵਾਰ ਦੀ ਜ਼ਿੰਦਗੀ 'ਚ ਸੁਖਾਂ ਨਾਲ ਭਰ ਲਵੇਗਾ।

• ਅੰਮ੍ਰਿਤਾ



# ਰਿਸ਼ਤਿਆਂ ਨੂੰ ਖਾ ਰਹੀ ਹੈ ਬੇਇਤਫ਼ਾਕੀ ਦੀ ਸਿਉਂਕ

ਜੀਵਨ ਨੂੰ ਜਿਊਣਯੋਗ, ਖ਼ੁਸ਼ਗਵਾਰ ਤੇ ਰਵਾਨੀ ਭਰਪੂਰ ਬਣਾਉਣ ਲਈ ਕੁਦਰਤ ਨੇ ਮਨੁੱਖ ਨੂੰ ਰਿਸ਼ਤਿਆਂ ਦੇ ਵੱਖ-ਵੱਖ ਰੰਗਾਂ ਦੇ ਖ਼ੂਬਸੂਰਤ ਫੁੱਲਾਂ ਰੂਪੀ ਗੁਲਦਸਤੇ ਦੀ ਦਾਤ ਬਖ਼ਸ਼ੀ ਹੈ। ਰਿਸ਼ਤਿਆਂ ਦੀ ਇਸ ਫੁੱਲਵਾੜੀ ਸੰਗ ਵਿਚਰਦਿਆਂ ਹੀ ਮਨੁੱਖ ਨੂੰ ਇਹ ਧਰਤੀ ਬਹੁਤ ਸੁਹਾਵਣੀ ਲੱਗਦੀ ਹੈ। ਅਸਲ ਵਿਚ ਮਨੁੱਖ ਦਾ ਇਸ ਧਰਤੀ ਨਾਲ ਸਬੰਧ ਹੀ ਰਿਸ਼ਤਿਆਂ ਦੇ ਵਿਲੱਖਣ ਵਰਤਾਰੇ ਕਾਰਨ ਜੁੜਦਾ ਹੈ। ਮਨੁੱਖ ਲੱਖ ਕਹੀ ਜਾਵੇ ਕਿ ਮੇਰਾ ਕਿਸੇ ਨਾਲ ਕੋਈ ਰਿਸ਼ਤਾ ਨਹੀਂ ਪਰ ਰਿਸ਼ਤਿਆਂ ਦੀਆਂ ਮੋਹ ਭਰੀਆਂ ਤੰਦਾਂ ਕਾਰਨ ਹੀ ਉਹ ਇਸ ਧਰਤ-ਰੂਪੀ ਬਾਗ਼ ਦਾ ਹਿੱਸਾ ਬਣਦਾ ਹੈ। ਮਨੁੱਖ ਦੀਆਂ ਸਾਰੀਆਂ ਗਤੀ-ਵਿਧੀਆਂ, ਖ਼ੁਸ਼ੀਆਂ, ਉਦਾਸੀਆਂ ਤੇ ਲਾਲਸਾਵਾਂ ਰਿਸ਼ਤਿਆਂ ਦਾ ਸਬੱਬ ਹੀ ਹੈ। ਮਨੁੱਖ ਨੂੰ ਸਮਾਜਿਕ ਪ੍ਰਾਣੀ ਵੀ ਇਸ ਕਾਰਨ ਹੀ ਕਿਹਾ ਜਾਂਦਾ ਹੈ ਕਿ ਉਸ ਦੀਆਂ ਬਹੁਤ ਸਾਰੀਆਂ ਲੋੜਾਂ ਦੀ ਪੂਰਤੀ ਲਈ ਉਹ ਸਮਾਜ ਵਿਚ ਵਿਚਰਦਾ ਹੈ। ਕੁਦਰਤੀ ਰੂਪ ਵਿਚ ਮਿਲੇ ਖ਼ੂਨ ਅਤੇ ਹੋਰ ਸੱਭਿਆਚਾਰਕ ਰਿਸ਼ਤਿਆਂ ਸੰਗ ਵਿਚਰਨ ਕਰਕੇ ਹੀ ਮਨੁੱਖ ਨੂੰ ਇਹ ਜੀਵਨ ਬਹੁਤ ਸੁਹਾਵਣਾ ਜਾਪਦਾ ਹੈ ਤੇ ਉਹ ਇਸ ਦੀਆਂ ਦੁਸ਼ਵਾਰੀਆਂ ਨੂੰ ਵੀ ਝੱਲ ਲੈਂਦਾ ਹੈ।

### ਜੀਵਨ ਦੀ ਸੁੰਦਰਤਾ

ਰਿਸ਼ਤਿਆਂ ਵਿਚ ਕੋਈ ਵਿਗਾੜ ਪੈ ਜਾਵੇ ਤਾਂ ਜੀਵਨ ਦੀ ਸੁੰਦਰਤਾ ਦੇ ਸਾਰੇ ਰੰਗ ਫਿੱਕੇ ਪੈ ਜਾਂਦੇ ਹਨ। ਖ਼ੁਸ਼ੀਆਂ ਭਰੀ ਜ਼ਿੰਦਗੀ ਵੀ ਨਰਕ ਲੱਗਣ ਲੱਗਦੀ ਹੈ। ਮਨੁੱਖ, ਜੀਵਨ ਦੇ ਦਿਨ ਤਾਂ ਕੱਟੀ ਜਾਂਦਾ ਹੈ ਪਰ ਇਸ ਬੇ-ਰਸ ਜ਼ਿੰਦਗੀ ਵਿਚ ਕੋਈ ਹੁਲਾਸ ਨਾਂ ਹੋਣ ਕਾਰਨ ਮਨੁੱਖ ਦਾ ਮਨ ਉਚਾਟ ਹੋਇਆ ਰਹਿੰਦਾ ਹੈ। ਬੇਇਤਫ਼ਾਕੀ ਦਾ ਨਾਗ ਜਿਹੜੇ ਘਰ ਪਰਿਵਾਰ ਜਾਂ ਰਿਸ਼ਤਿਆਂ ਨੂੰ ਡੱਸ ਜਾਵੇ ਉੱਥੇ ਫੈਲਿਆ ਇਹ ਜ਼ਹਿਰ ਆਪਸੀ ਸਾਂਝਾਂ ਨੂੰ ਇਸ ਕਦਰ ਤਾਰ-ਤਾਰ ਕਰ ਦਿੰਦਾ ਹੈ ਕਿ ਜਿਊਣਾ ਹੀ ਦੁੱਭਰ ਹੋ ਜਾਂਦਾ ਹੈ। ਸਿਉਂਕ ਰੂਪੀ ਕੀੜਾ ਜੇ ਘਰ ਦੇ ਦਰਵਾਜ਼ੇ ਖਿੜਕੀਆਂ ਨੂੰ ਲੱਗ ਜਾਵੇ ਤਾਂ ਇਨ੍ਹਾਂ ਨੂੰ ਅੰਦਰੋਂ ਖੋਖਲੇ ਕਰ ਦਿੰਦਾ ਹੈ। ਜਦੋਂ ਤਕ ਮਨੁੱਖ ਨੂੰ ਪਤਾ ਲੱਗਦਾ ਹੈ ਉਦੋਂ ਤਕ ਸਭ ਕੁਝ ਬਰਬਾਦ ਹੋਣ ਦੇ ਕੰਢੇ ਪੁੱਜ ਚੁੱਕਾ ਹੁੰਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਜੇ ਕਿਸੇ ਗ਼ਲਤ-ਫਹਿਮੀ ਕਾਰਨ ਰਿਸ਼ਤਿਆਂ ਨੂੰ ਵੀ ਬੇਇਤਫ਼ਾਕੀ ਰੂਪੀ ਸਿਉਂਕ ਲੱਗ ਜਾਵੇ ਤਾਂ ਬਾਹਰੋਂ ਤਾਂ ਜਾਪਦਾ ਹੈ ਕਿ ਰਿਸ਼ਤਾ ਨਿਭ ਰਿਹਾ ਹੈ ਪਰ ਰਿਸ਼ਤਿਆਂ ਦੀਆਂ ਅੰਦਰੂਨੀ ਤੰਦਾਂ ਬਹੁਤ ਕਮਜ਼ੋਰ ਹੋ ਜਾਂਦੀਆਂ ਹਨ ਤੇ ਜੇ ਕੋਈ ਨਾ ਸੰਭਲੇ ਤਾਂ ਇਹ ਇਕ ਦਿਨ ਟੁੱਟ ਜਾਂਦੀਆਂ ਹਨ। ਜੀਵਨ-ਰੂਪੀ ਗੱਡੀ, ਪਤੀ-ਪਤਨੀ ਦੀ ਆਪਸੀ ਸਮਝ, ਇਕ ਦੂਜੇ ਦੇ ਵਿਚਾਰਾਂ ਦੀ ਕਦਰ, ਆਪਸੀ ਸੁਹਿਰਦਤਾ ਨਾਲ ਹੀ ਸੰਤੁਲਿਤ ਰੂਪ ਵਿਚ ਚਲਾਈ ਜਾ ਸਕਦੀ ਹੈ। ਜੇ ਇਨ੍ਹਾਂ ਪਹੀਆਂ ਵਿਚ ਆਪਸੀ ਸੰਤੁਲਿਨ ਉੱਚਾ ਨੀਵਾਂ ਹੋ ਜਾਵੇ ਤਾਂ ਇਸ ਗੱਡੀ ਦਾ ਚਲਣਾ ਹੀ ਦੁਸ਼ਵਾਰ ਹੋ ਜਾਂਦਾ ਹੈ। ਬੇਇਤਫ਼ਾਕੀ ਕਾਰਨ ਕਈ ਵਾਰ ਇਹ ਗੱਡੀ ਦੁਸ਼ਵਾਰੀਆਂ ਦੇ ਚਿੱਕੜ ਵਿਚ ਇੰਨੀ ਖੁੱਭ ਜਾਂਦੀ ਹੈ ਕਿ ਜਿਊਣਾ ਹੀ ਮੁਹਾਲ ਹੋ ਜਾਂਦਾ ਹੈ।

### ਬੇਇਤਫ਼ਾਕੀ

ਇਸ ਤਰ੍ਹਾਂ ਹੀ ਤਿੜਕਦਿਆਂ-ਤਿੜਕਦਿਆਂ ਜਦੋਂ ਰਿਸ਼ਤਿਆਂ ਵਿਚ ਗੰਢ ਪੈ ਜਾਂਦੀ ਹੈ ਤਾਂ ਸਭ ਕੁਝ ਤਹਿਸ-ਨਹਿਸ ਹੋ ਜਾਂਦਾ ਹੈ। ਅਜਿਹਾ ਬੇਚੈਨੀ ਭਰਿਆ, ਤਿੜਕੇ ਵਿਸ਼ਵਾਸ ਤੇ ਬੇਇਤਫ਼ਾਕੀ ਦੇ ਕੀੜੇ ਨਾਲ ਗ੍ਰਸਿਆ ਜੀਵਨ ਵੀ ਭਲਾ ਕੋਈ ਜੀਵਨ ਹੈ। ਰਿਸ਼ਤਿਆਂ ਵਿਚਕਾਰ ਉਸਰੀ ਬੇਇਤਫ਼ਾਕੀ ਦੀ ਦੀਵਾਰ ਜਦੋਂ ਹੋਰ ਉੱਚੀ ਹੋਈ ਜਾਵੇ, ਮੋਹ ਦੇ ਠੰਢੇ ਬੁੱਲ੍ਹੇ ਆਉਣ ਦੇ ਜਦੋਂ ਸਾਰੇ ਝਰੋਖੇ ਬੰਦ ਹੋ ਜਾਣ ਤਾਂ ਅਜਿਹੀ ਸਥਿਤੀ ਵਿਚ ਸਾਹ ਘੁੱਟਦਾ ਹੈ ਤੇ ਮਨ ਬੇਚੈਨੀ ਦੇ ਆਲਮ ਵਿਚ ਨਿਰਾਸ਼ਜਨਕ ਵਿਚਾਰਾਂ ਵਿਚ ਉਲਝਿਆ ਕੁਝ ਵੀ ਸਾਰਥਿਕ ਸੋਚਣ ਤੋਂ ਅਸਮਰੱਥ ਹੋ ਜਾਂਦਾ ਹੈ। ਨੀਰਸਤਾ ਭਰੇ ਇਸ ਸਮੇਂ ਵਿੱਚੋਂ ਗੁਜ਼ਰਨ ਦੀ ਚੀਸ ਨੂੰ ਸ਼ਾਇਦ ਸ਼ਬਦਾਂ ਵਿਚ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਇਸ ਦਾ ਅਨੁਭਵ ਉਸ ਨੂੰ ਹੀ ਹੁੰਦਾ ਹੈ ਜਿਹੜਾ ਇਸ ਵਿੱਚੋਂ ਗੁਜ਼ਰਦਾ ਹੈ। ਚੰਗੀ ਭਲੀ ਚਲਦੀ ਜ਼ਿੰਦਗੀ ਦੀ ਤੋਰ ਵਿਚ ਕਈ ਵਾਰ ਬੇਇਤਫ਼ਾਕੀ ਅਜਿਹਾ ਵਿਘਨ ਪਾਉਂਦੀ ਹੈ ਕਿ ਪਿਆਰ ਨਾਲ ਇਕ ਦੂਜੇ 'ਤੇ ਜਾਨ ਦੇਣ ਵਾਲੇ ਵੀ ਪਲਾਂ ਛਿਣਾਂ ਵਿਚ ਇਕ ਦੂਜੇ ਵੱਲ ਪਿੱਠ ਕਰ ਲੈਂਦੇ ਹਨ।

### ਸ਼ੀਸ਼ਿਆਂ 'ਤੇ ਜੰਮੀ ਧੂੜ

*ਸਮੇਂ-ਸਮੇਂ ਤੇ ਸ਼ੀਸ਼ਿਆਂ 'ਤੇ ਜੰਮੀ ਧੂੜ ਝਾੜਦੇ ਰਹਿਣਾ ਚਾਹੀਦਾ ਹੈ ਤਾਂ ਕਿ ਆਰ-ਪਾਰ ਸਪੱਸ਼ਟ ਦਿਖਾਈ ਦਿੰਦਾ ਰਹੇ। ਰਿਸ਼ਤਿਆਂ ਪ੍ਰਤੀ ਅਵੇਸਲਾਪਣ, ਜ਼ਿੱਦੀ ਸੁਭਾਅ, ਵਿਚਾਰ-ਵਟਾਂਦਰੇ ਦੀ ਅਣਹੋਂਦ, ਅੰਦਰਲੀ ਹਉਮੈ ਦਾ ਪ੍ਰਗਟਾਵਾ, ਮਨ ਦੀ ਸੰਕੀਰਨਤਾ, ਇਕ ਦੂਜੇ ਦੀ ਪ੍ਰਵਾਹ ਨਾ ਕਰਨੀ, ਗੱਲ-ਗੱਲ ਤੇ ਗੁੱਸੇ ਦੀ ਪ੍ਰਵਿਰਤੀ ਆਦਿ ਕਾਰਨ ਰਿਸ਼ਤਿਆਂ ਵਿਚ ਬੇਗਾਨਗੀ ਦੀ ਭਾਵਨਾ ਪੈਦਾ ਕਰਨ ਵਿਚ ਆਪਣੀ ਭੂਮਿਕਾ ਨਿਭਾਉਂਦੇ ਹਨ। ਜੇ ਬੇਇਤਫਾਕੀ ਦੀ ਦਰਾੜ ਲਗਾਤਾਰ ਵਧੀ ਜਾਂਦੀ ਹੈ ਤੇ ਇਕ ਦਿਨ ਅਜਿਹਾ ਆਉਂਦਾ ਹੈ ਜਦੋਂ ਰਿਸ਼ਤਿਆਂ ਦੇ ਪਾਂਧੀ ਸਮਾਨਅੰਤਰ ਚਲਦੀਆਂ ਰੇਲ ਲਾਇਨਾਂ ਵਾਂਗ ਜਾਪਦੇ ਤਾਂ ਇਕ ਦੂਜੇ ਦੇ ਨੇੜੇ ਹਨ ਪਰ ਅਸਲੀਅਤ ਵਿਚ ਉਹ ਇਕ ਦੂਜੇ ਤੋਂ ਬਹੁਤ ਦੂਰ ਹੋ ਚੁੱਕੇ ਹੁੰਦੇ ਹਨ।*

### ਮੁਹੱਬਤ ਦੀ ਮਲ੍ਹਮ

ਜੀਵਨ ਵਿਚ ਜਦੋਂ ਅਵਿਸ਼ਵਾਸ ਦੀ ਸਿਖ਼ਰ ਹੋ ਜਾਵੇ ਤਾਂ ਮਨ ਦੇ ਸਾਰੇ ਗੁੱਸੇ-ਗਿਲੇ ਭੁਲਾ ਕੇ ਨਵੇਂ ਸਿਰੇ ਤੋਂ ਬਾਬੇ ਨਾਨਕ ਦੀ ਸਿੱਖਿਆ 'ਕਿਛ ਸੁਣੀਏ ਕਿਛ ਕਹੀਏ' ਦੇ ਰਾਹ ਤੁਰਦਿਆਂ ਗੱਲਬਾਤ ਦਾ ਸਿਲਸਿਲਾ ਕਦੇ ਟੁੱਟਣ ਨਹੀਂ ਦੇਣਾ ਚਾਹੀਦਾ। ਕਿਸੇ ਪਰਿਵਾਰ ਦੇ ਜੀਆਂ ਜਾਂ ਹੋਰ ਰਿਸ਼ਤਿਆਂ ਵਿਚ ਪੈਦਾ ਹੋਈ ਬੇਇਤਫ਼ਾਕੀ ਦੀ ਗੁੰਝਲ ਨੂੰ ਆਪ ਹੀ ਮਿਲ ਬੈਠ ਕੇ ਸੁਲਝਾਉਣ ਲਈ ਇਤਫ਼ਾਕ ਤੇ ਮੁਹੱਬਤ ਦੀ ਮਲ੍ਹਮ ਨਾਲ ਪਲੋਸਣ ਦੀ ਕੋਸ਼ਿਸ਼ ਕਰਨੀ ਬਹੁਤ ਵੱਡੀ ਗੱਲ ਹੈ। ਕਿਸੇ ਹੋਰ ਵੱਲੋਂ ਨਿਭਾਈ ਵਿਚੋਲਗੀ ਕਿਸੇ ਵਿਸ਼ੇਸ਼ ਸੰਕਟ ਸਮੇਂ ਤਾਂ ਸਹਾਈ ਹੋ ਸਕਦੀ ਹੈ ਪਰ ਗ਼ਲਤ-ਫਹਿਮੀਆਂ ਤਾਂ ਆਪਸੀ ਮੈਂ ਤਿਆਗ ਕੇ ਹੀ ਦੂਰ ਹੁੰਦੀਆਂ ਹਨ। ਕਈ ਵਾਰ ਬੇਇਤਫ਼ਾਕੀ ਦਾ ਸਬੱਬ, ਕਿਸੇ ਹੋਰ ਵੱਲੋਂ ਕਹੀ ਕੋਈ ਗੱਲ ਹੁੰਦੀ ਹੈ ਜੋ ਆਪਸੀ ਤਕਰਾਰ ਦਾ ਕਾਰਨ ਬਣ ਜਾਂਦੀ ਹੈ। ਸੂਝ ਨਾਲ ਸੋਚਣ ਵਿਚਾਰਨ ਦੀ ਥਾਂ ਕਿਸੇ ਹੋਰ ਦੀ ਕਹੀ ਸੱਚੀ ਝੂਠੀ ਗੱਲ ਨੂੰ ਆਧਾਰ ਬਣਾ ਕੇ ਲੜਾਈ ਝਗੜਾ ਸਹੇੜ ਲੈਣਾ 'ਆ ਬੈਲ ਮੁਝੇ ਮਾਰ' ਵਾਲੀ ਗੱਲ ਹੈ। ਹਰ ਰਿਸ਼ਤਾ ਵਿਸ਼ਵਾਸ ਤੇ ਉਸਰਿਆ ਹੁੰਦਾ ਹੈ ਤੇ ਕਿਸੇ ਤੀਜੇ ਦੀ ਗੱਲ ਦਾ ਯਕੀਨ ਕਰਨ ਤੋਂ ਪਹਿਲਾਂ,ਬਿਨਾਂ ਉਤੇਜਿਤ ਹੋਇਆਂ ਠੰਢੇ ਮਨ ਨਾਲ ਇਹ ਵਿਚਾਰ ਕਰ ਲੈਣ ਵਿਚ ਹੀ ਸਿਆਣਪ ਹੈ ਕਿ ਸ਼ਾਇਦ ਇਹ ਕੋਈ ਗ਼ਲਤ-ਫਹਿਮੀ ਹੀ ਹੋਵੇ। ਇੰਜ ਵਿਚਾਰਾਂ ਦੀ ਸਾਂਝ ਪਾ ਕੇ ਕਿਸੇ ਵੀ ਗੁੰਝਲ ਨੂੰ ਸੁਲਝਾ ਕੇ ਮਾਹੌਲ ਨੂੰ ਖ਼ੁਸ਼ਗਵਾਰ ਕੀਤਾ ਜਾ ਸਕਦਾ ਹੈ।

### ਪਰੇਸ਼ਾਨੀਆਂ

*ਮਨੁੱਖ ਜ਼ਿੰਦਗੀ ਗੁਜ਼ਾਰਦਿਆਂ ਅਨੇਕਾਂ ਪਰੇਸ਼ਾਨੀਆਂ, ਸੰਕਟਾਂ, ਬਿਮਾਰੀਆਂ, ਉਤਰਾਵਾਂ ਚੜ੍ਹਾਵਾਂ ਸੰਗ ਜੂਝਦਾ ਹੈ। ਜੇ ਆਪਸੀ ਰਿਸ਼ਤਿਆਂ ਜਾਂ ਘਰ ਪਰਿਵਾਰਾਂ ਵਿਚ ਇਤਫ਼ਾਕ ਤੇ ਸੂਝ ਭਰੀ ਸਾਂਝ ਹੋਵੇ ਤਾਂ ਸਭ ਦੁਸ਼ਵਾਰੀਆਂ ਤੇ ਸੰਕਟਾਂ ਵਾਲਾ ਸਮਾਂ ਲੰਘ ਜਾਂਦਾ ਹੈ। ਇਸ ਦੇ ਉਲਟ ਜੇ ਬੇਇਤਫ਼ਾਕੀ ਦਾ ਕਾਲਾ ਨਾਗ ਸਾਂਝਾਂ ਨੂੰ ਡੱਸ ਜਾਵੇ ਤਾਂ ਪਰੇਸ਼ਾਨੀਆਂ ਦੇ ਬੱਦਲ ਹੋਰ ਗੂੜ੍ਹੇ ਹੋ ਕੇ ਮਨੁੱਖ ਨੂੰ ਡਰਾਉਣ ਲੱਗਦੇ ਹਨ। ਸੰਕਟਾਂ ਵਿਚ ਘਿਰਿਆ ਮਨੁੱਖ ਬੇਬਸੀ ਤੇ ਲਾਚਾਰੀ ਦੇ ਆਲਮ ਵਿਚ ਵਿਚਰਦਾ ਹੈ। ਉਸ ਦਾ ਜ਼ਿੰਦਗੀ ਜਿਊਣ ਦਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ। ਬੇਇਤਫ਼ਾਕੀ ਦੀ ਸਿਉਂਕ ਦਾ ਕੀੜਾ ਓਦੋਂ ਲੱਗਦਾ ਹੈ ਜਦੋਂ ਕੋਈ ਰਿਸ਼ਤਿਆਂ ਦੀ ਪਰਵਾਹ ਨਾ ਕਰੇ। ਜਿਵੇਂ ਮਨੁੱਖ ਨੂੰ ਜਿਊਂਦੇ ਰਹਿਣ ਲਈ ਆਕਸੀਜਨ ਤੇ ਭੋਜਨ ਦੀ ਲੋੜ ਹੁੰਦੀ ਹੈ। ਇਨ੍ਹਾਂ ਦੀ ਅਣਹੋਂਦ ਵਿਚ ਮਨੁੱਖ ਦਾ ਜਿਉਂਦੇ ਰਹਿਣਾ ਸੰਭਵ ਨਹੀਂ। ਬਿਲਕੁਲ ਇਸੇ ਤਰ੍ਹਾਂ ਹੀ ਰਿਸ਼ਤਿਆਂ ਨੂੰ ਸਦਾ ਬਹਾਰ ਤੇ ਖ਼ੁਸ਼ਗਵਾਰ ਰੱਖਣ ਲਈ ਪਿਆਰ, ਦੁਲਾਰ, ਸਨੇਹ ਤੇ ਸਤਿਕਾਰ ਰੂਪੀ ਅਹਿਸਾਸਾਂ ਦੀ ਸਾਫ਼-ਸਫਾਟ ਤੇ ਨਿਰਮਲ ਹਵਾ ਦੀ ਭਰਵੀਂ ਲੋੜ ਹੁੰਦੀ ਹੈ।*

### ਉਮਰਾਂ ਦੀ ਸਾਂਝ

ਰਿਸ਼ਤਿਆਂ ਵਿਚ ਬੇਇਤਫ਼ਾਕੀ ਦਾ ਜ਼ਹਿਰ ਘੁਲ ਜਾਂਦਾ ਹੈ ਤਾਂ ਕਈ ਵਾਰ ਉਮਰਾਂ ਦੀ ਸਾਂਝ ਵੀ ਖੇਰੂੰ-ਖੇਰੂੰ ਹੋਣ ਨੂੰ ਵਕਤ ਨਹੀਂ ਲਗਦਾ। ਮਨ ਵਿਚ ਨਿਰਾਰਥਿਕ ਵਿਚਾਰ ਇਸ ਤਰ੍ਹਾਂ ਘਰ ਕਰ ਲੈਂਦੇ ਹਨ ਕਿ ਦੋਵੇਂ ਪਾਸੇ ਇਕ ਦੂਜੇ ਪ੍ਰਤੀ ਨਫ਼ਰਤ ਤੇ ਸਾੜੇ ਦੀ ਭਾਵਨਾ ਰੱਖਣ ਨਾਲ ਦੂਰੀਆਂ ਵਧਦੀਆਂ ਹੀ ਜਾਂਦੀਆਂ ਹਨ। ਹਰ ਧਿਰ ਆਪਣੇ ਆਪ ਨੂੰ ਦੂਜੇ ਨਾਲੋਂ ਵਧ ਸਿਆਣਾ ਸਮਝਣ ਲੱਗਦੀ ਹੈ। ਇਕ ਦੂਜੇ ਪ੍ਰਤੀ ਨਗੂਣੇ ਗਿਲੇ ਸ਼ਿਕਵੇ ਵੀ ਬਹੁਤ ਵੱਡੀ ਗੱਲ ਜਾਪਣ ਲੱਗਦੇ ਹਨ। ਜੇ ਕਿਸੇ ਕਪੜੇ ਦੇ ਆਏ ਲੰਗਾਰ ਨੂੰ ਸੀਤਾ ਨਾ ਜਾਵੇ ਤਾਂ ਲੰਗਾਰ ਹੋਰ ਵਧ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਜੇ ਰਿਸ਼ਤਿਆਂ ਵਿਚ ਪਏ ਪਾੜ ਨੂੰ ਜੇ ਪੂਰਨ ਲਈ ਫੌਰੀ ਕੋਸ਼ਿਸ਼ ਨਾਂ ਕੀਤੀ ਜਾਵੇ ਤਾਂ ਪਾੜ ਇੰਨਾ ਵਧ ਜਾਂਦਾ ਹੈ ਕਿ ਪੂਰਨਾ ਸੰਭਵ ਨਹੀਂ ਹੁੰਦਾ। ਜ਼ਿੰਦਗੀ ਵਿਚ ਸਾਰਥਿਕ ਨਜ਼ਰੀਆ ਅਪਣਾ ਕੇ ਹੀ ਜੀਵਨ ਨੂੰ ਸੁਹਜਮਈ ਬਣਾਇਆ ਜਾ ਸਕਦਾ ਹੈ। ਸਹਿਣਸ਼ੀਲਤਾ, ਨਿਮਰਤਾ ਤੇ ਸੋਚਾਂ ਦੀ ਸੰਕੀਰਣਤਾ ਤੋਂ ਉੱਪਰ ਉੱਠ ਕੇ ਜ਼ਿੰਦਗੀ ਦੇ ਅਣਮੁੱਲੇ ਪਲਾਂ ਨੂੰ ਜਿਊਣਯੋਗ ਬਣਾਉਣ ਦਾ ਸਲੀਕਾ ਹੀ ਜੀਵਨ ਦੀ ਸਮਝ ਦਾ ਪ੍ਰਮਾਣ ਹੈ। ਬੇਸਮਝੀ ਵਿਚ ਜ਼ਿੰਦਗੀ ਦੇ ਖ਼ੂਬਸੂਰਤ ਪਲਾਂ ਨੂੰ ਗੁਆ ਲੈਣਾ ਜ਼ਿੰਦਗੀ ਦੀ ਸਾਰਥਿਕਤਾ ਪ੍ਰਤੀ ਨਾਂਹਵਾਚੀ ਰਵਈਆ ਹੈ।

• ਗੁਰਬਿੰਦਰ ਸਿੰਘ ਮਾਣਕ
9815356086

## ਪੱਤਰ ਹਰੇ ਕਚੂਰ

# ਰਿਸ਼ਤਿਆਂ ਨੂੰ ਗੀਤਾਂ 'ਚ ਚਿਤਰਨ ਵਾਲਾ ਸ਼ਇਰ



ਚਾਨਣਦੀਪ ਸਿੰਘ ਔਲਖ
98786-83177

ਚਾਨਣਦੀਪ ਸਿੰਘ ਔਲਖ ਮਾਨਸਾ ਜ਼ਿਲ੍ਹੇ ਦੇ ਪਿੰਡ ਗੁਰਨੇ ਖੁਰਦ ਦਾ ਜੰਮਪਲ ਹੈ। ਉਸ ਦਾ ਸਮੁੱਚਾ ਜੀਵਨ ਸਾਹਿਤ ਤੇ ਸਿਹਤ ਦੇ ਖੇਤਰ ਨਾਲ ਜੁੜਿਆ ਹੋਇਆ ਹੈ। ਉਹ ਕਿੱਤੇ ਵਜੋਂ ਸਿਹਤ ਵਿਭਾਗ ਵਿਚ ਸੇਵਾ ਨਿਭਾ ਰਿਹਾ ਹੈ। ਸਾਹਿਤ ਨਾਲ ਉਸ ਦੀ ਬਚਪਨ ਤੋਂ ਹੀ ਬੜੀ ਡੂੰਘੀ ਸਾਂਝ ਬਣੀ ਹੋਈ ਹੈ। ਪ੍ਰਾਇਮਰੀ ਅਧਿਆਪਕ ਦਲੀਪ ਸਿੰਘ ਵਿਰਦੀ ਦੀ ਲਾਈ ਸਾਹਿਤਕ ਚੇਟਕ ਦਿਨੋ ਦਿਨ ਆਪਣਾ ਰੰਗ ਵਿਖਾ ਰਹੀ ਹੈ। ਉਸ ਦਾ ਮੰਨਣਾ ਹੈ ਕਿ ਕਵਿਤਾ ਅੰਦਰੂਨੀ ਮਨੋਭਾਵਾਂ ਦਾ ਐਸਾ ਪ੍ਰਗਟਾਵਾ ਹੈ ਜਿਸ ਨਾਲ ਸਾਡਾ ਚੁਗਿਰਦਾ ਮਹਿਕ ਉੱਠਦਾ ਹੈ। ਸਾਡਾ ਸਮਾਜਿਕ , ਸਦਾਚਾਰਿਕ ਅਤੇ ਸੱਭਿਅਕ ਲਗਾਓ ਹੋਰ ਵਧਦਾ ਹੈ। ਉਸ ਦੀਆਂ ਰਚਨਾਵਾਂ ਦੇ ਵਿਸ਼ੇ ਵੀ ਸਮਾਜ ਨੂੰ ਸੇਧ ਦੇਣ ਵਾਲੇ, ਹਾਂ ਪੱਖੀ ਹੁੰਦੇ ਹਨ। ਉਸ ਕੋਲ ਜਿੱਥੇ ਨਿਵੇਕਲੇ ਅਤੇ ਵਧੀਆ ਢੰਗ ਨਾਲ ਆਪਣੀ ਗੱਲ ਕਹਿਣ ਲਈ ਸ਼ਬਦਾਂ ਦਾ ਵਡਮੁੱਲਾ ਖ਼ਜ਼ਾਨਾ ਹੈ ਉੱਥੇ ਉਸ ਕੋਲ ਸ਼ਬਦਾਂ ਨੂੰ ਵਰਤਣ ਦਾ ਹੁਨਰ ਵੀ ਕਮਾਲ ਹੈ। ਉਹ ਆਪਣੀਆਂ ਰਚਨਾਵਾਂ ਦੇ ਜ਼ਰੀਏ ਟੀਵੀ, ਅਖ਼ਬਾਰਾਂ, ਮੈਗਜ਼ੀਨਾਂ ਵਿਚ ਭਰਵੀਂ ਹਾਜ਼ਰੀ ਲਵਾ ਚੁੱਕਾ ਹੈ। ਚਾਨਣਦੀਪ ਦੀ ਕਿਤਾਬ 'ਕੁੜੀਆਂ ਅਤੇ ਚਿੜੀਆਂ' ਵੀ ਚਰਚਾ ਵਿਚ ਹੈ। ਮਾਣਦੇ ਹਾਂ ਉਸ ਦੀ ਇਕ ਰਚਨਾ ਦਾ ਅਨੰਦ।

• ਕੁਲਦੀਪ ਸਿੰਘ ਬੰਗੀ
94174-07778

### ਕਵਿਤਾ

## ਧੀਆਂ

ਗੁੱਟ ਰੱਖੜੀ ਤੋਂ ਸੁੰਨੇ
ਸੁੰਨੀਆਂ ਤੀਆਂ ਰਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

ਕੱਢਣੇ ਕਿਹਨੇ ਕਸੀਦੇ
ਲਾਉਣੇ ਗੋਟੇ ਫੁਲਕਾਰੀਆਂ ਨੂੰ
ਕਿਹਨੇ ਹੱਥੀਂ ਸਜਾਉਣਾ
ਘਰ ਦੀਆਂ ਚੀਜ਼ਾਂ ਸਾਰੀਆਂ ਨੂੰ
ਜੁੜਨੀਆਂ ਨਹੀਂ ਤ੍ਰਿੰਝਣਾਂ
ਚੁੱਪ ਚਰਖੜੀਆਂ ਰਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

ਕਿਹਨੇ ਫਿਰ ਰੱਬ ਤੋਂ ਮੰਗਣਾ
ਵੀਰਾਂ ਦੀਆਂ ਸੁੱਖਾਂ ਨੂੰ
ਜਦ ਭੈਣਾਂ ਲਈ ਲਾ ਦਿੱਤੇ
ਅਸੀਂ ਜਿੰਦਰੇ ਕੁੱਖਾਂ ਨੂੰ
ਕਿਹਨੇ ਸਿਰ ਸਜਾਉਣਾ ਸਿਹਰਾ
ਕਿਹੜੀਆਂ ਡੋਲੀ ਬਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

ਉਸ ਨੂੰ ਕਿਉਂ ਮੰਦਾ ਆਖੀਏ
ਜਿਸ ਜਗ ਨੂੰ ਜਣਨਾ ਏ
ਇਕੱਲੇ ਮਰਦਾਂ ਨਾਲ ਨਾ
ਜਗ ਦਾ ਬੇੜਾ ਚੱਲਣਾ ਏ
ਕਿੱਥੇ ਮਹਿਲ ਉਸਰਨੇ
ਜਦ ਨਾ ਨੀਆਂ ਰਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ।

'ਔਲਖ' ਪਊ ਬਦਲਣਾ
ਹੋਈਆਂ ਖ਼ੂੰਖਾਰ ਇਹ ਨੀਤਾਂ ਨੂੰ
ਮਾਰਨਾ ਏ ਤਾਂ ਮਾਰੋ
ਜਗ ਦੀਆਂ ਭੈੜੀਆਂ ਰੀਤਾਂ ਨੂੰ
ਖ਼ਮਿਆਜ਼ਾ ਇਸ ਗ਼ਲਤੀ ਦਾ
ਪੀੜ੍ਹੀਆਂ ਸਹਿਣਗੀਆਂ
ਕਿੱਥੋਂ ਪੁੱਤ ਜੰਮਣਗੇ
ਜਦ ਨਾ ਧੀਆਂ ਰਹਿਣਗੀਆਂ •

# ਜੀਵਨ ਦਾ ਮੂਲ ਆਧਾਰ ਹੈ ਖ਼ੁਸ਼ਹਾਲੀ



ਕੱਲਾ-ਕਹਿਰਾ ਮਨੁੱਖ ਸੁਖਾਵੀਂ ਜ਼ਿੰਦਗੀ ਜਿਊਣ ਦੀ ਸਮਰੱਥਾ ਨਹੀਂ ਰੱਖਦਾ ਸਕਦਾ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਦੂਜਿਆਂ ਦਾ ਸਾਥ ਜ਼ਰੂਰੀ ਹੈ। ਜ਼ਿੰਦਗੀ ਵਿਚ ਬਹੁਤ ਲੋਕਾਂ ਨਾਲ ਮੇਲ ਮਿਲਾਪ ਹੁੰਦਾ ਹੈ ਪਰ ਉਨ੍ਹਾਂ ਸਾਰਿਆਂ ਨੂੰ ਤੁਸੀਂ ਆਪਣੇ ਨਹੀਂ ਕਹਿ ਸਕਦੇ। ਜਿਹੜੇ ਦਿਲ ਦੇ ਕਰੀਬ ਹੋ ਜਾਣ ਉਹ ਆਪਣੇ ਹੁੰਦੇ ਹਨ। ਉਹ ਤੁਹਾਡੇ ਦੁੱਖ-ਸੁੱਖ ਦੇ ਸਾਂਝੀ ਬਣਦੇ ਹਨ। ਮੁਸੀਬਤ ਮੌਕੇ ਤੁਹਾਡੇ ਨਾਲ ਆ ਖੜ੍ਹਦੇ ਹਨ। ਤੁਹਾਨੂੰ ਮੁਸ਼ਕਿਲ ਵਿੱਚੋਂ ਨਿਕਲਣ ਲਈ ਹੱਲਸ਼ੇਰੀ ਦਿੰਦੇ ਹਨ। ਉਹ ਦੱਸਦੇ ਹਨ ਕਿ ਰਾਤ ਮਗਰੋਂ ਦਿਨ ਜ਼ਰੂਰ ਚੜ੍ਹਦਾ ਹੈ। ਕਾਲੇ ਬੱਦਲਾਂ ਦੀ ਕੋਈ ਨਾ ਕੋਈ ਸੁਨਹਿਰੀ ਕੰਨੀਂ ਵੀ ਹੁੰਦੀ ਹੈ। ਮੁਸ਼ਕਿਲਾਂ ਸਦੀਵੀ ਨਹੀਂ ਹੁੰਦੀਆਂ। ਤੁਹਾਡੀ ਹਨੇਰੀ ਜ਼ਿੰਦਗੀ ਵਿਚ ਉਹ ਜੁਗਨੂੰ ਦਾ ਕੰਮ ਕਰਦੇ ਹਨ। ਉਨ੍ਹਾਂ ਦਾ ਸਾਥ ਹਮੇਸ਼ਾ ਨਿੱਘ ਦਿੰਦਾ ਹੈ। ਉਹ ਤੁਹਾਡੀ ਊਰਜਾ ਨੂੰ ਬਲ ਬਖ਼ਸ਼ਦੇ ਹਨ। ਉਨ੍ਹਾਂ ਦੇ ਨਿੱਕੇ-ਨਿੱਕੇ ਬੋਲ ਵੀ ਤੁਹਾਡੇ ਅੰਦਰ ਉਤਸ਼ਾਹ ਭਰ ਦਿੰਦੇ ਹਨ। ਉਹ ਤੁਹਾਡੀ ਦੂਰ ਦ੍ਰਿਸ਼ਟੀ ਨੂੰ ਵਧਾ ਦਿੰਦੇ ਹਨ। ਤਹਾਡੀ ਸੋਚ ਦੀ ਉਡਾਰੀ ਨੂੰ ਖੰਭ ਲਾਉਂਦੇ ਹਨ। ਜ਼ਿੰਦਗੀ ਵਿਚ ਸਫਲਤਾ ਦੇ ਦਰਵਾਜ਼ੇ ਖੋਲ੍ਹਣ ਲਈ ਉਹ ਰਾਹ ਦਸੇਰਾ ਬਣਦੇ ਹਨ।

ਜ਼ਿੰਦਗੀ ਵਿਚ ਨਿੱਕੀ ਮੋਟੀ ਗੱਲ ਤੋਂ ਹੀ ਆਪਣਿਆਂ ਦਾ ਰੁੱਸਣਾ ਤੁਹਾਨੂੰ ਝੰਜੋੜ ਸੁੱਟਦਾ ਹੈ। ਤੁਹਾਡੇ ਸੁਪਨਿਆਂ ਨੂੰ ਤਿੜਕਾ ਦਿੰਦਾ ਹੈ। ਤੁਹਾਡੀ ਸੋਚ ਦੀ ਦਿਸ਼ਾ ਬਦਲ ਦਿੰਦਾ ਹੈ। ਤੁਹਾਡੇ ਵਿਚਾਰ ਨਕਾਰਾਤਮਿਕ ਹੋ ਜਾਂਦੇ ਹਨ। ਸਫਲਤਾ ਦੇ ਬੂਹੇ ਬੰਦ ਹੋਣ ਲੱਗਦੇ ਹਨ। ਢਾਹੂ ਵਿਚਾਰ ਭਾਰੂ ਹੁੰਦੇ ਹਨ। ਤੁਹਾਡੀ ਸਮਰੱਥਾ ਨੂੰ ਖੋਰਾ ਲੱਗਦਾ ਹੈ। ਤੁਸੀਂ ਢਹਿੰਦੀ ਕਲਾ ਵਿਚ ਜਾਣ ਲੱਗਦੇ ਹੋ। ਜ਼ਿੰਦਗੀ ਨੀਰਸ ਲੱਗਣ ਲੱਗਦੀ ਹੈ। ਚਾਰ-ਚੁਫੇਰੇ ਹਨੇਰਾ ਵਿਖਾਈ ਦਿੰਦਾ ਹੈ। ਦੁੱਖ-ਤਕਲੀਫ਼ਾਂ ਦੀ ਖਾਈ ਹੋਰ ਡੂੰਘੀ ਦਿਸਣ ਲੱਗਦੀ ਹੈ। ਦੁਨੀਆ ਵਿਚ ਤੁਸੀਂ ਇਕੱਲੇ ਮਹਿਸੂਸ ਕਰਦੇ ਹੋ। ਜਿੱਥੇ ਪਿਆਰ ਹੁੰਦਾ ਹੈ ਉੱਥੇ ਮਾੜੇ-ਮੋਟੇ ਵਖਰੇਵੇਂ ਵੀ ਹੁੰਦੇ ਹਨ। ਇਨ੍ਹਾਂ ਵਖਰੇਵਿਆਂ ਨੂੰ ਆਪਣੇ ਤੇ ਕਾਬਜ਼ ਨਾ ਹੋਣ ਦਿਉ। ਇਨ੍ਹਾਂ ਨੂੰ ਅੱਗੇ ਵਧਣ ਤੇ ਰੋਕ ਲਗਾਓ। ਜ਼ਿੰਦਗੀ ਵਾਰ-ਵਾਰ ਨਹੀਂ ਮਿਲਦੀ। ਇਸ ਨੂੰ ਰੋਸਿਆਂ ਵਿਚ ਨਾ ਲੰਘਣ ਦਿਉ। ਆਪਣਿਆਂ ਦਾ ਰੋਸਾ ਸਭ ਤੋਂ ਵੱਧ ਦੁੱਖਦਾਈ ਹੁੰਦਾ ਹੈ। ਕਈ ਵਾਰੀ ਜਾਣੇ-ਅਣਜਾਣੇ ਕੋਈ ਅਜਿਹਾ ਸ਼ਬਦ ਬੋਲਿਆ ਜਾਂਦਾ ਹੈ ਜਿਹੜਾ ਆਪਣਿਆਂ ਦੇ ਮਨ ਨੂੰ ਠੇਸ ਪਹੁੰਚਾ ਦਿੰਦਾ ਹੈ। ਅਜਿਹੇ ਸ਼ਬਦਾਂ 'ਤੇ ਖ਼ਿਮਾ ਜਾਚਨਾ ਮੰਗ ਲਓ। ਪਿਆਰਾ ਕਿਸੇ ਦਾ ਵੀ ਹੋਵੇ, ਕਦੇ ਵੀ ਰੁੱਸੇ ਨਾ। ਰੁੱਸ ਜਾਵੇ ਤਾਂ ਛੇਤੀ ਮੰਨ ਜਾਵੇ। ਇਸ ਦੁਨੀਆ ਵਿਚ ਪਿਆਰ ਹੀ ਤਾਂ ਹੈ ਜੋ ਜ਼ਿੰਦਗੀ ਨੂੰ ਰੰਗੀਨੀ ਬਖ਼ਸ਼ਦਾ ਹੈ। ਪਿਆਰ ਆਪਣਿਆਂ ਤੋਂ ਹੀ ਮਿਲਦਾ ਹੈ। ਆਪਣੇ ਹੀ ਦੁਨੀਆ ਹੁੰਦੇ ਹਨ। ਜ਼ਿੰਦਗੀ ਨੂੰ ਮਾਣਨਾ ਸਿਖੋ। ਇਸ ਨੂੰ ਖ਼ੁਸ਼ੀ-ਖ਼ੁਸ਼ੀ ਜੀਵੋ। ਖ਼ੁਸ਼ੀ ਹੀ ਜ਼ਿੰਦਗੀ ਨੂੰ ਲੰਮੇਰਾ ਬਣਾਉਂਦੀ ਹੈ। ਆਪਣਿਆਂ ਦਾ ਸਾਥ ਮਾਣੋ। ਆਪਣਿਆਂ ਦਾ ਪਿਆਰ ਲਵੋ। ਆਪਣਿਆਂ ਨੂੰ ਦਿਲ ਵਿਚ ਸੁਰੱਖਿਅਤ ਥਾਂ ਦੇਵੋ। ਆਪਣਿਆਂ ਦੇ ਆਪਣੇ ਹੋ ਕੇ ਜੀਵਨ ਬਸਰ ਕਰੋ। ਸਮਝੋ, ਫਿਰ ਖ਼ੁਸ਼ਹਾਲੀ ਹੀ ਖ਼ੁਸ਼ਹਾਲੀ ਹੈ। ਖ਼ੁਸ਼ਹਾਲੀ ਹੀ ਜੀਵਨ ਦਾ ਮੂਲ ਆਧਾਰ ਹੈ। ਰੋਸਿਆਂ ਨੂੰ ਜ਼ਿੰਦਗੀ ਦਾ ਹਿੱਸਾ ਨਾ ਬਣਨ ਦਿਉ। ਕੱਢ ਦਿਉ ਦਿਲਾਂ 'ਚੋਂ ਕੁੜੱਤਣ। ਰੁੱਸੇ ਹੋ ਤਾਂ ਮੁੜ ਲੱਗ ਜਾਓ ਆਪਣਿਆਂ ਦੇ ਗਲ੍ਹੇ।

• ਜਸਪਾਲ ਸਿੰਘ ਨਾਗਰਾ
001-360-448-1989



# ਮਾਂ ਦੀ ਛੁੱਟੀ ਦਾ ਦਿਨ ਕਿਹੜਾ ?

ਇਨਸਾਨ ਦੀ ਜ਼ਿੰਦਗੀ ਵਿਚ ਛੁੱਟੀ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ਹਰ ਇਕ ਨੇ ਛੁੱਟੀ ਵਾਲੇ ਦਿਨ ਹੀ ਕਈ ਅਹਿਮ ਕੰਮ ਕਰਨ ਲਈ ਸੋਚਿਆ ਹੁੰਦਾ ਹੈ ਜਾਂ ਫਿਰ ਸਾਰੀ ਥਕਾਵਟ ਛੁੱਟੀ ਵਾਲੇ ਦਿਨ ਲਾਹੁਣ ਦਾ ਹੀ ਫ਼ੈਸਲਾ ਕੀਤਾ ਹੁੰਦਾ ਹੈ। ਮੈਂ ਵੀ ਕੁਝ ਇਸ ਤਰ੍ਹਾਂ ਦੇ ਹੀ ਖ਼ਿਆਲ ਨਾਲ ਛੁੱਟੀ ਦੀ ਉਡੀਕ ਕਰਦੀ। ਐਤਵਾਰ ਦੇ ਦਿਨ ਮੈਂ ਕੁਝ ਇਸ ਤਰ੍ਹਾਂ ਹੀ ਸੋਚ ਕ ਦੇਰ ਤੱਕ ਸੁੱਤੀ ਰਹੀ। ਅਚਾਨਕ ਕੰਨਾਂ ਵਿਚ ਮਾਂ ਦੇ ਬੋਲ ਪਏ। ਦਵਿੰਦਰ... ਓ ਦਵਿੰਦਰ...! ਉੱਠ ਪੁੱਤ ! ਦਿਨ ਚੜ੍ਹ ਗਿਆ! ਵੇਖ ਕਿੰਨਾ ਟਾਈਮ ਹੋ ਗਿਆ, ਉੱਠ ਜਾ ਹੁਣ! ਐਤਵਾਰ ਦੀ ਸਵੇਰ ਮਾਂ ਦੇ ਬੋਲ ਮੇਰੇ ਕੰਨਾਂ ਵਿਚ ਪਏ ਤਾਂ ਮੈਂ ਪਈ-ਪਈ ਨੇ ਰਜਾਈ ਮੂੰਹ 'ਤੇ ਲੈਂਦਿਆਂ ਕਿਹਾ, ਮੰਮੀ ! ਸੌਂ ਲੈਣ ਦਿਉ, ਛੁੱਟੀ ਐ ਅੱਜ ਤਾਂ! ਮਾਂ। ਜੋ ਰੋਜ਼ ਸਵੇਰੇ ਉੱਠਦੀ ਹੈ। ਕੌਣ ਉਠਾਉਂਦਾ ਹੈ ਮਾਂ ਨੂੰ? ਸ਼ਾਇਦ ਕੋਈ ਨਹੀਂ। ਉਹ ਸਿਰਫ਼ ਆਪ ਹੀ ਉੱਠਦੀ ਹੈ, ਆਪਣੇ ਫ਼ਿਕਰ ਨਾਲ। ਇਹ ਸੋਚ ਕੇ ਸਾਰਾ ਦਿਨ ਕੀ-ਕੀ ਤੇ ਕਿਵੇਂ-ਕਿਵੇਂ ਕਰਨਾ ਹੈ। ਮਾਂ ਚਾਹੇ ਘਰੇਲੂ ਹੋਵੇ ਜਾਂ ਨੌਕਰੀ ਪੇਸ਼ਾ ਉਸ ਦੇ ਕੰਮਾਂ ਵਿਚ ਕਦੀ ਕਮੀ ਨਹੀਂ ਆਉਂਦੀ। ਘਰੇਲੂ ਮਾਂ ਨੇ ਕੋਹਲੂ ਦੇ ਬੈਲ ਵਾਂਗ ਘਰ 'ਚ ਹੀ ਪੰਜਾਹ ਕੋਹ ਪੈਂਡਾ ਤੈਅ ਕਰਨਾ ਹੁੰਦਾ ਹੈ। ਨੌਕਰੀ ਪੇਸ਼ਾ ਹੋਵੇ ਤਾਂ ਉਸ ਦੇ ਕੰਮ ਘਟਦੇ ਨਹੀਂ ਸਗੋਂ ਦੁਗਣੇ ਹੋ ਜਾਂਦੇ ਹਨ। ਬਾਪ ਜਾਂ ਬੱਚੇ ਬਾਹਰ ਕੰਮ 'ਤੇ ਜਾਣ ਜਾਂ ਪੜ੍ਹਨ ਉਨ੍ਹਾਂ ਨੂੰ ਇਹ ਬੋਝ ਨਹੀਂ ਹੁੰਦਾ ਕਿ ਸਭ ਦਾ ਕੰਮ ਕਰ ਕੇ ਜਾਣਾ ਹੈ। ਸਭ ਦਾ ਖਾਣਾ ਤਿਆਰ ਕਰਨਾ, ਬੱਚੇ ਤਿਆਰ ਕਰਨੇ ਜਾਂ ਖ਼ੁਦ ਸਾਰਾ ਘਰ ਸੰਭਾਲ ਕੇ ਫਿਰ ਆਪ ਤਿਆਰ ਹੋ ਕੇ ਜਾਣਾ ਹੈ ਅਤੇ ਆਉਂਦਿਆਂ ਨੂੰ ਫਿਰ ਸਾਰਾ ਕੰਮ-ਕਾਜ। ਸਾਰਾ ਕੰਮ ਕੀਤਾ-ਕਰਾਇਆ ਕੌਣ ਸਾਡੇ ਅੱਗੇ ਪੇਸ਼ ਕਰਦਾ ਹੈ? ਸਿਰਫ਼ ਮਾਂ। ਵਿਹਲੀ ਹੋਵੇ ਜਾਂ ਮਸ਼ਰੂਫ਼ ਘਰੋਂ ਜਾਣ ਲੱਗੀ ਨੇ 100 ਝੰਜਟ ਨਿਪਟਾ ਕੇ ਜਾਣੇ ਹਨ ਤੇ 100 ਕੰਮ ਘਰ ਆ ਕੇ ਸਿਰੇ ਲਾਉਣੇ ਹਨ। ਸਭ ਤੋਂ ਪਹਿਲਾਂ ਉੱਠਣਾ ਤੇ ਸਭ ਨੂੰ ਸਵਾ ਕੇ ਆਪ ਸਭ ਤੋਂ ਲੇਟ ਸੌਣਾ, ਕਿਸ ਦਾ ਕੰਮ ਹੈ? ਸਿਰਫ਼ ਮਾਂ ਦਾ। ਕਿਸੇ ਨੇ ਇਹ ਨਹੀਂ ਪੁੱਛਿਆ ਕਿ ਉਹ ਥੱਕ ਤਾਂ ਨਹੀਂ ਗਈ, ਨੀਂਦ ਤਾਂ ਨਹੀਂ ਆਈ, ਆਰਾਮ ਕਰ ਲਿਆ ਕਿ ਨਹੀਂ? ਸਾਡਾ ਖ਼ਿਆਲ ਆਪਣੇ ਕੰਮਾਂ ਵੱਲ ਹੁੰਦਾ ਹੈ। ਸਾਰਾ ਜਹਾਨ ਹਫ਼ਤਾ ਭਰ ਕਿੰਨਾ ਵੀ ਕੰਮ ਕਰੇ ਪਰ ਛੁੱਟੀ ਵਾਲੇ ਦਿਨ ਤਾਂ 'ਰੈਸਟ' ਕਰਦਾ ਹੀ ਹੈ ਪਰ ਮਾਂ ਕਦ ਰੈਸਟ ਕਰੇਗੀ, ਮਾਂ ਦਾ ਕੰਮ ਤਾਂ ਹੋਰ ਵੀ ਵਧ ਜਾਂਦਾ ਹੈ। ਮਾਂ ਦੀ ਨੀਂਦ ਕਦ ਪੂਰੀ ਹੋਵੇਗੀ। ਮਾਂ ਕਦ ਚੈਨ ਪਾਵੇਗੀ। ਸ਼ਾਇਦ ਕਦੀ ਨਹੀਂ। ਉਹ ਤਾਂ ਆਪਣੇ ਬੱਚਿਆਂ ਲਈ ਰਾਤਾਂ ਜਾਗੇਗੀ। ਰੱਬ ਨੇ ਸਾਰੀ ਹਿੰਮਤ, ਸਾਰਾ ਸਬਰ, ਸਭ ਕੁਰਬਾਨੀਆਂ, ਸਾਰੇ ਫ਼ਰਜ਼ ਮਾਂ ਵਿਚ ਹੀ ਭਰ ਦਿੱਤੇ ਹਨ। ਮਾਂ ਨੇ ਕਦੇ ਕੋਈ ਇੱਛਾ, ਲਾਲਸਾ, ਉਮੀਦ, ਮੰਗ ਕਿਸੇ ਪਾਸੋਂ ਨਹੀਂ ਰੱਖੀ ਕਿ ਉਸ ਨੂੰ ਵੀ ਕਦੀ ਵਿਹਲ ਦੇ ਕੁਝ ਪਲ ਚਾਹੀਦੇ ਹਨ।12 ਮਹੀਨੇ, 30 ਦਿਨ, 24 ਘੰਟੇ ਸਿਰਫ਼ ਮਿਹਨਤ, ਲਗਨ, ਸੇਵਾ ਕੌਣ ਕਰਦਾ ਹੈ? ਸਿਰਫ਼ ਮਾਂ। ਨਾ ਅੱਕਣਾ, ਨਾ ਥੱਕਣਾ, ਨਾ ਗਿਲਾ, ਨਾ ਸ਼ਿਕਵਾ। ਬਸ ਹਮੇਸ਼ਾ ਆਪਣੇ ਫ਼ਰਜ਼ ਨਿਭਾਉਂਦੀ ਹੈ।

• ਦਵਿੰਦਰ ਕੌਰ
82838-32839

# ਨਿਰਾਸ਼ਾ ਭਜਾਉਣ 'ਚ ਸਹਾਈ ਹੁੰਦੈ ਸੰਗੀਤ

ਟਿਕੀ ਹੋਈ ਰਾਤ ਵਿਚ ਕਿਧਰੇ ਕਿਸੇ ਮਧੁਰ ਗੀਤ ਦੀ ਆਵਾਜ਼ ਸੁਣਾਈ ਦੇਵੇ ਤਾਂ ਇਕ ਹੁਲਾਰੇ ਤੇ ਸਕੂਨ ਜਿਹੇ ਨਾਲ ਅੱਖਾਂ ਬੰਦ ਹੋਣ ਲੱਗਦੀਆਂ ਹਨ। ਸੁਰ ਰਾਗ ਦਾ ਸੁਮੇਲ ਕਾਇਨਾਤ ਨੂੰ ਸੰਗੀਤਕ ਬਣਾ ਦਿੰਦਾ ਹੈ। ਜਿੱਥੇ ਸੰਗੀਤ ਪਿੱਛੇ ਸੁਪਨਿਆ ਦਾ ਸੋਮਾ ਹੈ ਉੱਥੇ ਇਹ ਰਾਗ ਤੇ ਸੁਰ ਰੂਹ ਦੀ ਖ਼ੁਰਾਕ ਹੈ। ਇਹ ਦਰਦਾਂ ਦੀ ਦਵਾ ਹੈ। ਦਿਲੇ ਦੇ ਅੱਲੇ ਜ਼ਖ਼ਮਾਂ ਲਈ ਮਲ੍ਹਮ ਹੈ। ਜਦੋਂ ਮਨ ਨਿਰਾਸ਼ ਹੁੰਦਾ ਹੈ, ਬ੍ਰਿਹਾ ਆ ਸਤਾਉਂਦਾ ਹੈ ਤਾਂ ਇਹ ਸੁਰਾਂ ਹੀ ਰਾਹਤ ਦਿੰਦੀਆਂ ਹਨ, ਹਿਜਰਾਂ ਦੀ ਪੀੜਾ ਨੂੰ ਘੱਟ ਕਰਦੀਆਂ ਹਨ। ਸ਼ਿਵ ਨੇ ਬ੍ਰਿਹਾ ਲਿਖਿਆ ਤੇ ਗਾਇਆ। ਸਾਡਾ ਬਹੁਤ ਸਾਰਾ ਸਾਹਿਤ ਬ੍ਰਿਹੋ ਦੇ ਵਿਛੋੜੇ ਤੇ ਵਸਲਾਂ ਦੀ ਬਾਤ ਪਾਉਂਦਾ ਹੈ। ਪ੍ਰੀਤਮ ਪਿਆਰੇ ਪ੍ਰਭੂ ਨੂੰ ਪਾਉਣ ਲਈ ਵੀ ਤਾਰਾਂ ਨੂੰ ਛੇੜ ਕੇ ਉਸ ਦੇ ਮਿਲਾਪ ਲਈ ਗਾਇਆ ਜਾਂਦਾ ਹੈ ਜੋ ਰੂਹ ਨੂੰ ਸਕੂਨ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਬਾਣੀ ਰਾਗਾਂ ਵਿਚ ਲਿਖੀ ਹੋਈ ਹੈ ਤੇ ਰਸੀਲਾ ਕੀਰਤਨ ਫਿਜ਼ਾ ਵਿਚ ਰੂਹਾਨੀਅਤ ਘੋਲ ਦਿੰਦਾ ਹੈ। ਮਰਦਾਨੇ ਨੇ ਰਬਾਬ ਵਜਾਈ ਤੇ ਬਾਬੇ ਨੇ ਗੁਰਬਾਣੀ ਗਾਈ। ਨਾਨਕ ਨੇ ਗਾ ਕੇ ਉਸ ਪਰਮਾਤਮਾ ਨਾਲ ਸੁਮੇਲ ਕੀਤਾ।

ਸੰਗੀਤ ਦਾ ਰਸ ਬੱਚੇ ਦੇ ਜਨਮ ਤੋਂ ਹੀ ਉਸ ਦੇ ਕੰਨਾਂ ਵਿਚ ਰਸ ਘੋਲਣ ਲੱਗਦਾ। ਜਦੋਂ ਬੱਚਾ ਰੋ ਰਿਹਾ ਹੁੰਦਾ ਹੈ ਤਾਂ ਮਾਂ ਮੋਢੇ ਨਾਲ ਬੱਚੇ ਨੂੰ ਲਾ ਕੇ ਪੋਲੇ-ਪੋਲੇ ਥਾਪੜ ਰਹੀ ਹੁੰਦੀ ਹੈ ਤਾਂ ਉਸ ਥਪਕ ਵਿੱਚੋਂ ਜੋ ਸੰਗੀਤ ਪੈਦਾ ਹੋ ਰਿਹਾ ਹੁੰਦਾ ਉਹ ਬੱਚੇ ਨੂੰ ਹੋਲੀ-ਹੋਲੀ ਮਿੱਠੀ-ਮਿੱਠੀ ਨੀਂਦ ਵਿਚ ਲੈ ਜਾਂਦਾ ਹੈ। ਬੱਚਾ ਜਦੋਂ ਥੋੜ੍ਹਾ ਜਿਹਾ ਵੱਡਾ ਹੁੰਦਾ ਤਾਂ ਮਾਂ ਲੋਰੀ ਗਾਉਂਦੀ ਤੇ ਬੱਚਾ ਸੌਂ ਜਾਂਦਾ। ਇਹ ਲੋਰੀਆਂ ਵੀ ਸੰਗੀਤ ਦੀ ਇਕ ਵਿਧਾ ਹੀ ਹੈ।

ਮਾਨਸਿਕ ਰੋਗਾਂ ਲਈ ਵੀ ਸੰਗੀਤ ਦੀ ਥੈਰੇਪੀ ਬਹੁਤ ਸਾਰਥਿਕ ਹੈ। ਗੁਰਬਾਣੀ ਸੁਣਨ ਨਾਲ ਵੀ ਮਾਨਸਿਕ ਤੌਰ 'ਤੇ ਮਜ਼ਬੂਤੀ ਮਿਲਦੀ ਤੇ ਜ਼ਿੰਦਗੀ ਵਿਚ ਨਵਾਂ ਚਾਅ ਤੇ ਉਤਸਾਹ ਭਰਿਆ ਜਾਂਦਾ ਹੈ। ਇਹ ਮਾਨਸਿਕਤਾ ਹਰ ਇਕ ਬੱਚੇ ਵਿਚ ਵੱਖ-ਵੱਖ ਹੁੰਦੀ। ਅਮਰੀਕਾ, ਯੂਨਾਨ ਦੇ ਹਸਪਤਾਲਾਂ ਵਿਚ ਇਹ ਵਿਧੀ ਪਿਛਲੇ ਕਈ ਸਾਲਾਂ ਤੋਂ ਵਰਤੀ ਜਾ ਰਹੀ ਹੈ। ਕਈ ਮਨੋਰੋਗੀਆਂ ਨੂੰ ਸੰਗੀਤ ਥੈਰੇਪੀ ਨਾਲ ਹੀ ਠੀਕ ਕਰ ਲਿਆ ਜਾਂਦਾ ਹੈ। ਸਰੀਰਕ ਬਿਮਾਰੀਆਂ ਵਿਚ ਦਵਾ ਦੇ ਨਾਲ ਰੋਗੀ ਨੂੰ ਮਨਭਾਉਂਦਾ ਸੰਗੀਤ ਵੀ ਲਗਾਇਆ ਜਾਂਦਾ ਹੈ। ਆਲੇ-ਦੁਆਲੇ ਦਾ ਮਾਹੌਲ ਸੰਗੀਤਮਈ ਹੋ ਜਾਂਦਾ। ਇਸ ਨਾਲ ਮਰੀਜ਼ ਨੂੰ ਆਪਣੇ ਅੰਦਰਲਾ ਸ਼ੋਰ



ਘੱਟ ਲੱਗਦਾ ਹੈ ਤੇ ਉਸ ਦੇ ਮਨ ਦੀ ਅਵਸਥਾ ਬਦਲਣ ਲੱਗਦੀ ਹੈ। ਉਹ ਸੈਲਫ਼ ਹੀਲਿੰਗ ਨਾਲ ਜਲਦੀ ਠੀਕ ਹੋ ਜਾਂਦਾ।

ਸਾਡੇ ਦੇਸ਼ ਵਿਚ ਭਾਵੇਂ ਸੰਗੀਤ ਥੈਰੇਪੀ ਨਹੀਂ ਹੈ ਪਰ ਸਾਡਾ ਵਿਰਸਾ ਸੰਗੀਤ ਥੈਰੇਪੀ ਨਾਲ ਹੀ ਭਰਿਆ ਪਿਆ। ਸਾਡਾ ਹਰ ਤਿੱਥ ਤਿਉਹਾਰ, ਮਰਨ, ਜੀਵਣ, ਵਿਆਹ-ਸ਼ਾਦੀਆਂ 'ਤੇ ਢੁੱਕਵਾਂ ਸੰਗੀਤ ਵੱਖ-ਵੱਖ ਰੂਪਾਂ ਵਿਚ ਗਾਇਆ ਜਾਂਦਾ। ਬੱਚੇ ਦੀ ਲੋਰੀ ਤੋਂ ਲੈ ਕੇ ਹਰ ਰਸਮ ਲਈ ਗੀਤ ਹਨ। ਜਵਾਨੀ ਵੇਲੇ ਢੋਲੇ ਗਾਏ ਜਾਂਦੇ। ਖ਼ੁਸ਼ੀ ਵਿਚ ਭੰਗੜੇ, ਗਿੱਧਾ ਸਭ ਸੰਗੀਤਮਈ ਹਨ। ਸੰਗੀਤ ਤੇ ਢੋਲ ਦੀ ਥਾਪ ਤੇ ਪੈਰ ਨੱਚ ਉੱਠਦੇ ਹਨ। ਮਨ ਖਿੜਦਾ, ਚਿੰਤਾਵਾਂ ਦੂਰ ਭੱਜਦੀਆਂ ਹਨ। ਨਵਾਂ ਹੁਲਾਸ ਪੈਦਾ ਹੁੰਦਾ ਸਰੀਰ ਵਿਚ। ਵਿਆਹ ਦੇ ਗੀਤ, ਮਾਹੀਏ, ਟੱਪੇ ਗਾ-ਗਾ ਦਿਲ ਦਾ ਦਰਦ ਬਿਆਨ ਕੀਤਾ ਜਾਂਦਾ ਹੈ। ਦਰਦਾਂ ਨੂੰ ਵੀ ਗਾ ਕੇ ਘੱਟ ਕਰ ਲਿਆ ਜਾਂਦਾ। ਲੰਮੇ-ਲੰਮੇ ਵੈਣ ਪਾ ਕੇ ਦਰਦ ਨੂੰ ਘਟਾਉਣ ਦਾ ਹੀ ਤਰੀਕਾ ਹੈ। ਸੰਗੀਤ ਰੋਂਦੇ ਦਿਲਾਂ ਨੂੰ ਹਸਾ ਦਿੰਦਾ ਹੈ। ਬਿਮਾਰਾਂ ਨੂੰ ਠੀਕ ਕਰ ਦਿੰਦਾ ਹੈ। ਕਹਿੰਦੇ ਹਨ ਮਸ਼ਹੂਰ ਗਜ਼ਲਗੋ ਬੇਗਮ ਅੀਤਰ ਨੂੰ ਗਾਉਣ ਦਾ ਸ਼ੋਕ ਸੀ। ਇਹ ਦਾਤ ਉਸ ਨੂੰ ਪੈਦਾਇਸ਼ੀ ਹੀ ਪਰਮਾਤਮਾ ਵੱਲੋਂ ਮਿਲੀ ਸੀ। ਉਹ ਬਹੁਤ ਸੋਹਣੀਆਂ ਗ਼ਜ਼ਲ ਗਾਉਂਦੀ ਸੀ ਪਰ ਜਦੋਂ ਉਸ ਦਾ ਵਿਆਹ ਹੋਇਆ ਤਾਂ ਉਸ ਦੇ ਸਹੁਰੇ ਪਰਿਵਾਰ ਨੇ ਉਸ ਨੂੰ ਗਾਉਣ ਦੀ ਇਜ਼ਾਜਤ ਨਾ ਦਿੱਤੀ। ਉਹ ਬਿਮਾਰ ਰਹਿਣ ਲੱਗੀ। ਉਸ ਨੂੰ ਵੈਦ ਕੋਲ ਲੈ ਗਏ। ਇਲਾਜ ਚੱਲਿਆ ਪਰ ਉਹ ਠੀਕ ਹੀ ਨਹੀਂ ਹੋ ਰਹੀ ਸੀ। ਫਿਰ ਵੈਦ ਨੇ ਕਿਹਾ ਕਿ ਇਹ ਸਿਰਫ਼ ਗਾਉਣ ਨਾਲ ਹੀ ਠੀਕ ਹੋਵੇਗੀ।

ਸਾਰੀ ਕਾਇਨਾਤ ਕੁਦਰਤ ਸੰਗੀਤ ਨਾਲ ਭਰੀ ਪਈ ਹੈ। ਮਧੁਰ ਸੰਗੀਤ। ਪੰਛੀਆਂ ਦੀ ਚੈਂ-ਚੈਂ, ਕੋਇਲ ਦੀ ਕੂਹ-ਕੂਹ, ਹਵਾਵਾਂ ਦਾ ਸੰਗੀਤ, ਕਲ-ਕਲ ਵਹਿੰਦੇ ਪਾਣੀ ਦਾ ਸੰਗੀਤ ਮਧੁਰ-ਮਿੱਠਾ ਤੇ ਮਨ ਨੂੰ ਸਕੂਨ ਦੇਣ ਵਾਲਾ ਹੈ। ਮੀਂਹ ਦੀਆਂ ਕਣੀਆਂ ਜਦੋਂ ਧਰਤੀ ਤੇ ਡਿਗਦੀਆਂ ਹਨ ਤਾਂ ਉਹ ਵੀ ਸੰਗੀਤ ਪੈਦਾ ਕਰਦੀਆਂ। ਘਰ ਵਿਚ ਮੁਟਿਆਰ ਝਾਂਜਰ ਪਾ ਇੱਧਰ-ਉੱਧਰ ਜਾਂਦੀ ਹੋਈ ਨਿੰਮਾ-ਨਿੰਮਾ ਸੰਗੀਤ ਬਖੇਰਦੀ ਰਹਿੰਦੀ। ਫਿਜ਼ਾ ਵਿਚ ਬੱਦਲਾਂ ਦੀ ਗੜਗੜਾਹਟ ਵੀ ਇਕ ਸੰਗੀਤ ਹੀ ਹੈ। ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਨਾਸਾ ਦਾ ਇਕ ਵਿਗਿਆਨੀ ਜੋ ਕਿ ਕੰਨਾਂ ਦੇ ਕੈਂਸਰ ਤੋਂ ਪੀੜਤ ਸੀ, ਹਰਿਮੰਦਰ ਸਾਹਿਬ ਕੀਰਤਨ ਸੁਣ ਕੇ ਰਾਜੀ ਹੁੰਦਾ ਗਿਆ ਤੇ ਕੁਝ ਮਹੀਨਿਆਂ ਦਾ ਪ੍ਰਾਹੁਣਾ ਰਾਗ ਥੈਰੇਪੀ ਨਾਲ ਛੇ ਸਾਲ ਜੀਵਿਆ। ਸੋ ਸੰਗੀਤ ਵਿਚ ਬਹੁਤ ਤਾਕਤ ਹੈ। ਇਹ ਤਾਂ ਜਦੋਂ ਤਾਨਸੈਨ ਗਾਉਂਦਾ ਸੀ ਤਾਂ ਮੇਘਲਾ ਛੰਮ-ਛੰਮ ਵਰਦਾ। ਦੀਵੇ ਜਗਣ ਲੱਗਦੇ। ਸੰਗੀਤ ਸਕੂਨ, ਰੂਹ ਦੀ ਖ਼ੁਰਾਕ, ਦੁਖਦੇ ਮਨਾਂ 'ਤੇ ਮਾਂ ਦੀ ਲੋਰੀ ਵਰਗਾ ਪਿਆਰੀ ਜਿਹੀ ਛੋਹ, ਸੰਗੀ-ਸਾਥੀ ਦਵਾ-ਦਾਰੂ ਦਾ ਕੰਮ ਕਰਦੇ ਹਨ।

• ਸਤਨਾਮ ਕੌਰ ਚੌਹਾਨ
98886-15531

# ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਪੁਲਿਸ ਵਿਭਾਗ ਵੱਲੋਂ ਕੀਤਾ ਫਲੈਗ ਮਾਰਚ



**ਸ੍ਰੀ ਅਨੰਦਪੁਰ ਸਾਹਿਬ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਨੰਦਪੁਰ ਸਾਹਿਬ 31 ਮਾਰਚ (ਸਚਿਨ ਸੋਨੀ, ਰਾਜੂ ਧੀਮਾਨ) ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਡਾ.ਪ੍ਰੀਤੀ ਯਾਦਵ ਡਿਪਟੀ ਕਮਿਸ਼ਨਰ-ਕਮ- ਰਿਟਰਨਿੰਗ ਅਫਸਰ, ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਅਤੇ ਗੁਲਨੀਤ ਸਿੰਘ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਦੀਆਂ ਹਦਾਇਤਾਂ ਅਨੁਸਾਰ ਅਮਨ ਅਤੇ ਕਾਨੂੰਨ ਦੀ ਸਥਿਤੀ ਬਣਾਏ ਰੱਖਣ ਅਤੇ ਆਮ ਨਾਗਰਿਕਾਂ ਨੂੰ ਬਿਨਾਂ ਕਿਸੇ ਭੈਅ ਜਾਂ ਡਰ ਦੇ ਵੱਧ ਤੋਂ ਵੱਧ ਚੋਣ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ ਦੇ ਮੱਦੇਨਜ਼ਰ ਅੱਜ ਵਿਧਾਨ ਸਭਾ ਹਲਕਾ 06-ਅਨੰਦਪੁਰ ਸਹਿਬ ਵਿੱਚ ਪੈਂਦੇ 049-ਅਨੰਦਪੁਰ ਸਾਹਿਬ ਸੈਗਮੈਂਟ ਵਿੱਚ ਪੁਲਿਸ ਵਿਭਾਗ ਅਤੇ ਉਪ ਮੰਡਲ ਪ੍ਰਸ਼ਾਸ਼ਨ ਵੱਲੋਂ ਸਾਂਝੇ ਤੌਰ ਤੇ ਫਲੈਗ ਮਾਰਚ ਤੇ ਜਾਗਰੂਕਤਾ ਅਭਿਆਨ ਚਲਾਇਆ ਗਿਆ।ਇਸ ਮੌਕੇ ਐਸ.ਡੀ.ਐਮ.-ਕਮ-ਏ.ਆਰ.ਓ. ਰਾਜਪਾਲ ਸਿੰਘ ਸੇਖੋਂ ਅਤੇ ਉਪ ਕਪਤਾਨ ਪੁਲਿਸ (ਡੀ) ਰੂਪਨਗਰ ਮਨਵੀਰ ਸਿੰਘ ਬਾਜਵਾ ਨੇ ਸੰਬੋਧਨ ਕਰਦੇ ਹੋਏ ਜਾਣਕਾਰੀ ਦਿੱਤੀ ਕਿ ਵਿਧਾਨ ਸਭਾ ਖੇਤਰ ਅਧੀਨ ਪੈਂਦੇ ਸ੍ਰੀ ਅਨੰਦਪੁਰ ਸਾਹਿਬ ਸ਼ਹਿਰੀ ਖੇਤਰ, ਰੇਲਵੇ ਸਟੇਸ਼ਨ, ਪੰਜ ਪਿਆਰਾ ਪਾਰਕ, ਕੀਰਤਪੁਰ ਸਾਹਿਬ ਅਤੇ ਨਾਲ ਲੱਗਦੇ ਖੇਤਰ, ਗੰਗੂਵਾਲ ਤੋਂ ਲੈ ਕੇ ਭਨੂਪਲੀ ਤੱਕ ਆਮ ਨਾਗਰਿਕਾਂ ਦੀ ਜਾਗਰੂਕਤਾ ਲਈ ਫਲੈਗ ਮਾਰਚ ਕੀਤਾ ਗਿਆ ਹੈ। ਇਸ ਦੌਰਾਨ ਸਲੱਮ ਖੇਤਰਾਂ ਵਿੱਚ ਰਹਿ ਰਹੇ ਵੋਟਰਾਂ ਨੂੰ ਬਿਨਾਂ ਕਿਸੇ ਭੈਅ ਜਾਂ ਡਰ ਦੇ ਵੱਧ ਤੋਂ ਵੱਧ ਚੋਣ ਪ੍ਰਕਿਰਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ।ਉਨਾਂ ਇਹ ਵੀ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਇਸ ਵਾਰ 70 ਪ੍ਰਤੀਸ਼ਤ ਤੋਂ ਵੱਧ ਪੋਲਿੰਗ ਦਾ ਟੀਚਾ ਮਿਥਿਆ ਗਿਆ ਹੈ, ਜਿਸ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਉਨਾਂ ਵੱਲੋਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਅਤੇ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਦਰਸ਼ ਚੋਣ ਜਾਬਤੇ ਦੀ ਪਾਲਣਾ ਪੂਰੀ ਇਮਾਨਦਾਰੀ ਨਾਲ ਕਰਨ ਅਤੇ ਇਸ ਵਾਰ ਲੋਕ ਸਭਾ ਚੋਣਾਂ ਨੂੰ ਪੂਰਨ ਤੌਰ ਤੇ ਪਾਰਦਰਸ਼ੀ ਅਤੇ ਸਹੀ ਤਰੀਕੇ ਨਾਲ ਕਰਵਾਉਣ ਵਿੱਚ ਪ੍ਰਸ਼ਾਸ਼ਨ ਨੂੰ ਮੱਦਦ ਕਰਨ। ਇਸ ਮੌਕੇ ਉਨਾਂ ਨੇ ਆਮ ਨਾਗਰਿਕਾਂ ਨੂੰ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸੀ-ਵਿਜਿਲ ਐਪ ਬਾਰੇ ਵੀ ਜਾਣਕਾਰੀ ਦਿੱਤੀ, ਜਿਸ ਦੀ ਸਹਾਇਤਾ ਨਾਲ ਉਹ ਆਦਰਸ਼ ਚੋਣ ਜਾਬਤੇ ਦੀ ਉਲੰਘਣਾ ਬਾਰੇ ਸ਼ਿਕਾਇਤ ਕਰ ਸਕਦੇ ਹਨ, ਜਿਸ ਦਾ ਮਿਥੇ ਸਮੇਂ ਅੰਦਰ ਤੁਰੰਤ ਐਕਸ਼ਨ ਲਿਆ ਜਾਂਦਾ ਹੈ। ਇਸ ਮੌਕੇ ਸੰਦੀਪ ਕੁਮਾਰ ਤਹਿਸੀਲਦਾਰ ਨੰਗਲ, ਹਿੰਮਤ ਸਿੰਘ ਥਾਣਾ ਮੁਖੀ ਸ੍ਰੀ ਅਨੰਦਪੁਰ ਸਾਹਿਬ, ਜਤਿਨ ਕਪੂਰ ਥਾਣਾ ਮੁਖੀ ਕੀਰਤਪੁਰ ਸਾਹਿਬ, ਰਜਨੀਸ਼ ਚੌਧਰੀ ਥਾਣਾ ਮੁਖੀ ਨੰਗਲ ਆਪਣੀ ਪੁਲਿਸ ਫੋਰਸ ਨਾਲ ਹਾਜਰ ਸਨ।

# ਦੇਸ਼ ਦਾ ਭਵਿੱਖ ਕਾਂਗਰਸ ਦੇ ਹੱਥਾਂ ’ਚ ਹੀ ਸੁਰੱਖਿਅਤ: ਕੰਬੋਜ



**ਪਾਤੜਾਂ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਜਨਰਲ ਸਕੱਤਰ ਉਮੀਦਵਾਰ ਹਰਦਿਆਲ ਸਿੰਘ ਕੰਬੋਜ ਨੇ ਪਿੰਡ ਬਾਦਸ਼ਾਹਪੁਰ ਵਿੱਚ ਸਮਾਜਿਕ ਸਮਾਰੋਹ ਤੋਂ ਬਾਅਦ ਕਿਹਾ ਕਿ ਕਾਂਗਰਸ ਵੱਲੋਂ ਕਰਵਾਏ ਗਏ ਸਰਵਪੱਖੀ ਵਿਕਾਸ ਕਰਕੇ ਲੋਕ ਮੁੜ ਤੋਂ ਕਾਂਗਰਸ ਨੂੰ ਸੱਤਾ ਵਿੱਚ ਦੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਹੀ ਇੱਕੋ ਇੱਕ ਪਾਰਟੀ ਹੈ ਜੋ ਲੋਕਾਂ ਦੀ ਉਮੀਦਾਂ ’ਤੇ ਖਰਾ ਉਤਰਦੀ ਹੈ। ਕਾਂਗਰਸ ਦੇ ਵਰਕਰ ਪਾਰਟੀ ਦੀ ਮਜ਼ਬੂਤੀ ਲਈ ਲੋਕਾਂ ਨੂੰ ਕਾਂਗਰਸ ਦੀਆਂ ਨੀਤੀਆਂ ਤੋਂ ਜਾਣੂ ਕਰਵਾ ਰਹੇ ਹਨ। ਭਾਰਤੀ ਜਨਤਾ ਪਾਰਟੀ ਦੇ 10 ਸਾਲ ਦੇ ਆਮ ਨਾਗਰਿਕ ਤੇ ਕਿਸਾਨ ਵਿਰੋਧੀ ਕਾਰਜਕਾਲ ਮਗਰੋਂ ਲੋਕ ਮਹਿਸੂਸ ਕਰਦੇ ਹਨ ਕਿ ਕਾਂਗਰਸ ਦੇ ਹੱਥਾਂ ਵਿੱਚ ਹੀ ਦੇਸ਼ ਦਾ ਭਵਿੱਖ ਸੁਰੱਖਿਅਤ ਹੈ।

ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਮੂੰਹ ਨਹੀਂ ਲਾਉਣਗੇ। ਹਲਕਾ ਸ਼ੁਤਰਾਣਾ ਦੇ ਇੰਚਾਰਜ ਦਰਬਾਰਾ ਸਿੰਘ ਬਨਵਾਲਾ ਨੇ ਕਿਹਾ ਹੈ ਕਿ ਝੂਠ ਦੇ ਸਹਾਰੇ ਸੱਤਾ ਹਾਸਿਲ ਕਰਨ ਵਾਲੀ ਆਮ ਆਦਮੀ ਪਾਰਟੀ ਤੋਂ ਦੋ ਸਾਲਾਂ ਵਿੱਚ ਹੀ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ।

ਪੰਜਾਬ ਦੇ ਲੋਕ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀਆਂ ਜਮਾਨਤਾਂ ਜਬਤ ਕਰਾਉਣ ਦੀ ਮਨ ਬਣਾਈ ਬੈਠੇ ਹਨ। ਇਸ ਮੌਕੇ ਹਰਦੀਪ ਸਿੰਘ ਕੁਲਾਰਾਂ, ਮਾਰਕੀਟ ਕਮੇਟੀ ਬਾਧੜਾਂ ਦੇ ਸਾਬਕਾ ਚੇਅਰਮੈਨ ਜੈ ਪ੍ਰਤਾਪ ਸਿੰਘ ਡੇਜ਼ੀ ਕਾਹਲੋਂ, ਬਲਾਕ ਪ੍ਰਧਾਨ ਪਾਤੜਾਂ ਦੇ ਰਣਜੀਤ ਸਿੰਘ ਮੰਤੌਲੀ, ਮੋਹਰ ਸਿੰਘ ਜਿਊਣਪੁਰਾ ਸਰਪੰਚ, ਬਿੱਟੂ ਸ਼ਾਹਪੁਰ, ਰਿੰਕੂ ਚੇਅਰਮੈਨ, ਗੁਰਦਰਸ਼ਨ ਸਿੰਘ ਲੰਬੜਦਾਰ, ਬਿੱਲਾ ਅਰੋੜਾ ਆਦਿ ਹਾਜ਼ਰ ਸਨ।

# ਦਿਨੇਸ਼ ਸਿੰਘ ਬੱਬੂ ਲੋਕ ਸਭਾ ਹਲਕਾ ਗੁਰਦਾਸਪੁਰ, ਪਠਾਨਕੋਟ ਭਾਜਪਾ ਉਮੀਦਵਾਰ ਜਾਰੀ



**ਪਠਾਨਕੋਟ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਠਾਨਕੋਟ ਵਿੱਚ ਲੋਕ ਸਭਾ ਚੋਣਾਂ ਲਈ ਭਾਜਪਾ ਵੱਲੋਂ ਜਾਰੀ ਕੀਤੀ ਗਈ ਸੂਚੀ ਵਿਚ ਵਿਧਾਨ ਸਭਾ ਹਲਕਾ ਸੁਜਾਨਪੁਰ ਤੋਂ ਲੋਕ ਸਭਾ ਹਲਕਾ ਗੁਰਦਾਸਪੁਰ ਲਈ ਭਾਜਪਾ ਦੇ ਵਰਕਰ ਦਿਨੇਸ਼ ਸਿੰਘ ਬੱਬੂ ਨੂੰ ਉਮੀਦਵਾਰ ਜਾਰੀ ਕੀਤਾ ਗਿਆ ਹੈ। ਜਦੋਂ ਹਲਕਾ ਸੁਜਾਨਪੁਰ ਤੋਂ ਦਿਨੇਸ਼ ਸਿੰਘ ਬੱਬੂ ਦਾ ਨਾਮ ਗੋਸੀਤ ਹੋਇਆ ਤਾਂ ਭਾਰੀ ਗਿਣਤੀ ਵਿੱਚ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਹਲਕਾ ਸੁਜਾਨਪੁਰ ਤੋਂ ਸਾਬਕਾ ਵਿਧਾਇਕ ਦਿਨੇਸ਼ ਸਿੰਘ ਬੱਬੂ ਲਗਾਤਾਰ ਤਿੰਨ ਵਾਰ ਜਿੱਤ ਪ੍ਰਾਪਤ ਕੀਤੀ, ਅਤੇ ਇਹ ਪੰਜਾਬ ਦੇ ਡਿਪਟੀ ਸਪੀਕਰ ਵੀ ਰਹੇ।ਜਿਸ ਕਾਰਨ ਭਾਜਪਾ ਨੇ ਜਿਸ ਵਿੱਚ ਲੋਕ ਸਭਾ ਹਲਕਾ ਗੁਰਦਾਸਪੁਰ, ਪਠਾਨਕੋਟ ਵਿਧਾਨ ਸਭਾ ਹਲਕਾ ਸੁਜਾਨਪੁਰ ਨੂੰ ਜਾਰੀ ਕਰ ਦਿੱਤਾ ਗਿਆ ਹੈ।ਦਿਨੇਸ਼ ਸਿੰਘ ਬੱਬੂ ਨੂੰ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਾਰਿਆ ਗਿਆ ਹੈ।ਸੂਚੀ ਵਿੱਚ ਦਿਨੇਸ਼ ਸਿੰਘ ਬੱਬੂ ਦਾ ਨਾਂ ਸਾਹਮਣੇ ਆਉਂਦੇ ਹੀ ਉਨ੍ਹਾਂ ਦੇ ਘਰ ਵਰਕਰਾਂ ਦੀ ਭੀੜ ਆਉਣ ਲੱਗੀ ਹੈ।

ਦਿਨੇਸ਼ ਸਿੰਘ ਬੱਬੂ ਸੁਜਾਨਪੁਰ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਹਨ। ਅਤੇ ਲਗਾਤਾਰ ਤਿੰਨ ਵਾਰ ਪੰਜਾਬ ਸਰਕਾਰ ਵਿੱਚ ਡਿਪਟੀ ਸਪੀਕਰ ਵੀ ਰਹਿ ਚੁੱਕੇ ਹਨ।ਹੁਣ ਭਾਜਪਾ ਨੇ ਉਨ੍ਹਾਂ ਨੂੰ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ।ਇਸ ਸਬੰਧੀ ਜਦੋਂ ਦਿਨੇਸ਼ ਸਿੰਘ ਬੱਬੂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਾਰਟੀ ਨੇ ਮੇਰੇ ’ਤੇ ਭਰੋਸਾ ਪ੍ਰਗਟਾਇਆ ਹੈ ਅਤੇ ਮੈਂ ਹਾਂ।

ਉਨ੍ਹਾਂ ਦੀਆਂ ਉਮੀਦਾਂ ’ਤੇ ਖਰਾ ਉਤਰਨਾ।

# ਸ਼ੰਭੂ ਸਰਹੱਦ ’ਤੇ ਅੰਮ੍ਰਿਤਸਰ ਦਾ ਵਸਨੀਕ ਇਕ ਹੋਰ ਕਿਸਾਨ ਦੀ ਮੌਤ



**ਅੰਮ੍ਰਿਤਸਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਭੂ ਸਰਹੱਦ ’ਤੇ ਚੱਲ ਰਹੇ ਕਿਸਾਨਾਂ ਦੇ ਧਰਨੇ ਦੇ 48ਵੇਂ ਦਿਨ ਅੰਮ੍ਰਿਤਸਰ ਦੇ ਰਹਿਣ ਵਾਲੇ ਦਇਆ ਸਿੰਘ ਦੀ ਮੌਤ ਹੋ ਗਈ।

ਚੱਲ ਰਹੇ ਕਿਸਾਨ ਅੰਦੋਲਨ ਵਿੱਚ ਅੱਜ ਸਵੇਰੇ ਇੱਕ ਹੋਰ ਕਿਸਾਨ ਦੀ ਮੌਤ ਹੋ ਗਈ ਹੈ। ਕਿਸਾਨ ਦਇਆ ਸਿੰਘ ਅੰਮ੍ਰਿਤਸਰ ਦੇ ਪਿੰਡ ਦਾ ਵਸਨੀਕ ਸੀ ਅਤੇ ਲੰਮੇ ਸਮੇਂ ਤੋਂ ਅੰਦੋਲਨ ਵਿੱਚ ਸ਼ਾਮਲ ਸੀ। ਸ਼ੰਭੂ ਸਰਹੱਦ ’ਤੇ ਚੱਲ ਰਹੇ ਕਿਸਾਨ ਅੰਦੋਲਨ ਦੇ 48ਵੇਂ ਦਿਨ ਅੱਜ ਦਇਆ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਤਰਸਿੱਕਾ, ਬਾਬਾ ਬਕਾਲਾ, ਅੰਮ੍ਰਿਤਸਰ ਦੀ ਮੌਤ ਹੋ ਗਈ। ਫਿਲਹਾਲ ਮੌਤ ਦਾ ਕਾਰਨ ਦਿਲ ਦਾ ਦੌਰਾ ਦੱਸਿਆ ਜਾ ਰਿਹਾ ਹੈ। ਅਸਲ ਕਾਰਨ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਸਾਹਮਣੇ ਆਵੇਗਾ। ਦਇਆ ਸਿੰਘ ਉਮਰ 71 ਸਾਲ ਅਤੇ ਉਹ ਲੰਬੇ ਸਮੇਂ ਤੋਂ ਸਰਹੱਦ ’ਤੇ ਸੀ। ਪਰ ਮੌਜੂਦ ਸੀ. 10 ਵਿੱਘੇ ਜ਼ਮੀਨ ਦਾ ਮਾਲਕ ਸੀ ਦਇਆ ਸਿੰਘ ਫੌਜ ਵਿੱਚੋਂ ਸੇਵਾਮੁਕਤ ਹੋਏ ਸਨ ਅਤੇ 6 ਪਿਛਲੇ ਦਿਨੀਂ ਕਿਸਾਨ ਮੋਰਚੇ ਵਿੱਚ ਗਏ ਸਨ।

ਕਰੀਬ 10 ਵਿੱਘੇ ਜ਼ਮੀਨ ਸੀ ਜਿਸ ’ਤੇ ਉਹ ਖੇਤੀ ਕਰਦਾ ਸੀ। ਉਸ ਦੇ ਦੋ ਪੁੱਤਰ ਹਨ ਅਤੇ ਦੋਵੇਂ ਵਿਆਹੇ ਹੋਏ ਹਨ। ਦਇਆ ਸਿੰਘ ਤਰਸਿੱਕਾ ਦਾ ਪੱਕਾ ਚੇਲਾ ਸੀ।

# ਜਗਦੀਸ਼ ਬਾਂਸਲ ਸਰਬਸੰਮਤੀ ਨਾਲ ਪੰਜਾਬ ਫੋਟੋਗ੍ਰਾਫਰਜ਼ ਐਸੋ. ਸੁਨਾਮ ਦੇ ਪ੍ਰਧਾਨ ਬਣੇ



**ਸੁਨਾਮ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਫੋਟੋਗ੍ਰਾਫਰਜ਼ ਐਸੋ. ਸੁਨਾਮ ਦੀ ਮੀਟਿੰਗ ਸਥਾਨਕ ਜਯੋਤੀ ਸਟੂਡਿਓ ਵਿਖੇ ਹੋਈ, ਜਿਸ ਵਿੱਚ ਸਾਲ 2024-25 ਅਤੇ 2025-26 ਲਈ ਐਸੋ. ਦੇ ਆਹੁਦੇਦਾਰਾਂ ਦੀ ਚੋਣ ਕੀਤੀ ਗਈ।

ਇਸ ਚੋਣ ਵਿੱਚ ਜਗਦੀਸ਼ ਬਾਂਸਲ (ਜਯੋਤੀ ਸਟੂਡਿਓ) ਨੂੰ ਸਾਲ 2024-25 ਅਤੇ 2025-26 ਲਈ ਸਰਬਸੰਮਤੀ ਨਾਲ ਦੂਸਰੀ ਵਾਰ ਪ੍ਰਧਾਨ ਚੁਣਿਆ ਗਿਆ।

ਇਸ ਦੌਰਾਨ ਨਵੇਂ ਬਣੇ ਪ੍ਰਧਾਨ ਜਗਦੀਸ਼ ਬਾਂਸਲ ਨੇ ਆਪਣੀ ਟੀਮ ਵਿੱਚ ਸੁਭਾਸ਼ ਕਤਿਆਲ ਨੂੰ ਸਰਪ੍ਰਸਤ, ਬੂਟਾ ਸਿੰਘ ਧਾਲੀਵਾਲ ਅਤੇ ਗਗਨਦੀਪ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਗੁਰਦੀਪ ਸਿੰਘ ਨੂੰ ਮੀਤ ਪ੍ਰਧਾਨ, ਗੁਰਤੇਜ ਸਿੰਘ ਨੂੰ ਸਕੱਤਰ, ਵਿਨੋਦ ਸ਼ਰਮਾ ਨੂੰ ਜੁਆਇੰਟ ਸਕੱਤਰ, ਦਵਿੰਦਰ ਘਈ ਨੂੰ ਖਜ਼ਾਨਚੀ ਅਤੇ ਜਗਤਾਰ ਸਿੰਘ ਨੂੰ ਪ੍ਰੈਸ ਸਕੱਤਰ ਬਣਾਇਆ ਗਿਆ।

ਇਸ ਦੌਰਾਨ ਹਾਜ਼ਰ ਮੈਂਬਰਾਂ ਨੇ ਨਵੇਂ ਪ੍ਰਧਾਨ ਜਗਦੀਸ਼ ਬਾਂਸਲ ਦਾ ਹਾਰ ਪਾ ਕੇ ਸਵਾਗਤ ਕੀਤਾ ਅਤੇ ਮੀਟਿੰਗ ਵਿੱਚ ਰਾਮ ਪਾਲ, ਗਗਨਦੀਪ ਕੁਮਾਰ, ਵਰਿੰਦਰ ਕੁਮਾਰ ਅਤੇ ਮੁਨੀਸ਼ ਬੱਤਰਾ ਹਾਜ਼ਰ ਸਨ।

# ਪ੍ਰਿੰਸ ਰੋਮਾਣਾ ਦੇ ਦੂਜੀ ਵਾਰ ਸ਼੍ਰੀ ਪੰਚਾਇਤੀ ਗਊਸ਼ਾਲਾ ਦੇ ਪ੍ਰਧਾਨ ਬਣਨ ਤੇ ਵਧਾਈਆਂ ਦੇਣ ਦਾ ਦੌਰ ਜਾਰੀ

**ਬਠਿੰਡਾ 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੱਲ ਜਦੋਂ ਹੀ ਪ੍ਰਿੰਸ ਰੋਮਾਣਾ ਦਾ ਨਾਮ ਸ਼੍ਰੀ ਪੰਚਾਇਤੀ ਗਊਸ਼ਾਲਾ ਦੇ ਪ੍ਰਧਾਨ ਵਜੋ ਮੰਡੀ ਨਿਵਾਸੀਆਂ ਵੱਲੋਂ ਸਰਵਸੰਮਤੀ ਨਾਲ ਐਲਾਨਿਆ ਗਿਆ ਤਾਂ ਦੂਰੋਂ ਨੇੜਿਓ ਦੋਸਤਾਂ ,ਰਿਸ਼ਤੇਦਾਰਾਂ ਤੇ ਮੰਡੀ ਨਿਵਾਸੀਆਂ ਵਲੋਂ ਪ੍ਰਿੰਸ ਰੋਮਾਣਾ ਨੂੰ ਮਿਲ਼ਕੇ ਤੇ ਫ਼ੋਨ ਉਪਰ ਵਧਾਈ ਦੇ ਫ਼ੋਨ ਆਉਣ ਲੱਗੇ, ਪ੍ਰਿੰਸ ਰੋਮਾਣਾ ਨੇ ਪ੍ਰੈਸ ਨਾਲ ਗੱਲ ਕਰਦਿਆਂ ਕਿਹਾ ਕਿ ਮੈ ਮੰਡੀ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਸ਼੍ਰੀ ਪੰਚਾਇਤੀ ਗਊਸ਼ਾਲਾ ਦਾ ਦੂਜੀ ਵਾਰ ਪ੍ਰਧਾਨ ਬਣਾਇਆ ਹੈ, ਗਊ ਮਾਤਾ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ, ਤੇ ਮੈਨੂੰ ਇਹ ਸੇਵਾ ਦਾ ਮੌਕਾ ਦੂਜੀ ਵਾਰ ਮਿਲਣ ਤੇ ਮੈ ਪਰਮਾਤਮਾਂ ਦਾ ਸ਼ੁਕਰ ਗੁਜ਼ਾਰ ਹਾਂ ਜਿਸ ਦੀ ਕਿਰਪਾ ਨਾਲ ਇਹ ਸੇਵਾ ਦਾ ਮੌਕਾ ਮਿਲਿਆ, ਇਸ ਮੌਕੇ ਓਹਨਾਂ ਦੀ ਬੇਟੀ ਵੀਸ਼ਾ ਸਿੰਗਲਾ ਵੱਲੋਂ ਖ਼ੁਦ ਘਰੇ ਤਿਆਰ ਕੀਤੇ ਗਏ ਕੇਕ ਨੂੰ ਪ੍ਰਿੰਸ ਰੋਮਾਣਾ ਤੇ ਓਹਨਾ ਦੀ ਧਰਮਪਤਨੀ ਪਰਵੀਨ ਸਿੰਗਲਾ ਨੇ ਮਿਲਕੇ ਕੱਟਿਆ ਤੇ ਗਊ ਮਾਤਾ ਦਾ ਸ਼ੁਕਰਾਨਾ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਕਾਸ ਕੁਮਾਰ ਵਿੱਕੀ ਸੈਕਟਰੀ ਅਤੇ ਓਹਨਾ ਦੀ ਧਰਮ ਪਤਨੀ ਸ਼ਾਲੂ ਰਾਣੀ, ਡਾਕਟਰ ਕੁਲਵਿੰਦਰ ਸਿੰਘ, ਅਵਧੇਸ਼ (ਮਨੇਜਰ ਗਊਸ਼ਾਲਾ), ਸੰਦੀਪ, ਪੁੰਨੂੰ ਰੋਮਾਣਾ, ਗੁਰਦੀਪ , ਆਦਿ ਹਾਜ਼ਰ ਸਨ।

# ਚੇਤਨਾ ਕੰਨਵੈਸ਼ਨ ਵਿੱਚ 11 ਅਪ੍ਰੈਲ ਨੂੰ ਮੋਗਾ ਵਿਖੇ ਕੀਤੀ ਜਾਵੇਗੀ



**ਲੁਧਿਆਣਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ, ਦੀ ਕਲਾਸ ਫ਼ੋਰ ਗੋਰਮਿੰਟ ਇੰਪਲਾਈਜ਼ ਯੂਨੀਅਨ, ਦੀ ਲੁਧਿਆਣਾ ਇਕਾਈ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਵਿਨੋਦ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵੱਖ ਵੱਖ ਵਿਭਾਗਾਂ ਤੋਂ ਆਗੂ ਸਾਥੀ ਸ਼ਾਮਲ ਹੋਏ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਰਨਲ ਸਕੱਤਰ ਸੁਰਿੰਦਰ ਸਿੰਘ ਬੈਂਸ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਲਾਗੂ ਕਰਨਾ, ਘੱਟੋ ਘੱਟ ਉਜਰਤ 26000/ਰੁਪੈ ਕਰਨਾ, ਠੇਕਾ ਪ੍ਰਣਾਲੀ ਦਾ ਖਾਤਮਾਂ ਕਰਕੇ ਰੈਗੂਲਰ ਭਰਤੀ ਕਰਨਾ, ਸਿਵਲ ਸੇਵਾਵਾਂ ਦੀ ਸੁਰੱਖਿਆ ਯਕੀਨੀ ਬਣਾਉਣ ਆਦਿ ਇਹਨਾਂ ਸਭ ਮੁੱਦਿਆਂ ਤੇ ਡੂੰਘੀਆਂ ਵਿਚਾਰਾਂ ਕਰਨ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ਚੰਡੀਗੜ੍ਹ ਵਲੋਂ 11 ਅਪ੍ਰੈਲ ਨੂੰ ਮੋਗਾ ਵਿਖੇ ਚੇਤਨਾ ਕੰਨਵੈਸਨ ਕੀਤੀ ਜਾ ਰਹੀ ਹੈ ਉਸ ਵਿੱਚ ਜ਼ਿਲ੍ਹਾ ਲੁਧਿਆਣਾ ਤੋਂ ਆਗੂ ਸਾਥੀ ਸ਼ਾਮਲ ਹੋਣਗੇ।

ਅੱਜ ਦੀ ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਅਸ਼ੋਕ ਕੁਮਾਰ ਮੱਟੂ, ਮਾਤਾ ਪ੍ਰਸ਼ਾਦਿ, ਲਾਭ ਸਿੰਘ ਬੇਰਕਲਾਂ, ਰਕੇਸ਼ ਕੁਮਾਰ ਸੁੰਢਾ, ਇੰਦਰਜੀਤ ਸਿੰਘ, ਹਜ਼ਾਰੀ ਲਾਲ ਮੱਤੇਵਾੜਾ, ਜੀਤ ਸਿੰਘ, ਜਸਵੰਤ ਸਿੰਘ, ਜੈਵੀਰ, ਸੋਨੂ, ਅਮਰਨਾਥ, ਸਤਿੰਦਰ ਸਿੰਘ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਵਰਕਰਾਂ ਤੋਂ ਸਕੂਲਾਂ ਵਿੱਚ ਵਾਧੂ ਕੰਮ ਲੈਣਾ ਬੰਦ ਕੀਤਾ ਜਾਵੇ, ਡਬਲ ਸ਼ਿਫਟ ਵਾਲੇ ਸਕੂਲਾਂ ਵਿੱਚ ਕਰਮਚਾਰੀਆਂ ਤੋਂ ਵਾਧੂ ਸਮਾਂ ਡਿਊਟੀ ਲੈਂਣੀ ਬੰਦ ਕੀਤੀ ਜਾਵੇ ,ਅਤੇ ਪੱਕੀ ਭਰਤੀ ਕੀਤੀ ਜਾਵੇ, ਮੱਤੇਵਾੜਾ ਪਸ਼ੂ ਫਾਰਮ ਵਿੱਚ ਲੰਮੇ ਸਮੇਂ ਤੋਂ ਕੰਮ ਕਰਦੇ ਦਰਜ਼ਾ ਚਾਰ ਕਰਮਚਾਰੀਆਂ ਨੂੰ ਪਹਿਲਾਂ ਦੀ ਤਰ੍ਹਾਂ ਦਫ਼ਤਰ ਵਲੋਂ ਤਨਖਾਹ ਦਿੱਤੀ ਜਾਵੇ। ਇਸ ਤੋਂ ਇਲਾਵਾ ਕੈਸ਼ੀਅਰ ਰਣਜੀਤ ਸਿੰਘ ਨੇ ਕਿਹਾ ਕਿ 20 ਅਪ੍ਰੈਲ 2024 ਤੋਂ ਪਹਿਲਾਂ ਪਹਿਲਾਂ ਸਲਾਨਾ ਮੈਂਬਰਸ਼ਿਪ ਮੁਕੰਮਲ ਕਰਕੇ ਜਮਾਂ ਕਰਵਾ ਦਿੱਤੀ ਜਾਵੇ। ਯੂਨੀਅਨ ਦੇ ਸਰਪ੍ਰਸਤ ਮਾਤਾ ਪ੍ਰਸ਼ਾਦਿ ਅਤੇ ਚੈਅਰਮੈਨ ਪਰਮਜੀਤ ਸਿੰਘ ਨੇ ਸਭ ਆਗੂ ਸਾਥੀਆਂ ਦਾ ਮੀਟਿੰਗ ਵਿੱਚ ਹਾਜ਼ਰ ਹੋਣ ਤੇ ਧੰਨਵਾਦ ਕੀਤਾ।

# ਰੋਟਰੀ ਕਲੱਬ ਵੱਲੋਂ ਅੱਖਾਂ ਦਾ ਚੈੱਕਅਪ ਅਤੇ ਆਪਰੇਸ਼ਨ ਕੈਂਪ ਲਗਾਇਆ



ਲੋੜਵੰਦਾਂ ਦੀ ਮਦਦ ਲਈ ਅਜਿਹੇ ਕੈਂਪ ਹਰ ਸੰਸਥਾਵਾਂ ਨੂੰ ਲਗਾਉਣੇ ਚਾਹੀਦੇ ਹਨ - ਐਸਡੀਐਮ ਤਰਸੇਮ ਚੰਦ, ਮਲਕੀਤ ਸਿੰਘ

**ਨਾਭਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲੱਬ ਨਾਭਾ ਵੱਲੋ ਸਵ.ਸ.ਸਾਧੂ ਸਿੰਘ, ਮਾਤਾ ਈਸ਼ਰ ਕੌਰ ਜੀ ਅਤੇ ਸ. ਅਮਰਜੀਤ ਸਿੰਘ ਦੀ ਨਿੱਘੀ ਯਾਦ ਵਿੱਚ ਮਲਕੀਤ ਐਗਰੋ ਟੈਕ ਪ੍ਰਾ. ਲਿਮ. ਅਤੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਬਿਨਾਂ ਚੀਰਾ ਬਿਨਾਂ ਟਾਂਕਾ ਅੱਖਾਂ ਵਿੱਚ ਲੈਂਜ ਪਾਉਣ ਦਾ ਅੱਖਾਂ ਦਾ ਮੁਫ਼ਤ ਚੈਕਅੱਪ ਤੇ ਆਪ੍ਰੇਸ਼ਨ ਕੈਂਪ ਰੋਟਰੀ ਭਵਨ, ਪਟਿਆਲਾ ਗੇਟ, ਵਿਖੇ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਅਤੁੱਲ ਕੱਕੜ (ਅੱਖਾਂ ਦੇ ਰੋਗਾਂ ਦੇ ਮਾਹਿਰ) ਕੱਕੜ ਆਈ ਹਸਪਤਾਲ, ਪਟਿਆਲਾ, ਸ. ਐਚ.ਐਸ ਰੰਧਾਵਾ ਦੀ ਟੀਮ ਵੱਲੋਂ 410 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦਾ ਚੈਕ ਅਪ ਕੀਤਾ ਗਿਆ। ਇਹਨਾਂ ਮਰੀਜ਼ਾਂ ਵਿੱਚੋਂ 100 ਦੇ ਕਰੀਬ ਅੱਖਾਂ ਦੇ ਵਿੱਚ ਲੈਂਜ ਪਾਉਣ ਵਾਲੇ ਮਰੀਜ਼ਾਂ ਨੂੰ ਚੁਣਿਆ ਗਿਆ। ਇਸ ਕੈਂਪ ਦੇ ਮੁੱਖ ਮਹਿਮਾਨ ਐਸ ਡੀ ਐਮ ਤਰਸੇਮ ਚੰਦ ਨਾਭਾ ਅਤੇ ਵਿਸ਼ੇਸ਼ ਮਹਿਮਾਨ: ਸ. ਮਲਕੀਤ ਸਿੰਘ ਚੇਅਰਮੈਨ ਮਲਕੀਤ ਐਗਰੋ ਟੈਗ ਇੰਡਸਟਰੀਜ਼ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਉਨ੍ਹਾਂ ਸਾਂਝੇ ਤੌਰ ਤੇ ਕਿਹਾ ਕਿ ਰੋਟਰੀ ਕਲੱਬ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜਾਂ ਵਿੱਚ ਅੱਗੇ ਰਹਿੰਦਾ ਹੈ, ਉਨ੍ਹਾਂ ਕਿਹਾ ਕਿ ਹਰ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਅੱਗੇ ਆ ਕੇ ਅਜਿਹੇ ਕਾਰਜ ਕਰਨੇ ਚਾਹੀਦੇ ਹਨ ਤਾਂ ਕਿ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਪ੍ਰੋਜੈਕਟ ਚੇਅਰਮੈਨ ਚਰਨ ਸਿੰਘ, ਪ੍ਰਧਾਨ ਦਰਸ਼ਨ ਸਿੰਘ ਬੁੱਟਰ ਅਤੇ ਐਡਵਾਈਜ਼ਰ ਦਲਜੀਤ ਸਿੰਘ ਸੰਧੂ ਅਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ, ਡਾਕਟਰ ਦੀ ਟੀਮ ਅਤੇ ਆਈਆ ਹੋਇਆ ਸ਼ਖਸ਼ੀਅਤਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਾਬਕਾ ਸਿਵਲ ਸਰਜਨ ਡਾਕਟਰ ਆਈਡੀ ਗੋਇਲ ਅਤੇ ਜੀਵਨ ਪ੍ਰਕਾਸ਼ ਬਾਂਸਲ ਨੇ ਦੱਸਿਆ ਕਿ ਦਵਾਈਆਂ ਅਤੇ ਅਨੇਕਾਂ ਕਲੱਬ ਵੱਲੋਂ ਮੁਫਤ ਦਿੱਤੀਆਂ ਗਈਆਂ ਹਨ, ਉਨ੍ਹਾਂ ਕਿਹਾ ਕਿ ਮਰੀਜਾਂ ਲਈ ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਕਲੱਬ ਵੱਲੋਂ ਕੀਤਾ ਗਿਆ ਹੈ। ਕੈਂਪ ਵਿੱਚ ਸਮਾਜ ਸੇਵੀ ਸੂਰਜ ਭਾਨ ਸਿੰਗਲਾ, ਓਮ ਪ੍ਰਕਾਸ਼ ਠੇਕੇਦਾਰ, ਕੇਵਲ ਕ੍ਰਿਸ਼ਨ ਕੌਮੀ, ਧਨੰਜੇ ਵਾਲੀਆ, ਆਦਿ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਲਗਵਾਈ। ਇਸ ਮੌਕੇ ਰੋ. ਦਰਸ਼ਨ ਬੁੱਟਰ, ਰੋ. ਸਿਕੰਦਰ ਪ੍ਰਤਾਪ ਸਿੰਘ ਸੈਕਟਰੀ, ਚੀਫ ਅਡਵਾਈਜਰ ਰੋ. ਵੇਦ ਪ੍ਰਕਾਸ਼ ਡੱਲਾ, ਅਡਵਾਈਜਰ ਰੋ. ਜੀਵਨ ਪ੍ਰਕਾਸ਼ ਬਾਂਸਲ, ਅਡਵਾਈਜਰ ਰੋ. ਦਲਜੀਤ ਸਿੰਘ ਸੰਧੂ, ਰੋ. ਡਾ. ਆਈ.ਡੀ.ਗੋਇਲ, ਐਡਵੋਕੇਟ ਭਾਰਤ ਭੂਸ਼ਨ ਜੈਨ, ਅਸ਼ੋਕ ਕਿੰਗਰ, ਦਰਸ਼ਨ ਅਰੋੜਾ, ਰਵਨੀਸ਼ ਗੋਇਲ,ਜੇਪੀ ਗੁਪਤਾ, ਰਾਜ ਕੁਮਾਰ ਜੇਤਵਾਨੀ, ਕ੍ਰਿਸ਼ਨ ਗੋਇਲ, ਵਿਕਾਸ ਮਿੱਤਲ, ਵਿਨਾਇਕ ਮਲਹੋਤਰਾ, ਰਾਜੇਸ਼ ਅਗਰਵਾਲ, ਮਨਦੀਪ ਭਾਟੀਆ, ਰਾਜੇਸ਼ ਕੁਮਾਰ ਅਰੋੜਾ, ਹਰਪ੍ਰੀਤ ਸਿੰਘ ਢੀਂਡਸਾ, ਵਿਵੇਕ ਸਿੰਗਲਾ, ਨਵੀਨ ਗੁਪਤਾ, ਵਿਕਾਸ ਚੋਪੜਾ, ਬਲਜਿੰਦਰ ਅਰੋੜਾ, ਆਦਿ ਮੈਂਬਰ ਹਾਜ਼ਰ ਸਨ।

# ਭਾਜਪਾ ’ਚ ਰਲ ਕੇ ਬਿੱਟੂ ਨੇ ਬੇਅੰਤ ਸਿੰਘ ਦੀ ਕੁਰਬਾਨੀ ਭੁਲਾਈ: ਲਾਲ ਸਿੰਘ



**ਪਟਿਆਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੰਤਰੀ ਤੇ ਕਾਂਗਰਸ ਦੀ ਪਹਿਲੀ ਕਤਾਰ ਦੇ ਟਕਸਾਲੀ ਲੀਡਰ ਲਾਲ ਸਿੰਘ ਨੇ ਕਿਹਾ ਕਿ ਰਵਨੀਤ ਬਿੱਟੂ ਨੇ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਕੇ ਬੇਅੰਤ ਸਿੰਘ ਦੀ ਕੁਰਬਾਨੀ ਨੂੰ ਮਿੱਟੀ ਵਿੱਚ ਰੋਲ ਦਿੱਤਾ ਹੈ, ਇਸ ਤੋਂ ਵੱਡਾ ਪਾਪ ਰਵਨੀਤ ਬਿੱਟੂ ਹੋਰ ਕਰ ਨਹੀਂ ਸਕਦਾ, ਜਿਨ੍ਹਾਂ ਦੀ ਜ਼ਮੀਰ ਮਰ ਗਈ ਉਹ ਖ਼ੁਦ ਮਰ ਜਾਂਦੇ ਹਨ। ਲਾਲ ਸਿੰਘ ਇੱਥੇ ਮੀਡੀਆ ਨਾਲ ਗੱਲ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਅਮਰਿੰਦਰ ਸਿੰਘ ਤੇ ਸੁਨੀਲ ਜਾਖੜ ਨੂੰ ਸਭ ਕੁਝ ਦਿੱਤਾ ਪਰ ਬੜਾ ਦੁੱਖ ਹੁੰਦਾ ਹੈ ਜਦੋਂ ਉਹ ਕਾਂਗਰਸ ਨੂੰ ਹੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ। ਇਕ ਪਾਸੇ ਭਾਰਤੀ ਜਨਤਾ ਪਾਰਟੀ ਵੱਲੋਂ ਲੋਕਤੰਤਰ ਨੂੰ ਖ਼ਤਮ ਕਰਨ ਦਾ ਤਹੱਈਆ ਕੀਤਾ ਹੋਇਆ ਹੈ ਪਰ ਦੂਜੇ ਪਾਸੇ ਕੁਝ ਲੋਕ ਲਾਲਚਵੱਸ ਜਾਂ ਫਿਰ ਕਿਸੇ ਡਰ ਕਰਕੇ ਲੋਕਤੰਤਰ ਬਚਾਉਣ ਦੀ ਥਾਂ ਲੋਕਤੰਤਰ ਖ਼ਤਮ ਕਰਨ ਵਾਲਿਆਂ ਨਾਲ ਰਲ ਗਏ ਹਨ ਪਰ ਮੇਰੀ ਇੱਛਾ ਹੈ ਕਿ ਇਨ੍ਹਾਂ ਸਾਰਿਆਂ ਨੂੰ ਸਬਕ ਸਿਖਾਉਣ ਲਈ ਲੋਕ ਸਭਾ ਚੋਣ ਲੜ ਕੇ ਲੋਕਤੰਤਰ ਬਚਾਉਣ ਵਿਚ ਹਿੱਸਾ ਪਾਇਆ ਜਾਵੇ।

ਲਾਲ ਸਿੰਘ ਨੇ ਅੱਗੇ ਕਿਹਾ ਕਿ ਕਾਂਗਰਸੀ ਵਰਕਰਾਂ ਜਾਂ ਲੀਡਰਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ।

ਕਾਂਗਰਸ ਵੱਡੀ ਪਾਰਟੀ ਹੈ, ਇਸ ’ਤੇ ਸੰਕਟ ਆਉਂਦੇ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਮਲਿਕਾਜੁਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਦੀ ਲੜਾਈ ਸਿੱਧੀ ਦੇਸ਼ ਦੇ ਪੱਖ ਵਿੱਚ ਹੈ, ਹਰੇਕ ਕਾਂਗਰਸੀ ਨੂੰ ਉਨ੍ਹਾਂ ਦੀ ਇਸ ਲੜਾਈ ਵਿੱਚ ਮੋਢੇ ਨਾਲ ਮੋਢਾ ਜੋੜ ਕੇ ਤੁਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਿਹੜੇ ਕਹਿ ਰਹੇ ਹਨ ਕਿ ਲਾਲ ਸਿੰਘ ਦੀ ਸਿਹਤ ਚੋਣ ਲੜਨ ਦੀ ਇਜਾਜ਼ਤ ਨਹੀਂ ਦਿੰਦੀ, ਉਹ ਉਨ੍ਹਾਂ ਨੂੰ ਕਹਿਣਾ ਚਾਹੁੰਦੇ ਹਨ ਕਿ ਉਹ ਬਿਲਕੁਲ ਤੰਦਰੁਸਤ ਹਨ ਤੇ ਚੋਣ ਲੜਨ ਲਈ ਬਿਲਕੁਲ ਤਿਆਰ ਹਨ।

# ਜ਼ਿਲ੍ਹਾ ਅਧਿਕਾਰੀਆਂ ਵੱਲੋਂ ਕੀਤਾ ਗਿਆ ਵੱਖ ਵੱਖ ਪ੍ਰੀਖਿਆ ਕੇਂਦਰਾਂ ਦਾ ਦੌਰਾ



**ਪਠਾਨਕੋਟ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਵੱਲੋਂ ਪੰਜਾਬ ਭਰ ਵਿੱਚ ਸ਼ੁਰੂ ਕੀਤੇ ਗਏ ਸਕੂਲ ਆਫ਼ ਐਮੀਨੈਂਸ ਵਿੱਚ ਗਿਆਰਵੀਂ ਜਮਾਤ ਅਤੇ ਨੌਵੀਂ ਜਮਾਤ ਵਿੱਚ ਦਾਖ਼ਲੇ ਲਈ ਪ੍ਰਵੇਸ਼ ਪ੍ਰੀਖਿਆ ਸਫ਼ਲਤਾਪੂਰਵਕ ਸੰਪੰਨ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਗਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਿਆਰਵੀਂ ਜਮਾਤ ਵਿੱਚ ਦਾਖ਼ਲੇ ਲਈ 1570 ਵਿਦਿਆਰਥੀਆਂ ਅਤੇ ਨੌਵੀਂ ਜਮਾਤ ਵਿੱਚ ਦਾਖ਼ਲੇ ਲਈ 834 ਵਿਦਿਆਰਥੀਆਂ ਨੇ ਫ਼ਾਰਮ ਭਰਿਆਂ ਸੀ। ਗਿਆਰਵੀਂ ਜਮਾਤ ਵਿੱਚ 1317 ਵਿਦਿਆਰਥੀ ਹਾਜ਼ਰ ਹੋਏ ਅਤੇ 253 ਵਿਦਿਆਰਥੀ ਗੈਰਹਾਜ਼ਰ ਰਹੇ, ਜਦਕਿ ਨੌਵੀਂ ਜਮਾਤ ਵਿੱਚ 732 ਵਿਦਿਆਰਥੀ ਹਾਜ਼ਰ ਹੋਏ ਅਤੇ 102 ਵਿਦਿਆਰਥੀ ਗੈਰਹਾਜ਼ਰ ਰਹੇ।

ਜ਼ਿਲ੍ਹਾ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੱਖ ਵੱਖ ਪ੍ਰੀਖਿਆ ਕੇਂਦਰਾਂ ਵਿੱਚ 100 ਦੇ ਕਰੀਬ ਵਿਭਾਗੀ ਅਮਲੇ ਨੂੰ ਪ੍ਰੀਖਿਆਂ ਨੂੰ ਵਿਭਾਗੀ ਨਿਰਦੇਸ਼ਾਂ ਅਨੁਸਾਰ ਕਰਵਾਉਣਾ ਲਈ ਨਿਯੁਕਤ ਕੀਤਾ ਗਿਆ ਸੀ। ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਗਵਿੰਦਰ ਸਿੰਘ ਵੱਲੋਂ ਸ਼ਹੀਦ ਮੱਖਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੇਐਫਸੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੁਜਾਨਪੁਰ ਮੁੰਡੇ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਕਪੁਰ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਾਰਕਲਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਧਾਨੀ ਅਤੇ ਸਕੂਲ ਆਫ਼ ਐਮੀਨੈਂਸ ਲਮੀਨੀ ਦਾ ਦੌਰਾ ਕੀਤਾ ਗਿਆ ਜਦਕਿ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਗੋਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਰੋਟ ਜੈਮਲ ਸਿੰਘ ਅਤੇ ਸਕੂਲ ਆਫ਼ ਐਮੀਨੈਂਸ ਭੋਆ ਵਿੱਚ ਬਣੇ ਪ੍ਰੀਖਿਆ ਕੇਂਦਰਾਂ ਦਾ ਦੌਰਾ ਕੀਤਾ ਗਿਆ।

ਇਸ ਦੌਰਾਨ ਦੇਖਿਆ ਗਿਆ ਕਿ ਇਨ੍ਹਾਂ ਦਾਖ਼ਲਾ ਪ੍ਰੀਖਿਆਵਾਂ ਨੂੰ ਲੈਕੇ ਵਿਦਿਆਰਥੀਆਂ ਵਿੱਚ ਵਿਸ਼ੇਸ਼ ਉਤਸ਼ਾਹ ਪਾਇਆ ਗਿਆ ਹੈ ਅਤੇ ਉਹ ਆਪਣੇ ਸੁਨਹਿਰੀ ਭਵਿੱਖ ਲਈ ਇਨ੍ਹਾਂ ਸਕੂਲਾਂ ਵਿੱਚ ਦਾਖ਼ਲਾ ਲੈਣ ਲਈ ਤਤਪਰ ਨਜ਼ਰ ਆ ਰਹੇ ਸਨ। ਇਸ ਮੌਕੇ ਤੇ ਸੁਮੇਸ਼ ਸ਼ਰਮਾਂ, ਜਗਜੀਤ ਸਿੰਘ ਜ਼ਿਲ੍ਹਾ ਮੈਨੇਜਰ ਪੰਜਾਬ ਸਕੂਲ ਸਿੱਖਿਆ ਬੋਰਡ ਆਦਿ ਹਾਜ਼ਰ ਸਨ।

# ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ’ਚ ‘ਆਪ’ ਦੀ ਮਹਾ ਰੈਲੀ ਦੌਰਾਨ ਦਿਲੀ ਦੇ ਰਾਮਲੀਲਾ ਮੈਦਾਨ ਵਿਚ ਅੰਮ੍ਰਿਤਸਰ ਦੇ ਡਾ ਇੰਦਰਬੀਰ ਸਿੰਘ ਨਿੱਜਰ ਜੀ ਦੀ ਅਗਵਾਈ ਹੇਠ ਪੁਜਿਆ ਵੱਡਾ ਕਾਫਲਾ




**ਅੰਮ੍ਰਿਤਸਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਹੋਏ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਪੂਰੇ ਦੇਸ਼ ਵਿੱਚ ਆਮ ਆਦਮੀ ਪਾਰਟੀ ਦੇ ਕਾਰੇਕਰਤਾ ਵੱਲੋਂ ਜੋ ਰੋਸ਼ ਕੀਤਾ ਜਾ ਰਿਹਾ ਇਸ ਨੂੰ ਵੇਖਦੇ ਹੋਏ ਅੱਜ ਅੰਮ੍ਰਿਤਸਰ ਤੋਂ ਵੀ ਐਮਐਲਏ ਡਾਕਟਰ ਇੰਦਰਬੀਰ ਸਿੰਘ ਜੀ ਨਿਜਰ ਦੀ ਅਗਵਾਈ ਹੇਠ ਕਾਫਿਲਾ ਦਿੱਲੀ ਦੀ ਰਾਮਲੀਲਾ ਗਰਾਊਂਡ ਵਿੱਚ ਪੁੱਜਿਆ ਜਿਸ ਦੇ ਵਿੱਚ ਸ਼ਹਿਰ ਦੇ ਅਲੱਗ ਅਲੱਗ ਇਲਾਕਿਆਂ ਤੋਂ ਵੱਡਾ ਇਕੱਠ ਪੁੱਜਿਆ ਇਸ ਮੌਕੇ ਤੇ ਪਲਵਿੰਦਰ ਸਿੰਘ ਪ੍ਰਿੰਸ ਸਰਕਲ ਇੰਚਾਰਜ ਵਾਰਡ ਨੰ 49 ਤੇ ਜ਼ਿਲ੍ਹਾਂ ਸਯੁੰਕਤ ਸਕੱਤਰ ਯੂਥ ਵਿੰਗ,ਕਾਲੀ ਚਰਨ ਜੀ ਬਲਾਕ ਇੰਚਾਰਜ, ਨਵਨੀਤ ਸ਼ਰਮਾ P.A,ਸਰਬਜੀਤ ਸਿੰਘ ਬਿੱਟੂ, ਸੁਰਿੰਦਰ ਕੁਮਾਰ ਪ੍ਰੇਮ,ਗਗਨਦੀਪ ਸਿੰਘ, ਦਵਿੰਦਰ ਆਦਿ ਨਾਲ ਮੌਜੂਦ ਸਨ।

# ਇੰਡੀਆ ਨਿਊਜ਼ ਪੰਜਾਬ ਦੇ ਪੱਤਰਕਾਰ ਕੰਵਲਜੋਤ ਸਿੰਘ ਨੂੰ ਹੜ੍ਹਾਂ ਦੀ ਸ਼ਾਨਦਾਰ ਕਵਰੇਜ ਲਈ ਮਿਲਿਆ ਗੋਲਡ ਮੈਡਲ




**ਸ੍ਰੀ ਅਨੰਦਪੁਰ ਸਾਹਿਬ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਈ.ਐਨ.ਬੀ.ਏ ਵੱਲੋਂ ਵੱਖ ਵੱਖ ਨੈਸ਼ਨਲ ਚੈਨਲਾਂ ਦੀ ਸਾਨਦਾਰ ਕਵਰੇਜ ਤੇ ਹੋਰ ਪ੍ਰੋਗਰਾਮਾਂ ਲਈ ਪੱਤਰਕਾਰ ਤੇ ਐਂਕਰਾਂ ਨੂੰ ਐਵਾਰਡ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ ਤੇ ਸਾਲ 2023 ਦੇ ਐਵਾਰਡਾਂ ਦੀ ਘੋਸ਼ਣਾ ਈ.ਐਨ.ਬੀ.ਏ ਵੱਲੋਂ ਬੀਤੀ ਰਾਤ ਕੀਤੀ ਗਈ।ਵੱਖ ਵੱਖ ਚੈਨਲਾਂ ਦੇ ਪੱਤਰਕਾਰਾਂ ਨੂੰ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਤੇ ਐਵਾਰਡ ਪ੍ਰਦਾਨ ਕੀਤੇ ਗਏ।ਇੰਡੀਆ ਨਿਊਜ ਪੰਜਾਬ ਦੇ ਨੌਜੁਆਨ ਪੱਤਰਕਾਰ ਕੰਵਲਜੋਤ ਸਿੰਘ ਨੂੰ ਬੀਤੇ ਵਰੇ ਪੰਜਾਬ ਚ’ ਆਏ ਹੜਾਂ ਦੀ ਸ਼ਾਨਦਾਰ ਕਵਰੇਜ ਕਰਨ ਬਦਲੇ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਜੋ ਪੰਜਾਬ ਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ।ਧਾਰਮਿਕ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ ਜੰਮਪਲ ਕੰਵਲਜੋਤ ਸਿੰਘ ਵੱਲੋਂ 2 ਕੁ ਸਾਲ ਪਹਿਲਾਂ ਹੀ ਇੰਡੀਆ ਨਿਊਜ ਪੰਜਾਬ ਲਈ ਪੱਤਰਕਾਰੀ ਸ਼ੁਰੂ ਕੀਤੀ ਗਈ ਸੀ ਤੇ ਆਪਣੀ ਮਿਹਨਤ ਤੇ ਕਾਬਲੀਅਤ ਦੇ ਬਲ ਤੇ ਕੁੱਝ ਸਮੇਂ ਵਿੱਚ ਹੀ ਉਨਾਂ ਵੱਲੋਂ ਆਪਣੀ ਇੱਕ ਅਲੱਗ ਪਹਿਚਾਨ ਬਣਾ ਲਈ ਗਈ।ਵੱਖ ਵੱਖ ਖੇਤਰਾਂ ਵਿੱਚ ਵਿਚਰਦਿਆਂ ਉਨਾਂ ਸਾਫ ਸੁੱਥਰੀ ਪੱਤਰਕਾਰੀ ਕਰਦਿਆਂ ਹਰ ਇੱਕ ਨੂੰ ਅਹਿਸਾਸ ਕਰਵਾ ਦਿੱਤਾ ਕਿ ਪੱਤਰਕਾਰੀ ਇਮਾਨਦਾਰੀ ਤੇ ਮਿਹਨਤ ਨਾਲ ਕੀਤੀ ਜਾਵੇ ਤਾਂ ਕੋਈ ਵੀ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ।ਬੀਤੇ ਵਰੇ ਪੰਜਾਬ ਭਰ ਚ’ ਆਏ ਹੜਾਂ ਦੀ ਕਵਰੇਜ ਪੱਤਰਕਾਰ ਕੰਵਲਜੋਤ ਸਿੰਘ ਵੱਲੋਂ ਪੂਰੀ ਮਿਹਨਤ ਤੇ ਤਨਦੇਹੀ ਨਾਲ ਕੀਤੀ ਗਈ ਤੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਉਨਾਂ ਖੇਤਰ ਦੀ ਰਿਪੋਰਟਿੰਗ ਵੀ ਕੀਤੀ ਗਈ ਜਿੱਥੇ ਪ੍ਰਸ਼ਾਸ਼ਨਿਕ ਅਧਿਕਾਰੀ ਵੀ ਨਹੀਂ ਸਨ ਪਹੁੰਚ ਸਕੇ।ਹੜਾਂ ਵਿੱਚ ਫਸੇ ਲੋਕਾਂ ਦੀ ਸਮੇਂ ਸਿਰ ਜਾਣਕਾਰੀ ਦੇ ਕੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਪ੍ਰਭਾਵਿਤ ਲੋਕਾਂ ਤੱਕ ਪਹੁੰਚਾ ਕੇ ਕੰਵਲਜੋਤ ਸਿੰਘ ਨੇ ਸ਼ਲਾਘਾਯੋਗ ਕਾਰਜ ਕੀਤਾ ਜਿਸ ਬਦਲੇ ਈ.ਐਨ.ਬੀ.ਏ ਵੱਲੋਂ ਉਨਾਂ ਨੂੰ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

# ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਹਰ ਸਮੇਂ ਲੋੜਵੰਦਾਂ ਦੀ ਮਦਦ ਲਈ ਤਿਆਰ, ਵਿਨੇ ਸ਼ਰਮਾ



**ਪਟਿਆਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਸੇਰਮਾਜਰਾ ਪਿੰਡ ਦੀ ਲੋੜਵੰਦ ਲੜਕੀ ਦੇ ਵਿਆਹ ਲਈ ਇਕਵੰਜਾ ਬਰਤਨ ਦਾ ਸੈੱਟ ਅਤੇ ਜਰੂਰਤ ਦਾ ਸਾਮਾਨ ਦਿੱਤਾ ਗਿਆ। ਸਮਾਜ ਸੇਵਿਕਾ ਰੁਪਿੰਦਰ ਕੌਰ ਦੀ ਪ੍ਰੇਰਣਾ ਸਦਕਾ ਸਪਿਤਰ ਸਿੰਘ ਮੋਰਿੰਡਾ, ਸੰਦੀਪ ਸਿੰਘ ਭੱਟੀ ਚਮਕੌਰ ਸਾਹਿਬ, ਹਰਪ੍ਰੀਤ ਕੌਰ, ਮਨਪ੍ਰੀਤ ਕੌਰ ਭਟੋਏ ਵਲੋਂ ਵਿਆਹ ਲਈ ਕਪੜੇ ਅਤੇ ਮਾਲੀ ਸਹਾਇਤਾ ਦਿੱਤੀ ਗਈ, ਜਿਸ ਵਿਸ਼ੇਸ਼ ਤੌਰ ਤੇ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ,ਸਾਗਰ ਅਰੋੜਾ, ਰੁਦਰਪ੍ਰਤਾਪ ਸਿੰਘ,ਲੱਕੀ ਹਰਦਾਸਪੁਰ ਵਲੋਂ ਵੀ ਸਹਿਯੋਗ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਕਿਹਾ ਕਿ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵਲੋਂ ਲੋੜਵੰਦਾਂ ਪਰਿਵਾਰਾਂ ਦੀ ਮਦਦ ਕਰਨਾ ਸਭ ਤੋਂ ਉੱਤਮ ਸਮਾਜ ਸੇਵਾ ਹੈ ।ਉਹਨਾਂ ਕਿਹਾ ਕਿ ਸੰਸਥਾ ਮੁਖੀ ਵਿਨੈ ਸ਼ਰਮਾ ਵਲੋਂ ਸਮੇਂ ਸਮੇਂ ਸਿਰ ਲੋੜਵੰਦ ਲੜਕੀਆਂ ਦੇ ਵਿਆਹਾ ਵਿਚ ਮਦਦ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ, ਲੋੜਵੰਦ ਮਰੀਜ਼ਾਂ ਲਈ ਵੀਲਚੇਅਰ, ਟਰਾਈਸਾਈਕਲ, ਮੁਫ਼ਤ ਦਵਾਈਆਂ , ਲੋੜਵੰਦ ਬੱਚਿਆਂ ਲਈ ਵਰਦੀਆਂ, ਕਿਤਾਬਾਂ,ਕਾਪੀਆਂ,ਪੜਾਈ ਲਈ ਫੀਸ ਆਦਿ ਦੀ ਮਦਦ ਕੀਤੀ ਜਾਂਦੀ ਹੈ।

# ਵਰਕਸ਼ਾਪ 'ਚ ਸਵੱਛਤਾ ਹੀ ਸੇਵਾ ਅਤੇ 'ਮੇਰਾ ਪਹਿਲਾ ਵੋਟ ਦੇਸ਼ ਲਈ' 'ਤੇ ਜ਼ੋਰ ਦਿੱਤਾ ਗਿਆ

**ਮੁਹਾਲੀ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨ ਦੇ ਸੰਦੇਸ਼ 'ਮੇਰਾ ਪਹਿਲਾ ਵੋਟ ਦੇਸ਼ ਲਈ' ਨੂੰ ਪਹਿਲੀ ਵਾਰ ਬਣੇ ਵੋਟਰਾਂ ਤੱਕ ਪਹੁੰਚਾਉਣ ਲਈ; ਸ਼ਹੀਦ ਮੇਜਰ ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਮੋਹਾਲੀ ਵਿਖੇ ਅੱਜ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੀ ਸਰਪ੍ਰਸਤੀ ਹੇਠ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇੱਕ ਰੋਜ਼ਾ ਰਾਸ਼ਟਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਰਾਸ਼ਟਰੀ ਸੇਵਾ ਯੋਜਨਾ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੀ ਖੇਤਰੀ ਡਾਇਰੈਕਟਰ ਸ਼੍ਰੀਮਤੀ ਹਰਿੰਦਰ ਕੌਰ ਨੇ ਸ਼ਮ੍ਹਾਂ ਰੌਸ਼ਨ ਕਰਕੇ ਰਾਸ਼ਟਰੀ ਵਰਕਸ਼ਾਪ ਦੀ ਸ਼ੁਰੂਆਤ ਕੀਤੀ। ਮੁੱਖ ਮਹਿਮਾਨ ਹਰਿੰਦਰ ਕੌਰ ਨੇ ਰਾਸ਼ਟਰੀ ਸੇਵਾ ਯੋਜਨਾ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵੋਟ ਦੇ ਅਧਿਕਾਰ ਅਤੇ ਸਵੱਛਤਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਰਾਸ਼ਟਰੀ ਵਰਕਸ਼ਾਪ ਦਾ ਵਿਸ਼ਾ ਸਵੱਛਤਾ ਅਤੇ ਵੋਟਿੰਗ ਨੂੰ ਉਤਸ਼ਾਹਿਤ ਕਰਨ ਲਈ 'ਸਵੱਛਤਾ ਹੀ ਸੇਵਾ' ਅਤੇ 'ਮੇਰਾ ਪਹਿਲਾ ਵੋਟ ਦੇਸ਼ ਕੋ' 'ਤੇ ਆਧਾਰਿਤ ਹੈ। ਕਾਲਜ ਪ੍ਰਿੰਸੀਪਲ ਸ਼੍ਰੀਮਤੀ ਹਰਜੀਤ ਗੁਜਰਾਲ ਨੇ ਐਨ.ਐਸ.ਐਸ. ਦੇ ਸਾਰੇ ਵਿਦਿਆਰਥੀਆਂ ਨੂੰ ਲੋਕਤੰਤਰ ਦੀ ਮਜ਼ਬੂਤੀ ਲਈ ਵੋਟ ਪਾਉਣ ਲਈ ਪ੍ਰੇਰਿਤ ਕਰਨ ਅਤੇ ਸਵੱਛਤਾ ਮੁਹਿੰਮ ਨੂੰ ਇੱਕ ਮੁਹਿੰਮ ਵਜੋਂ ਅੱਗੇ ਲਿਜਾਣ ਦਾ ਬੀੜਾ ਚੁੱਕਣ ਲਈ ਪ੍ਰੇਰਿਆ। ਇਸ ਵਰਕਸ਼ਾਪ ਵਿੱਚ ਵੱਖ-ਵੱਖ ਕਾਲਜਾਂ ਦੇ ਸਿੱਖਿਆ ਸ਼ਾਸਤਰੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਵਿਦਿਆਰਥੀਆਂ ਵਿੱਚ ਵੋਟ ਸਬੰਧੀ ਜਾਗਰੂਕਤਾ ਅਤੇ ਸਵੱਛਤਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ।




ਇਸੇ ਲੜੀ ਤਹਿਤ ਮੁਹਾਲੀ ਦੇ ਜ਼ਿਲ੍ਹਾ ਸਵੀਪ ਨੋਡਲ ਪ੍ਰੋ: ਗੁਰਬਖਸ਼ੀਸ਼ ਸਿੰਘ ਨੇ ਵੋਟਿੰਗ ਜਾਗਰੂਕਤਾ ਅਤੇ 'ਮੇਰਾ ਪਹਿਲਾ ਵੋਟ ਦੇਸ਼ ਲਈ' ਵਿਸ਼ੇ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਆਪਣੀ ਵੋਟ ਪ੍ਰਤੀ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀਮਤੀ ਆਸ਼ਿਕਾ ਜੈਨ ਦੀ ਨਿਵੇਕਲੀ ਪਹਿਲਕਦਮੀ ਤਹਿਤ ਜ਼ਿਲ੍ਹਾ ਸਵੀਪ ਟੀਮ ਨੇ ਆਈ.ਪੀ.ਐਲ ਮੈਚਾਂ ਅਤੇ ਹੋਲੀ ਦੇ ਜਸ਼ਨਾਂ ਦੌਰਾਨ ਵੋਟ ਦੇ ਅਧਿਕਾਰ ਦੀ ਵਰਤੋਂ ਨੂੰ ਸਫ਼ਲਤਾਪੂਰਵਕ ਪ੍ਰਚਾਰਿਆ ਹੈ। ਵੋਟਿੰਗ ਜਾਗਰੂਕਤਾ ਅਤੇ ਸਵੱਛਤਾ ਹੀ ਸੇਵਾ ਸਬੰਧੀ ਰੈਲੀ ਵੀ ਕੱਢੀ ਗਈ ਅਤੇ ਅੰਤ ਵਿੱਚ ਐਨ.ਐਸ.ਐਸ ਵਲੰਟੀਅਰਾਂ ਵੱਲੋਂ ਸਵੱਛਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਸਮਾਗਮ 'ਚ ਆਲੇ-ਦੁਆਲੇ ਦੇ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਲਗਭਗ 750 ਵਲੰਟੀਅਰਾਂ ਦੀ ਰਜਿਸਟ੍ਰੇਸ਼ਨ ਸਫਲਤਾਪੂਰਵਕ ਕੀਤੀ ਗਈ।

ਅੰਤ ਵਿੱਚ ਕਾਲਜ ਦੇ ਪ੍ਰੋਫੈਸਰ ਅਤੇ ਐਨ ਐਸ ਐਸ ਪ੍ਰੋਗਰਾਮ ਅਫਸਰ ਅਸ਼ੀਸ਼ ਕੁਮਾਰ ਬਾਜਪਾਈ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਬੁਲਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਵੱਖ-ਵੱਖ ਕਾਲਜਾਂ ਤੋਂ ਆਏ ਸਾਰੇ ਐਨ ਐਸ ਐਸ ਵਲੰਟੀਅਰਾਂ ਦਾ ਇਸ ਪ੍ਰੋਗਰਾਮ ਵਿੱਚ ਆਉਣ ਲਈ ਧੰਨਵਾਦ ਕੀਤਾ। ਇਸ ਮੌਕੇ 01 ਜੂਨ, 2024 ਨੂੰ ਆਉਣ ਵਾਲੇ ਲੋਕਤੰਤਰ ਦੇ ਤਿਉਹਾਰ ਵਿੱਚ, ਪਹਿਲੀ ਵਾਰ ਵੋਟ ਪਾਉਣ ਵਾਲੇ ਸਾਰੇ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਸਹੁੰ ਚੁਕਾਈ ਗਈ। ਪਹਿਲੀ ਵਾਰ ਬਣੇ ਵੋਟਰਾਂ ਨੂੰ ਵੋਟਿੰਗ ਦੇ ਅਧਿਕਾਰਾਂ ਦਾ ਪ੍ਰਚਾਰ ਕਰਨ ਵਾਲੀਆਂ ਕੈਪਾਂ ਅਤੇ ਟੀ-ਸ਼ਰਟਾਂ ਵੀ ਵੰਡੀਆਂ ਗਈਆਂ।

ਇਸ ਮੌਕੇ ਚੋਣ ਤਹਿਸੀਲਦਾਰ ਸੰਜੇ ਕੁਮਾਰ ਵੀ ਮੌਜੂਦ ਸਨ।

# ਸ਼ਹਿਰ 'ਚ ਨਾਜਾਇਜ਼ ਉਸਾਰੀਆਂ ਧੜੱਲੇ ਨਾਲ ਜਾਰੀ

**ਜ਼ੀਰਕਪੁਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਵਿੱਚ ਲਗਾਤਾਰ ਨਿਯਮਾਂ ਤੋਂ ਉਲਟ ਕੀਤੀਆਂ ਜਾ ਰਹੀਆਂ ਨਾਜਾਇਜ਼ ਉਸਾਰੀਆਂ ਨੂੰ ਨਗਰ ਕੌਂਸਲ ਵੱਲੋਂ ਰੋਕਿਆ ਨਹੀਂ ਜਾ ਰਿਹਾ ਜਿਸ ਕਾਰਨ ਪਹਿਲਾਂ ਤੋਂ ਹੀ (ਅਰਬਨ ਸਲਮ) ਸ਼ਹਿਰੀ ਬਸਤੀ ਦੇ ਨਾਮ ਨਾਲ ਜਾਣੇ ਜਾਂਦੇ ਜ਼ੀਰਕਪੁਰ ਸ਼ਹਿਰ ਵਿੱਚ ਬੇਤਰਤੀਬੇ ਵਿਕਾਸ ਕਾਰਨ ਲੋਕਾਂ ਨੂੰ ਮੁਸ਼ਕਲਾਂ ਬੁਨਿਆਦੀ ਸਹੂਲਤਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਰਕਾਰ ਵੱਲੋਂ ਬਿਨਾਂ ਮਾਨਤਾ ਪ੍ਰਾਪਤ ਪ੍ਰੋਜੈਕਟਾਂ ਵਿੱਚ ਜੀ+2, ਐਸ+3 ਫਲੈਟਾਂ ਦੀ ਰਜਿਸਟਰੀਆਂ ਤੇ ਰੋਕ ਲਗਾਉਣ ਤੋਂ ਇਲਾਵਾ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਨਗਰ ਕੌਂਸਲਾਂ ਨੂੰ ਉਕਤ ਉਸਾਰੀਆਂ ਸੰਬਧੀ ਐਨ.ਓ.ਸੀ ਦੇਣਾ ਬੰਦ ਕੀਤਾ ਹੋਇਆ ਹੈ।


ਸਵਾਲਾਂ ਦੇ ਘੇਰੇ ਵਿੱਚ ਕੀਤੀ ਗਈ ਉਸਾਰੀ ਦੀ ਤਸਵੀਰ

ਇਸ ਦੇ ਬਾਵਜੂਦ ਬਿਲਡਰਾਂ ਵੱਲੋਂ ਜ਼ੀਰਕਪੁਰ ਦੀ ਹਦੂਦ ਅੰਦਰ ਮਿਲੀਭੁਗਤ ਰਾਹੀਂ ਜੀ+2, ਐਸ+3 ਫਲੈਟਾਂ ਦੀ ਉਸਾਰੀ ਬਾਦਸਤੂਰ ਜਾਰੀ ਹੈ। ਪੰਜਾਬ ਦੇ ਮੁੱਖਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਜ਼ੀਰਕਪੁਰ ਸ਼ਹਿਰ ਦੇ ਲੋਕਾਂ ਨੂੰ ਦਰਪੇਸ਼ ਆ ਰਹੀਆਂ ਮੁਢਲੀਆਂ ਸਹੂਲਤਾਂ ਦੀ ਸਮੱਸਿਆਵਾਂ ਦੇ ਮੱਦੇਨਜ਼ਰ ਇੱਕ ਪਲਾਟ 'ਤੇ 3 ਮੰਜ਼ਿਲਾ ਫਲੈਟ ਉਸਾਰੀ 'ਤੇ ਰੋਕ ਲਗਾਈ ਹੋਈ ਹੈ ਇਸ ਦੇ ਬਾਵਜੂਦ ਸ਼ਹਿਰ ਵਿੱਚ ਨਜਾਇਜ ਕਲੋਨੀਆਂ ਕੱਟ ਨਗਰ ਕੌਂਸਲ ਤੋਂ ਤਿੰਨ ਮੰਜ਼ਿਲਾ ਮਕਾਨ ਦੇ ਨਕਸ਼ਾ ਪਾਸ ਕਰਵਾ ਉਸਾਰੀ ਨਿਯਮਾਂ ਦੇ ਉਲਟ ਨਜਾਇਜ਼ ਤੌਰ ਤੇ ਜੀ+2, ਐਸ+3 ਫਲੈਟਾਂ ਦਾ ਉਸਾਰੀ ਕਾਰਜ ਜਾਰੀ ਹਨ। ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਧੜੱਲੇ ਨਾਲ ਨਜਾਇਜ ਉਸਾਰੀਆਂ ਹੋ ਰਹੀਆਂ ਹਨ ਤੇ ਨਗਰ ਕੌਂਸਲ ਪ੍ਰਸ਼ਾਸ਼ਨ ਮੂਕ ਦਰਸ਼ਕ ਬਣਿਆ ਹੋਇਆ ਹੈ। ਜਾਣਕਾਰੀ ਅਨੁਸਾਰ ਸ਼ਹਿਰ ਦੇ ਕਈ ਇਲਾਕਿਆਂ ਵਿਚ ਬਿਨਾਂ ਨਕਸ਼ਾ ਪਾਸ ਕਰਵਾਏ ਜਾਂ ਫਿਰ ਨਕਸ਼ੇ ਤੋਂ ਉਲਟ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਇਨਾਂ ਵਿਚ ਘਰੇਲੂ ਨਕਸ਼ੇ ਪਾਸ ਕਰਵਾਏ ਵਪਾਰਕ ਉਸਾਰੀਆਂ ਕਰਨ ਦਾ ਮਾਮਲੇ ਜਿਆਦਾ ਹਨ। ਨਜਾਇਜ ਉਸਾਰੀਆਂ ਨੂੰ ਜਿਥੇ ਸਿਆਸੀ ਆਗੂਆਂ ਦੀ ਕਥਿਤ ਸ਼ੈਅ ਦੱਸੀ ਜਾ ਰਹੀ ਹੈ ਉਥੇ ਹੀ ਵੱਡੇ-ਵੱਡੇ ਸ਼ੋਅਰੂਮ ਤਿਆਰ ਹੋਣ ਤੋਂ ਬਾਅਦ ਵੀ ਕੌਂਸਲ ਦੇ ਅਧਿਕਾਰੀਆਂ ਦੀ ਨਜ਼ਰ ਨਾ ਪੈਣਾ ਵੀ ਕਈ ਸਵਾਲ ਖੜੇ ਕਰਦਾ ਹੈ। ਬੀਲਡਰ ਨਗਰ ਕੌਂਸਲ ਤੋਂ ਪਲਾਟਾਂ ਤੇ ਕੋਠੀਆਂ ਬਣਾਉਣ ਲਈ ਨਕਸ਼ੇ ਪਾਸ ਕਰਵਾ ਧੜੱਲੇ ਨਾਲ ਫਲੈਟਾਂ ਦੀ ਉਸਾਰੀ ਕਰ ਰਹੇ ਹਨ। ਨਗਰ ਕੌਂਸਲਾਂ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਪੰਜਾਬ ਸਰਕਾਰ ਨੇ ਆਨਲਾਈਨ ਫੀਸਾਂ ਤੇ ਨਕਸ਼ੇ ਪਾਸ ਕਰਨ ਦੀ ਪਾਲਸੀ ਬਣਾ ਕੇ ਇਹ ਕੰਮ ਆਰਕੀਟੈਕਟ ਦੇ ਹਵਾਲੇ ਕਰ ਦਿੱਤਾ ਸੀ ਪ੍ਰੰਤੂ ਤਿੰਨ ਮੰਜ਼ਿਲਾ ਫਲੈਟ ਬਣਾ ਕੇ ਵੇਚਣ ਵਾਲੇ ਬੀਲਡਰ ਸਰਕਾਰ ਦੇ ਸੁਪਨੇ ਨੂੰ ਚਕਨਾਚੂਰ ਕਰਨ ਲੱਗੇ ਹੋਏ ਹਨ। ਹਾਲਾਂਕਿ ਸਰਕਾਰ ਵੱਲੋਂ 3 ਮੰਜ਼ਿਲਾ ਫਲੈਟਾਂ ਦੀਆਂ ਰਜਿਸਟਰੀਆਂ ਤੇ ਰੋਕ ਲਗਾਈ ਗਈ ਹੈ ਜਿਸ ਤੋਂ ਬਾਅਦ ਲੋਕਾਂ ਦੀ ਲੁੱਟ 'ਤੇ ਇਨ੍ਹਾਂ ਫਲੈਟਾਂ ਨੂੰ ਖਰੀਦਣ ਵਾਲਿਆਂ ਨੂੰ ਬਾਅਦ ਵਿੱਚ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਮਿਲ ਸਕੇ। ਜ਼ਿਕਰਯੋਗ ਹੈ ਕਿ ਜ਼ੀਰਕਪੁਰ ਚ ਪਿਛਲੇ 15 ਸਾਲਾਂ ਤੋਂ ਲੋਕਾਂ ਨੂੰ ਤਿੰਨ ਮੰਜਲਾ ਫਲੈਟ ਵੇਚਣ ਦੇ ਨਾਂਮ ਤੇ ਲੁੱਟਿਆ ਜਾ ਰਿਹਾ ਸੀ ਜਿਸ ਵਿੱਚ ਮਾਲ ਮਹਿਕਮਾਂ, ਨਗਰ ਕੌਂਸਲ ਦੇ ਬਿਲਡਿੰਗ ਵਿਭਾਗ ਅਤੇ ਸਥਾਨਕ ਸਰਕਾਰਾਂ ਦੇ ਅਧਿਕਾਰੀਆਂ ਦੇ ਨਾਲ-ਨਾਲ ਸਥਾਨਕ ਸਿਆਸਤਦਾਨ ਵੀ ਸ਼ਾਮਲ ਰਹੇ ਹਨ।ਪੰਜਾਬ ਸਰਕਾਰ ਵੱਲੋਂ ਰੋਕ ਦੇ ਬਾਵਜੂਦ ਨਜਾਇਜ ਤੌਰ ਤੇ ਘਰੇਲੂ ਨਕਸ਼ੇ ਪਾਸ ਕਰਵਾ ਕੇ ਉਸਾਰੀ ਕਨੂੰਨ ਨੂੰ ਛਿੱਕੇ ਟੰਗ ਫਲੈਟ ਤਿਆਰ ਕੀਤੇ ਜਾ ਰਹੇ ਹਨ। ਸ਼ਹਿਰ ਵਿੱਚ ਥਾਂ-ਥਾਂ 'ਤੇ ਘਰੇਲੂ ਨਕਸ਼ਾ ਪਾਸ ਕਰਵਾ ਫਲੈਟਾਂ ਦੀ ਉਸਾਰੀ ਜ਼ੋਰਾਂ 'ਤੇ ਹੈ। ਇਸੇ ਤਰ੍ਹਾਂ ਸਹਿਰ ਦੇ ਵੱਖ ਵੱਖ ਖੇਤਰਾਂ ਵਿਚ ਨਜਾਇਜ ਦੁਕਾਨਾਂ, ਸ਼ੋਰੂਮਾਂ ਅਤੇ ਹੋਰ ਵਪਾਰਕ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ। ਨਗਰ ਕੌਂਸਲ ਦੇ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਸ਼ਹਿਰ ਵਿੱਚ ਕਿਸੇ ਵੀ ਨਜਾਇਜ ਉਸਾਰੀ ਦਾ ਪਤਾ ਲੱਗਿਆ ਸੀ ਉਸਨੂੰ ਰੁਕਵਾ ਕੇ ਸਮਾਨ ਜਬਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਲਾਕੇ ਵਿਚ ਪੂਰੀ ਨਜ਼ਰ ਰੱਖੀ ਜਾ ਰਹੀ ਹੈ, ਜੇ ਕਿਤੇ ਉਸਾਰੀ ਹੋਈ ਹੈ ਤਾਂ ਉਸ 'ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ।

# ਪੰਜਾਬ ਪੁਲਿਸ ਨੂੰ ਨਸ਼ਿਆਂ ਖਿਲਾਫ ਵੱਡੀ ਕਾਮਯਾਬੀ, 2 ਕਿਲੋ ਹੈਰੋਇਨ ਸਮੇਤ 3 ਤਸਕਰ ਗ੍ਰਿਫਤਾਰ



**ਅੰਮ੍ਰਿਤਸਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਭਿੱਖੀਵਿੰਡ ਦੀ ਪੁਲਿਸ ਨੇ 3 ਸਮੱਗਲਰਾਂ ਨੂੰ ਗ੍ਰਿਫਤਾਰ ਕਰਕੇ 2 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਅੰਤਰਰਾਸ਼ਟਰੀ ਬਾਜ਼ਾਰ 'ਚ ਇਸ ਦੀ ਕੀਮਤ ਕਰੀਬ 10 ਕਰੋੜ ਰੁਪਏ ਦੱਸੀ ਜਾ ਰਹੀ ਹੈ।
ਪੁਲਿਸ ਨੇ ਕੁੱਲ 4 ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰਕੇ ਗ੍ਰਿਫਤਾਰ ਕੀਤੇ ਗਏ 3 ਦੋਸ਼ੀਆਂ ਦਾ ਮਾਨਯੋਗ ਅਦਾਲਤ ਤੋਂ ਰਿਮਾਂਡ ਹਾਸਲ ਕਰ ਲਿਆ ਹੈ, ਤਾਂ ਜੋ ਹੋਰ ਪੁੱਛਗਿੱਛ ਕੀਤੀ ਜਾ ਸਕੇ। ਫਿਲਹਾਲ ਪੁਲਸ ਮੌਕੇ ਤੋਂ ਫਰਾਰ ਚੌਥੇ ਦੋਸ਼ੀ ਦੀ ਭਾਲ ਕਰ ਰਹੀ ਹੈ।

ਡੀ.ਐਸ.ਪੀ. ਭਿੱਖੀਵਿੰਡ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਐਸ.ਐਸ.ਪੀ. ਅਸ਼ਵਨੀ ਕਪੂਰ ਦੇ ਆਦੇਸ਼ਾਂ 'ਤੇ ਲਗਾਤਾਰ ਨਸ਼ਾ ਵਿਰੋਧੀ ਮੁਹਿੰਮ ਚਲਾਈ ਜਾ ਰਹੀ ਹੈ।

ਵੱਖ-ਵੱਖ ਥਾਵਾਂ 'ਤੇ ਗਸ਼ਤ ਕਰਦੇ ਹੋਏ ਥਾਣਾ ਭਿੱਖੀਵਿੰਡ ਦੀ ਪੁਲਸ ਨੇ ਐਕਟਿਵਾ ਸਵਾਰ ਅਜੇ ਪੁੱਤਰ ਸੁਖਦੇਵ ਸਿੰਘ ਵਾਸੀ ਖੇਮਕਰਨ ਅਤੇ ਆਸ਼ੀਸ਼ ਉਰਫ ਆਸ਼ੂ ਪੁੱਤਰ ਵਿਜੇ ਮਸੀਹ ਵਾਸੀ ਖੇਮਕਰਨ ਨੂੰ ਕਾਬੂ ਕਰ ਕੇ ਉਨ੍ਹਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 2 ਕਿਲੋ ਹੈਰੋਇਨ ਬਰਾਮਦ ਹੋਈ। ਕਾਬੂ ਕੀਤੇ ਮੁਲਜ਼ਮਾਂ ਕੋਲੋਂ ਪੁੱਛਗਿੱਛ ਕਰਨ 'ਤੇ ਦੋ ਹੋਰ ਮੁਲਜ਼ਮਾਂ ਬਲਬੀਰ ਸਿੰਘ ਉਰਫ਼ ਬਲਜਿੰਦਰ ਬਿੱਲੂ ਪੁੱਤਰ ਸੇਵਕ ਸਿੰਘ ਵਾਸੀ ਮਾੜੀ ਉਦੋਕੇ, ਸਾਜਨ ਉਰਫ਼ ਲੱਕੀ ਪੁੱਤਰ ਬੋਹੜ ਸਿੰਘ ਵਾਸੀ ਖੇਮਕਰਨ ਦੇ ਨਾਂ ਸਾਹਮਣੇ ਆਏ। ਇਸ ਤੋਂ ਬਾਅਦ ਸਾਜਨ ਨਾਮ ਦੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੁਣ ਬਲਜਿੰਦਰ ਸਿੰਘ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਰਾਜ ਕੁਮਾਰ ਹੈਡ ਸਿੰਗਨੇਲਰ ਦੇ ਸੇਵਾ ਮੁਕਤੀ 'ਤੇ ਸਨਮਾਨਿਤ



**ਪਟਿਆਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਹਿਰੀ ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ, ਲਹਿਲ ਮੰਡਲ ਆਈ.ਬੀ, ਪਟਿਆਲਾ ਵਿਚੋਂ ਸ੍ਰੀ ਰਾਜ ਕੁਮਾਰ ਹੈਡ ਸਿੰਗਨੇਲਰ ਦੇ ਸੇਵਾ ਮੁਕਤੀ ਤੇ ਮਹਿਕਮੇ ਵਲੋਂ ਸ੍ਰੀ ਅਮਰਬੀਰ ਵਾਲੀਆ (ਸਰਕਲ ਸੁਪਰਡੈਂਟ), ਸ੍ਰੀ ਰਾਜੇਸ਼ ਕੁਮਾਰ (ਮੰਡਲ ਸੁਪਰਡੈਂਟ), ਜਗਪ੍ਰੀਤ ਸਿੰਘ ਮਹਾਜਨ (ਸੂਬਾ ਪ੍ਰੈਸ ਸਕੱਤਰ), ਅਕਵਿੰਦਰ (ਸੀ:ਸਹਾਇਕ), ਰਾਜ ਕੁਮਾਰ, ਮਨਦੀਪ ਕੌਰ, ਪ੍ਰਦੀਪ ਕੁਮਾਰ, ਊਪਨੈਨ ਅਤੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ।

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਚੰਡੀਗੜ੍ਹ ਪ੍ਰੈੱਸ ਕਲੱਬ ਦਾ ਦੌਰਾ

# ਪਾਰਦਰਸ਼ੀ, ਆਜ਼ਾਦ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਪ੍ਰੈਸ ਦੀ ਅਹਿਮ ਭੂਮਿਕਾ 'ਤੇ ਦਿੱਤਾ ਜ਼ੋਰ



**ਚੰਡੀਗੜ੍ਹ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਚੰਡੀਗੜ੍ਹ ਪ੍ਰੈਸ ਕਲੱਬ ਦੇ ਅਹੁਦੇਦਾਰਾਂ ਦੀ ਸਾਲਾਨਾ ਚੋਣ ਦੇ ਸਬੰਧ ਵਿੱਚ ਚੰਡੀਗੜ੍ਹ ਪ੍ਰੈਸ ਕਲੱਬ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਕਲੱਬ ਵੱਲੋਂ ਅਹੁਦੇਦਾਰਾਂ ਦੀ ਚੋਣ ਲਈ ਪੂਰੀ ਤਰ੍ਹਾਂ ਜਮਹੂਰੀ ਪ੍ਰਕਿਰਿਆ ਅਪਣਾਉਣ ਦੀ ਸ਼ਲਾਘਾ ਕੀਤੀ।

ਸਿਬਿਨ ਸੀ ਨੇ ਪਾਰਦਰਸ਼ੀ, ਆਜ਼ਾਦ ਅਤੇ ਨਿਰਪੱਖ ਚੋਣਾਂ ਨੂੰ ਯਕੀਨੀ ਬਣਾਉਣ ਲਈ ਪ੍ਰੈਸ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੱਤਾ।

ਉਨ੍ਹਾਂ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਚੋਣ ਕਮਿਸ਼ਨ ਦੀਆਂ ਅੱਖਾਂ ਅਤੇ ਕੰਨਾਂ ਵਜੋਂ ਕੰਮ ਕਰਨ ਤਾਂ ਜੋ ਪੰਜਾਬ ਭਰ ਵਿੱਚ ਆਦਰਸ਼ ਚੋਣ ਜ਼ਾਬਤੇ ਦੇ ਦਿਸ਼ਾ-ਨਿਰਦੇਸ਼ਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਨੇ ਪੱਤਰਕਾਰਾਂ ਨੂੰ ਚੋਣ ਜ਼ਾਬਤੇ ਦੀ ਕਿਸੇ ਵੀ ਉਲੰਘਣਾ ਦੀ ਰਿਪੋਰਟ ਕਰਨ ਵਾਸਤੇ 'ਸੀ-ਵਿਜਿਲ' ਐਪਲੀਕੇਸ਼ਨ ਬਾਰੇ ਨਾਗਰਿਕਾਂ ਵਿੱਚ ਜਾਗਰੂਕਤਾ ਵਧਾਉਣ ਵਿੱਚ ਸਹਿਯੋਗ ਦੇਣ ਲਈ ਕਿਹਾ।

ਇਸ ਦੌਰਾਨ ਮੌਜੂਦ ਪੱਤਰਕਾਰਾਂ ਵੱਲੋਂ ਲੋਕ ਸਭਾ ਚੋਣਾਂ-2024 ਵਿੱਚ ਚੋਣ ਡਿਊਟੀ 'ਤੇ ਤਾਇਨਾਤ ਮੀਡੀਆ ਕਰਮੀਆਂ ਲਈ ਪੋਸਟਲ ਬੈਲਟ ਰਾਹੀਂ ਵੋਟ ਪਾਉਣ ਦੀ ਸਹੂਲਤ ਦੇਣ ਵਾਸਤੇ ਚੋਣ ਕਮਿਸ਼ਨ ਵੱਲੋਂ ਚੁੱਕੇ ਗਏ ਕਦਮ ਦੀ ਸ਼ਲਾਘਾ ਕੀਤੀ ਗਈ ਅਤੇ ਸਿਬਿਨ ਸੀ ਵੱਲੋਂ ਪ੍ਰੈਸ ਕਲੱਬ ਦਾ ਦੌਰਾ ਕਰਨ ਲਈ ਧੰਨਵਾਦ ਕੀਤਾ ਗਿਆ।

# ਪਿੰਡ ਗੁਣੀਕੇ ਨਾਭਾ ਵਿਖੇ ਖੁਸ਼ੀ 'ਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ



**ਨਾਭਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਰਿਆਸਤੀ ਸ਼ਹਿਰ ਨਾਭਾ ਦੇ ਨਜ਼ਦੀਕ ਪੈਂਦੇ ਪਿੰਡ ਗੁਣੀਕੇ ਵਿੱਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਜੀ ਦੇ ਭੋਗ ਖੁਸ਼ੀ ਤੌਰ 'ਤੇ ਪਾਇਆ।

ਇਸ ਮੌਕੇ ਪ੍ਰਧਾਨ ਗੁਰਚਰਨ ਸਿੰਘ ਸੇਖੋਂ ਲੁਹਾਰ ਮਾਜਰਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਹਾਜ਼ਰੀ ਲਗਵਾਈ।ਇਸ ਮੌਕੇ ਨਗਰ ਨਿਵਾਸੀ ਪਿੰਡ ਗੁਣੀਕੇ ਵੱਲੋਂ ਸਿਰੋਪਾ ਪਾਕੇ ਸਵਾਗਤ ਕੀਤਾ ਗਿਆ।ਇਸ ਮੌਕੇ ਚਮਕੌਰ ਸਿੰਘ ਸਰਪੰਚ, ਜਗਦੀਪ ਸਿੰਘ, ਬਖਸ਼ੀਸ਼ ਸਿੰਘ, ਸਰਬਜੀਤ ਸਿੰਘ ਜੇ.ਈ. ਬਿਜਲੀ ਬੋਰਡ ਕੋਟ ਖੁਰਦ, ਗੁਰਜੰਟ ਸਿੰਘ ਘਨੂੰੜਕੀ ਵਾਲੇ ਬਾਬਾ ਜੀ ਦੇ ਪਿਤਾ, ਸ਼ਮਸ਼ੇਰ ਸਿੰਘ,ਗੁਰਜੰਟ ਸਿੰਘ ਅੱਚਲ ਹਾਜ਼ਰ ਸਨ।

# 13ਵਾਂ ਇਨਕਲਾਬੀ ਨਾਟਕ ਮੇਲਾ 7 ਅਪ੍ਰੈਲ ਨੂੰ ਹੋਵੇਗਾ : ਜੱਸੀ ਸੋਹੀਆਂ ਵਾਲਾ

**ਨਾਭਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਆਜ਼ਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਰਜਿ. ਨਾਭਾ ਵਲੋਂ ਯੂਥ ਕਲਚਰ ਐਂਡ ਵੈਲਫੇਅਰ ਕਲੱਬ ਦੇ ਸਹਿਯੋਗ ਨਾਲ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਗੁਰੂ ਤੇਗ ਬਹਾਦਰ ਨਗਰ, ਚੌਧਰੀ ਮਾਜਰਾ ਰੋਡ ਨਾਭਾ ਵਿਖੇ ਵਿਖੇ 31 ਮਾਰਚ 2024 ਨੂੰ ਕਰਵਾਇਆ ਜਾਣ ਵਾਲਾ 13ਵਾਂ ਇਨਕਲਾਬੀ ਨਾਟਕ ਮੇਲਾ ਕਿਸੇ ਕਾਰਨ ਕਰਕੇ ਹੁਣ 7 ਅਪ੍ਰੈਲ 2024, ਦਿਨ ਐਤਵਾਰ ਨੂੰ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਕਰਵਾਇਆ ਜਾਵੇਗਾ।

ਉਨਾਂ ਦੱਸਿਆ ਕਿ ਇਸ ਇਨਕਲਾਬੀ ਨਾਟਕ ਮੇਲੇ ਦੌਰਾਨ ਅਕਸ਼ ਰੰਗਮੰਚ ਮੰਚ ਸਮਰਾਲਾ ਦੀ ਟੀਮ ਵਲੋਂ ਉਘੇ ਰੰਗਕਰਮੀ ਰਾਜਵਿੰਦਰ ਸਮਰਾਲਾ ਦੀ ਨਿਰਦੇਸ਼ਨਾ ਹੇਠ ਨਸ਼ਿਆ ਅਤੇ ਸਮਾਜਿਕ ਬੁਰਾਈਆ ਦੇ ਖਿਲਾਫ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਨਾਟਕ ਖੇਡੇ ਜਾਣਗੇ ਅਤੇ ਕੋਰੀਓਗ੍ਰਾਫੀ ਪੇਸ਼ ਕੀਤੀ ਜਾਵੇਗੀ।

# ਸ੍ਰੀ ਸੂਰਜਕੁੰਡ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਟਰੈਫਿਕ ਪੁਲੀਸ ਜਾਗਰੂਕਤਾ ਅਤੇ ਨਸ਼ਿਆਂ ਸਬੰਧੀ ਲਗਾਇਆ ਸੈਮੀਨਾਰ : ਇੰਚਾਰਜ ਦੀਪਕ ਪਾਠਕ



**ਸੁਨਾਮ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਸੂਰਜਕੁੰਡ ਸਰਵਹਿੱਤਕਾਰੀ ਵਿੱਦਿਆ ਮੰਦਰ ਸੁਨਾਮ ਵਿਖੇ ਟਰੈਫਿਕ ਪੁਲੀਸ ਇੰਚਾਰਜ ਦੀਪਕ ਪਾਠਕ ਦੀ ਅਗਵਾਈ ਵਿੱਚ ਟਰੈਫਿਕ ਜਾਗਰੂਕਤਾ ਅਤੇ ਨਸ਼ਿਆਂ ਸਬੰਧੀ ਸੈਮੀਨਾਰ ਲਗਾਇਆ ਗਿਆ । ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਸੰਗਰੂਰ ਟ੍ਰੈਫਿਕ ਇੰਚਾਰਜ ਪਵਨ ਕੁਮਾਰ ਪਹੁੰਚੇ । ਸ੍ਰੀ ਸੂਰਜਕੁੰਡ ਸਰਵ ਹਿੱਤਕਾਰੀ ਵਿੱਦਿਆ ਮੰਦਰ ਦੇ ਪ੍ਰਿੰਸੀਪਲ ਅਮਿਤ ਡੋਗਰਾ ਅਤੇ ਵਾਈਸ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਪਹੁੰਚਣ ਤੇ ਸਵਾਗਤ ਕੀਤਾ ।

ਇਸ ਮੌਕੇ ਤੇ ਟਰੈਫਿਕ ਪੁਲੀਸ ਇੰਚਾਰਜ ਨੇ ਸਕੂਲ ਬੱਸਾਂ ਦੇ ਡਰਾਈਵਰਾਂ ਅਤੇ ਸਟਾਫ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸੜਕ ਹਾਦਸਿਆਂ ਤੋਂ ਬਚਾਅ ਸਿਰਫ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾਲ ਹੀ ਸੰਭਵ ਹੈ ਇਸ ਮੌਕੇ ਟਰੈਫਿਕ ਪੁਲਿਸ ਦੇ ਇੰਚਾਰਜ ਦੀਪਕ ਪਾਠਕ ਨੇ ਕਿਹਾ ਕਿ ਸਾਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ । ਦੁਰਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਸੈਮੀਨਾਰ ਰਾਹੀਂ ਸਕੂਲ ਬੱਸਾਂ ਦੇ ਡਰਾਈਵਰਾਂ ਅਤੇ ਸਟਾਫ ਨੂੰ ਸੜਕ ਉੱਤੇ ਫੋਨ ਦੇ ਇਸਤੇਮਾਲ ਤੋਂ ਗੁਰੇਜ਼ ਕਰਨ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਜਾਣਕਾਰੀ ਦਿੱਤੀ ਗਈ ਉਨਾ ਕਿਹਾ ਕਿ ਜੇਕਰ ਅਸੀਂ ਟ੍ਰੈਫਿਕ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣ ਕਰੀਏ ਤਾਂ ਅਜਿਹੇ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਕੋਈ ਵੀ ਨਸ਼ਾ ਕਰਕੇ ਵਾਹਨ ਚਲਾਉਣਾ ਬਹੁਤ ਹੀ ਘਾਤਕ ਸਿੱਧ ਹੋ ਸਕਦਾ ਹੈ ਜਿਸ ਨਾਲ ਜਾਨ ਦਾ ਵੀ ਨੁਕਸਾਨ ਹੋ ਸਕਦਾ ਹੈ । ਇਸ ਮੌਕੇ ਤੇ ਜਿਲਾ ਟਰੈਫਿਕ ਇੰਚਾਰਜ ਪਵਨ ਕੁਮਾਰ ਨੇ ਕਿਹਾ ਕਿ ਜੇਕਰ ਅਸੀਂ ਟ੍ਰੈਫਿਕ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣ ਕਰੀਏ ਤਾਂ ਅਜਿਹੇ ਹਾਦਸਿਆਂ ਤੋਂ ਬਚਿਆ ਜਾ ਸਕਦਾ ਹੈ ਉਨ੍ਹਾਂ ਕਿਹਾ ਕਿ ਕੋਈ ਵੀ ਨਸ਼ਾ ਕਰਕੇ ਵਾਹਨ ਚਲਾਉਣਾ ਬਹੁਤ ਹੀ ਘਾਤਕ ਸਿੱਧ ਹੋ ਸਕਦਾ ਹੈ ਜਿਸ ਨਾਲ ਜਾਣ ਦਾ ਵੀ ਨੁਕਸਾਨ ਹੋ ਸਕਦਾ ਹੈ ਉਨਾਂ ਕਿਹਾ ਕਿ ਮੋਟਰਸਾਈਕਲ ਪਰ ਤਿੰਨ ਸਵਾਰ ਹੋ ਕੇ ਘੁੰਮਣਾ ਅਤੇ ਵਹੀਕਲ ਚਲਾਉਣ ਸਮੇਂ ਮੁਬਾਇਲ ਫੋਨ ਦੀ ਵਰਤੋਂ ਕਰਨ ਸਬੰਧੀ ਸਖਤ ਹਦਾਇਤ ਕੀਤੀ ਗਈ ਇਸ ਮੌਕੇ ਤੇ ਏਐਸ ਆਈ ਬਲਵਿੰਦਰ ਸਿੰਘ ਅਤੇ ਏਐਸ ਆਈ ਸੁਖਵਿੰਦਰ ਸਿੰਘ ਅਤੇ ਟਰੈਫਿਕ ਮਾਰਸ਼ਲ ਟੀਮ ਦੇ ਇੰਚਾਰਜ ਸ੍ਰੀ ਪੰਕਜ ਅਰੋੜਾ ਵੀ ਹਾਜਰ ਸਨ।

# ਕਿਸਾਨ ਯੂਨੀਅਨ ਦੇ ਸਿੱਧੂਪੁਰ ਜਥੇਬੰਦੀ ਵੱਲੋਂ ਪੇਂਡੂ ਇਕਾਈ ਦੇ ਪ੍ਰਧਾਨ ਨੂੰ ਅਹੁਦੇ ਤੋਂ ਹਟਾਇਆ

**ਅਜਨਾਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਯੂਨੀਅਨ ਸਿੱਧੂਪੁਰ ਜਥੇਬੰਦੀ ਤੇ ਬਲਾਕ ਪ੍ਰਧਾਨ ਵੱਲੋਂ ਅੱਜ ਪਿੰਡ ਮਾਨਾਵਾਲਾ ਦਾ ਪਿੰਡ ਇਕਾਈ ਦਾ ਪ੍ਰਧਾਨ ਹਰਮਨ ਸਿੰਘ ਨੂੰ ਪੇਂਡੂ ਇਕਾਈ ਦੇ ਪ੍ਰਧਾਨ ਤੋਂ ਕੁਝ ਕਾਰਨਾਂ ਕਰਕੇ ਨੂੰ ਉਸੇ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ।

# ਭਾਰਤੀ ਕਿਸਾਨ ਯੂਨੀਅਨ ਪੁਆਧ ਦੇ ਲੋਕਾਂ ਨੇ ਜਾਮਾ ਮਸਜਿਦ 'ਚ ਵਤਰਬਕੂਲਰ ਪੇਸ਼ ਕਰਕੇ ਦਿੱਤਾ ਆਪਸੀ ਭਾਈਚਾਰੇ ਦਾ ਸੰਦੇਸ਼

**ਜ਼ੀਰਕਪੁਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਇਸ ਕੜਵਾਹਟ ਭਰੇ ਸਿਆਸੀ ਮਾਹੌਲ ਵਿੱਚ ਜਿੱਥੇ ਇੱਕ ਪਾਸੇ ਰਾਜਨੀਤਕ ਪਾਰਟੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਧਰਮਾਂ ਦਰਮਿਆਨ ਕੁੜੱਤਣ ਪੈਦਾ ਕਰ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਇਸ ਮਾਹੌਲ ਵਿੱਚ ਵੱਖ-ਵੱਖ ਧਰਮਾਂ ਦੇ ਕਿਸਾਨਾਂ ਦੀ ਨੁਮਾਇੰਦਗੀ ਕਰਨ ਵਾਲੀ ਭਾਰਤੀ ਕਿਸਾਨ ਯੂਨੀਅਨ ਪੁਆਧ ਨੇ ਸ਼ਨੀਵਾਰ ਨੂੰ ਜਾਮਾ ਵਿਖੇ ਧਰਨਾ ਦਿੱਤਾ। ਪਟਿਆਲਾ ਰੋਡ 'ਤੇ ਸਥਿਤ ਮਸਜਿਦ।



ਮੁਸਲਿਮ ਭਾਈਚਾਰੇ ਨੂੰ ਠੰਡਾ ਪਾਣੀ ਮੁਹੱਈਆ ਕਰਵਾਉਣ ਲਈ ਵਾਟਰ ਕੂਲਰ ਭੇਟ ਕੀਤੇ। ਇਸ ਦੀ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਸ਼ਲਾਘਾ ਕੀਤੀ ਹੈ। ਇਸ ਮੌਕੇ ਇਕਾਈ ਦੇ ਲੋਕਾਂ ਨੇ ਦੱਸਿਆ ਕਿ ਉਹ ਸਾਰੇ ਮੂਲ ਰੂਪ ਵਿਚ ਕਿਸਾਨ ਹਨ ਅਤੇ ਕਿਸਾਨਾਂ ਦੇ ਹੱਕਾਂ ਲਈ ਲੜਨ ਦੇ ਨਾਲ-ਨਾਲ ਇਲਾਕੇ ਦੇ ਹੋਰ ਸਮਾਜਿਕ ਕੰਮਾਂ ਵਿਚ ਵੀ ਲੱਗੇ ਹੋਏ ਹਨ । ਜਿੱਥੇ ਹਿੰਦੂ, ਸਿੱਖ ਅਤੇ ਮੁਸਲਮਾਨ ਭਾਈਚਾਰਕ ਸਾਂਝ ਦੇ ਕੰਮਾਂ ਵਿੱਚ ਇੱਕ-ਦੂਜੇ ਦਾ ਸਾਥ ਦਿੰਦੇ ਨਜ਼ਰ ਆਉਂਦੇ ਹਨ।

ਉਨ੍ਹਾਂ ਕਿਹਾ ਕਿ ਜਦੋਂ ਵੀ ਦੇਸ਼ ਵਿੱਚ ਫਿਰਕੂ ਮਾਹੌਲ ਵਿਗੜਦਾ ਨਜ਼ਰ ਆਉਂਦਾ ਹੈ ਤਾਂ ਉਨ੍ਹਾਂ ਦੀ ਨੇੜਤਾ ਹੋਰ ਵੱਧ ਜਾਂਦੀ ਹੈ।

ਉਨ੍ਹਾਂ ਨੂੰ ਦੇਸ਼ ਦੇ ਹਾਲਾਤ ਨਾਲ ਕੋਈ ਸਰੋਕਾਰ ਨਹੀਂ ਹੈ, ਸਾਰੇ ਮਿਲ ਕੇ ਕੰਮ ਕਰਦੇ ਹਨ। ਜੋ ਮੰਨਦੇ ਹਨ ਕਿ ਕੋਈ ਵੀ ਧਰਮ ਦੁਸ਼ਮਣੀ ਨਹੀਂ ਸਿਖਾਉਂਦਾ।
ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਵਾਟਰ ਕੂਲਰ ਤੋਹਫੇ ਵਜੋਂ ਭਾਰਤੀ ਕਿਸਾਨ ਯੂਨੀਅਨ ਪੁਆਧ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ।

# ਪੰਜਾਬ ਦੇ ਪਿੰਡਾਂ ਵਿੱਚ ਟੈਲੀਵਿਜ਼ਨ ਦੇ ਪ੍ਰਭਾਵਾਂ ਬਾਰੇ ਪੰਜਾਬੀ ਯੂਨੀਵਰਸਿਟੀ ਦਾ ਅਧਿਐਨ

**➢ਟੀਵੀ ਅਜੇ ਵੀ ਹੈ ਪੇਂਡੂ ਪੰਜਾਬ ਦਾ ਪਸੰਦੀਦਾ ਮਨੋਰੰਜਨ ➢ ਪੇਂਡੂ ਪੰਜਾਬ ਵਿੱਚ ਖਪਤਕਾਰ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਵਿੱਚ ਵੀ ਟੀਵੀ ਨਿਭਾ ਰਿਹਾ ਅਹਿਮ ਭੂਮਿਕਾ ➢ ਟੀਵੀ ਇਸ਼ਤਿਹਾਰਾਂ ਦੇ ਪ੍ਰਭਾਵ ਹੇਠ ਪਿੰਡਾਂ ਵਿੱਚ ਵੀ ਬਿਨਾ ਲੋੜ ਵਾਲ਼ੀਆਂ ਚੀਜ਼ਾਂ ਖਰੀਦਣ ਦਾ ਰੁਝਾਨ**

**ਪਟਿਆਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਪਿੰਡਾਂ ਵਿੱਚ ਟੈਲੀਵਿਜ਼ਨ ਦੇ ਪ੍ਰਭਾਵਾਂ ਬਾਰੇ ਪੰਜਾਬੀ ਯੂਨੀਵਰਸਿਟੀ ਦੇ ਇੱਕ ਤਾਜ਼ਾ ਅਧਿਐਨ ਰਾਹੀਂ ਅਹਿਮ ਨਤੀਜੇ ਸਾਹਮਣੇ ਆਏ ਹਨ। ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਅਤੇ ਸਮਾਜਕ ਮਾਨਵ-ਵਿਗਿਆਨ ਵਿਭਾਗ ਵਿੱਚ ਡਾ. ਦੀਪਕ ਕੁਮਾਰ ਦੀ ਨਿਗਰਾਨੀ ਹੇਠ ਖੋਜਾਰਥੀ ਮਨੀ ਇੰਦਰਪਾਲ ਸਿੰਘ ਵੱਲੋਂ ਕੀਤੇ ਇਸ ਅਧਿਐਨ ਰਾਹੀਂ ਪੇਂਡੂ ਪੰਜਾਬ ਉੱਤੇ ਟੈਲੀਵਿਜ਼ਨ ਦੇ ਪ੍ਰਭਾਵਾਂ ਬਾਰੇ ਵੱਖ-ਵੱਖ ਪਾਸਾਰਾਂ ਤੋਂ ਪੜਚੋਲ ਕੀਤੀ ਗਈ ਹੈ।

ਡਾ. ਦੀਪਕ ਕੁਮਾਰ ਨੇ ਦੱਸਿਆ ਕਿ ਇਸ ਵਿਸ਼ੇ ਉੱਤੇ ਪਹਿਲਾਂ ਹੋਏ ਅਧਿਐਨ ਜ਼ਿਆਦਾਤਰ ਸ਼ਹਿਰੀ ਖੇਤਰਾਂ ਦੇ ਅੰਕੜਿਆਂ ਨੂੰ ਹੀ ਅਧਾਰ ਬਣਾਉਂਦੇ ਸਨ ਪਰ ਇਹ ਤਾਜ਼ਾ ਖੋਜ ਪੰਜਾਬ ਦੇ ਰੋਜ਼ਾਨਾ ਪੇਂਡੂ ਜੀਵਨ ਉੱਤੇ ਟੈਲੀਵਿਜ਼ਨ ਦੇ ਪ੍ਰਭਾਵ ਨੂੰ ਪੇਸ਼ ਕਰਦੀ ਹੈ।ਉਨ੍ਹਾਂ ਕਿਹਾ ਕਿ ਟੈਲੀਵਿਜ਼ਨ ਕਦੇ ਪੇਂਡੂ ਪੰਜਾਬ ਵਿੱਚ ਇੱਕ ਨਵੀਨ ਗੱਲ ਸੀ, ਜਿਸ ਨੇ ਕਿ ਲੋਕਾਂ ਦੀਆਂ ਆਦਤਾਂ, ਕੱਪੜਿਆਂ ਦੀ ਚੋਣ, ਸੌਣ ਦੇ ਸਮੇਂ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੀ ਸੰਚਾਰ ਗਤੀਸ਼ੀਲਤਾ ਨੂੰ ਆਕਾਰ ਦੇਣ ਵਿੱਚ ਆਪਣੀ ਭੂਮਿਕਾ ਨਿਭਾਈ ਹੈ। ਟੈਲੀਵਿਜ਼ਨ ਨੇ ਪੇਂਡੂ ਜੀਵਨ ਨੂੰ ਆਧੁਨਿਕ ਸਮਾਜਿਕ-ਆਰਥਿਕ ਅਭਿਆਸਾਂ ਅਤੇ ਵਿਸ਼ਵੀ ਵਿਚਾਰਾਂ ਨਾਲ ਜੋੜਨ ਦਾ ਕੰਮ ਕੀਤਾ ਹੈ।ਉਨ੍ਹਾਂ ਦੱਸਿਆ ਕਿ ਖੋਜ ਰਾਹੀਂ ਲੋਕਾਂ ਦੇ ਖਪਤਕਾਰ ਜਾਂ ਵਰਤੋਂਕਾਰ ਵਜੋਂ ਵਿਚਰਦਿਆਂ ਵਸਤੂਆਂ ਦੀ ਖਰੀਦ ਕਰਨ ਦੇ ਵਿਵਹਾਰ ਉੱਤੇ ਟੈਲੀਵਿਜ਼ਨ ਦੇ ਪ੍ਰਭਾਵ ਨੂੰ ਵੀ ਸਮਝਿਆ ਗਿਆ ਹੈ।ਅਧਿਐਨ ਰਾਹੀਂ ਸਾਹਮਣੇ ਆਇਆ ਕਿ ਇਸ਼ਤਿਹਾਰ ਅਤੇ ਟੈਲੀਵਿਜ਼ਨ ਸ਼ੋਅ ਪੇਂਡੂ ਪੱਧਰ ਉੱਤੇ ਵੀ ਅਜਿਹੀ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਦੇ ਹਨ ਜਿੱਥੇ ਲੋਕ ਜ਼ਿਆਦਾ ਚੀਜ਼ਾਂ ਖਰੀਦਣ ਦੀ ਲੋੜ ਮਹਿਸੂਸ ਕਰਦੇ ਹਨ। ਕਈ ਵਾਰ ਇਨ੍ਹਾਂ ਵਿੱਚ ਉਹ ਚੀਜ਼ਾਂ ਵੀ ਸ਼ਾਮਿਲ ਹੁੰਦੀਆਂ ਹਨ ਜਿਨ੍ਹਾਂ ਦੀ ਕਿ ਉਨ੍ਹਾਂ ਨੂੰ ਅਸਲ ਵਿੱਚ ਲੋੜ ਨਹੀਂ ਹੁੰਦੀ। ਭਾਵ ਪੇਂਡੂ ਪੰਜਾਬ ਵਿੱਚ ਵੀ ਟੈਲੀਵਿਜ਼ਨ ਰਾਹੀਂ ਸੰਚਾਲਿਤ ਖਪਤਕਾਰ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਬੇਲੋੜੀਆਂ ਚੀਜ਼ਾਂ ਖਰੀਦਣ ਦਾ ਅਜਿਹਾ ਰੁਝਾਨ ਪੇਂਡੂ ਪੰਜਾਬੀ ਲੋਕਾਂ ਦੇ ਰਹਿਣ-ਸਹਿਣ ਦੇ ਢੰਗ ਨੂੰ ਬਦਲ ਰਿਹਾ ਹੈ।ਉਨ੍ਹਾਂ ਦੱਸਿਆ ਕਿ ਅਧਿਐਨ ਰਾਹੀਂ ਇਹ ਪੱਖ ਵੀ ਸਾਹਮਣੇ ਆਇਆ ਕਿ ਪੇਂਡੂ ਸਮਾਜ ਵਿੱਚ ਜਾਤੀ ਅਤੇ ਧਾਰਮਿਕ ਚੇਤਨਾ ਨੂੰ ਪ੍ਰਚੰਡ ਕਰਨ ਵਿੱਚ ਵੀ ਟੈਲੀਵਿਜ਼ਨ ਪ੍ਰੋਗਰਾਮਾਂ ਦੀ ਭੂਮਿਕਾ ਰਹੀ ਹੈ। ਹਾਲਾਂਕਿ ਇਹ ਜਾਗਰੂਕਤਾ ਕੁਝ ਤਰੀਕਿਆਂ ਨਾਲ ਚੰਗੀ ਹੋ ਸਕਦੀ ਹੈ, ਪਰੰਤੂ ਇਹ ਲੋਕਾਂ ਵਿੱਚ ਵੰਡੀਆਂ ਪੈਦਾ ਕਰਨ ਦੀ ਸਮਰੱਥਾ ਵੀ ਰੱਖਦੀ ਹੈ।ਇਸੇ ਤਰ੍ਹਾਂ ਟੈਲੀਵਿਜ਼ਨ ਪੇਂਡੂ ਖੇਤਰਾਂ ਵਿੱਚ ਸਮਾਜਿਕ ਅਤੇ ਰਾਜਨੀਤਿਕ ਪਛਾਣਾਂ ਨੂੰ ਆਕਾਰ ਦੇਣ ਦਾ ਇੱਕ ਸਾਧਨ ਵੀ ਬਣ ਰਿਹਾ ਹੈ।

ਖੋਜਾਰਥੀ ਮਨੀ ਇੰਦਰਪਾਲ ਸਿੰਘ ਨੇ ਦੱਸਿਆ ਕਿ ਇਹ ਅਧਿਐਨ ਪੇਂਡੂ ਸਮਾਜ ਵਿੱਚ ਸਮੂਹਿਕ ਗਤੀਸ਼ੀਲਤਾ ਉੱਤੇ ਪਏ ਟੈਲੀਵਿਜ਼ਨ ਦੇ ਪ੍ਰਭਾਵ ਬਾਰੇ ਵੀ ਸਿੱਟੇ ਸਾਹਮਣੇ ਲਿਆਉਂਦਾ ਹੈ। ਅਧਿਐਨ ਦਸਦਾ ਹੈ ਕਿ ਮਨੋਰੰਜਨ ਪ੍ਰਾਪਤ ਕਰਨ ਦੇ ਨਵੇਂ ਤਰੀਕਿਆਂ ਦੇ ਬਾਵਜੂਦ, ਟੀਵੀ ਅਜੇ ਵੀ ਪੇਂਡੂ ਪੰਜਾਬ ਦਾ ਪਸੰਦੀਦਾ ਮਨੋਰੰਜਨ ਹੈ। ਬਹੁਗਿਣਤੀ ਲੋਕ ਬਾਹਰੀ ਗਤੀਵਿਧੀਆਂ ਨਾਲੋਂ ਟੈਲੀਵਿਜ਼ਨ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਦੱਸਿਆ ਕਿ ਖੋਜ ਅਧਿਐਨ ਵਿੱਚ ਸਾਹਮਣੇ ਆਇਆ ਕਿ ਸ਼ੁਰੂ ਵਿੱਚ ਟੀਵੀ ਨੇ ਪੇਂਡੂ ਲੋਕਾਂ ਨੂੰ ਜਨਤਕ ਥਾਵਾਂ 'ਤੇ ਇਕੱਠੇ ਕਰਨ ਅਤੇ ਸਾਂਝੇ/ਸਮੂਹਿਕ ਅਨੁਭਵ ਪੈਦਾ ਕਰਨ ਦਾ ਕਾਰਜ ਵੀ ਕੀਤਾ; ਪਰ ਪਿਛਲੇ ਦੋ ਦਹਾਕਿਆਂ ਦੌਰਾਨ, ਪਿੰਡਾਂ ਵਿੱਚ ਵੀ ਟੈਲੀਵਿਜ਼ਨ ਸੈੱਟ ਦੇ ਸਥਾਨ ਬਦਲ ਗਏ ਹਨ। ਇਹ ਘਰ ਵਿਚਲੀਆਂ ਸਾਂਝੀਆਂ ਥਾਵਾਂ ਤੋਂ ਨਿੱਜੀ ਕਮਰਿਆਂ, ਖਾਸ ਕਰਕੇ ਬੈੱਡਰੂਮ ਵਿੱਚ ਤਬਦੀਲ ਹੋ ਗਏ ਹਨ। ਇਹ ਪਰਿਵਰਤਨ, ਭਾਵੇਂ ਕਿ ਸੂਖਮ ਜਾਪਦਾ ਹੈ, ਪਰੰਤੂ ਖੋਜ ਅਧਿਐਨ ਦੇ ਨਤੀਜੇ ਦਸਦੇ ਹਨ ਕਿ ਇਸ ਦੇ ਦੂਰਗਾਮੀ ਨਤੀਜੇ ਹਨ।ਉਨ੍ਹਾਂ ਦੱਸਿਆ ਕਿ ਇਹ ਖੋਜ ਪੰਜਾਬ ਵਿੱਚ ਮੀਡੀਆ ਘਰਾਣਿਆਂ ਦੇ ਖੇਤਰ ਵਿੱਚ ਟੈਲੀਵਿਜ਼ਨ ਸਮੱਗਰੀ ਦੀ ਬਣਤਰ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਨੂੰ ਵੀ ਰੇਖਾਂਕਿਤ ਕਰਦੀ ਹੈ।ਅਧਿਐਨ ਵਿੱਚ ਵਾਚਿਆ ਗਿਆ ਕਿ ਕਿਵੇਂ ਟੀ.ਆਰ.ਪੀ. ਰੇਟਿੰਗ, ਸਨਸਨੀਖੇਜ਼ ਅੰਸ਼, ਸਟੇਟ ਦੇ ਹਿਤ, ਵਿਗਿਆਪਨ ਆਮਦਨ, ਅਤੇ ਦਰਸ਼ਕਾਂ ਦੀ ਫੀਡਬੈਕ ਇਸ ਸਮੱਗਰੀ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੇ ਹਨ। ਵਾਈਸ-ਚਾਂਸਲਰ ਪ੍ਰੋ.ਅਰਵਿੰਦ ਨੇ ਇਸ ਖੋਜ ਲਈ ਵਧਾਈ ਦਿੰਦਿਆਂ ਕਿਹਾ ਕਿ ਪਿੰਡ ਪੱਧਰ ਉੱਤੇ ਸਮਾਜ ਵਿੱਚ ਪੈਦਾ ਹੁੰਦੇ ਵੱਖ-ਵੱਖ ਰੁਝਾਨਾਂ ਅਤੇ ਵਰਤਮਾਨ ਸਮੇਂ ਆ ਰਹੀਆਂ ਸਮਾਜਿਕ ਤਬਦੀਲੀਆਂ ਵਿੱਚ ਟੀਵੀ ਜਿਹੇ ਮਾਧਿਅਮ ਦੀ ਭੂਮਿਕਾ ਨੂੰ ਉਜਾਗਰ ਕਰਨ ਵਾਲੀ ਇਹ ਇੱਕ ਅਹਿਮ ਖੋਜ ਹੈ। ਸਮਾਜ ਉੱਪਰ ਪੈਂਦੇ ਕਿਸੇ ਵੀ ਤਰ੍ਹਾਂ ਦੇ ਪ੍ਰਭਾਵਾਂ ਅਤੇ ਉਨ੍ਹਾਂ ਦੇ ਕਾਰਨਾਂ ਨੂੰ ਇਸ ਤਰ੍ਹਾਂ ਬਰੀਕੀ ਨਾਲ਼ ਸਮਝਣਾ ਸਮਾਜ ਦੀ ਬਿਹਤਰੀ ਲਈ ਜ਼ਰੂਰੀ ਹੁੰਦਾ ਹੈ। ਇਸ ਲਿਹਾਜ਼ ਨਾਲ਼ ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤਾ ਗਿਆ ਇਹ ਅਧਿਐਨ ਆਪਣਾ ਵਿਸ਼ੇਸ਼ ਮਹੱਤਵ ਰਖਦਾ ਹੈ।

# ਮਾਤਾ ਸ਼੍ਰੀ ਨੈਣਾ ਦੇਵੀ ਜੀ ਦੇ ਲਈ 59 ਭਗਤਾਂ ਦਾ ਜਥਾ ਹੋਇਆ ਰਵਾਨਾ



**ਨਾਭਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਂ ਨੈਣਾ ਦੇਵੀ ਜੀ ਕੇ ਲਾਡਲੇ ਗਰੁੱਪ ਵੱਲੋ ਸਥਾਨਕ ਪਟਿਆਲਾ ਗੇਟ ਬੱਸ ਸਟੈਂਡ ਨਾਭਾ ਤੋ ਛੇਵੀਂ ਬੱਸ ਯਾਤਰਾ ਪ੍ਰਮੁੱਖ ਸਾਹਿਲ ਗੁਪਤਾ ਅਤੇ ਪ੍ਰਮੁੱਖ ਗੌਰਵ ਮਨੋਚਾ ਦੀ ਅਗਵਾਈ ਵਿੱਚ 59 ਮੈਂਬਰਾਂ ਦਾ ਜਥਾ ਮਾਤਾ ਸ਼੍ਰੀ ਨੈਣਾ ਦੇਵੀ ਜੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ। ਬੱਸ ਨੂੰ ਝੰਡੀ ਦੇਣ ਦੀ ਰਸਮ ਖੂਨਦਾਨੀ ਸਟੇਟ ਅਵਾਰਡੀ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ, ਹਿਮਾਂਸ਼ੂ ਗੋਇਲ ਪ੍ਰਧਾਨ ਸ਼੍ਰੀ ਬਾਂਕੇ ਬਿਹਾਰੀ ਸੇਵਾ ਮੰਡਲ, ਧਾਰਮਿਕ ਕਾਰਜਾਂ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੀ ਸਮਾਜ ਸੇਵਿਕਾ ਰੇਣੂ ਬਾਲਾ ਨੇ ਅਦਾ ਕੀਤੀ, ਨਾਲ ਹੀ ਨਾਰੀਅਲ ਤੋੜਨ ਦੀ ਰਸਮ ਸਮਾਜ ਸੇਵਕ ਰਾਜੇਸ਼ ਕੁਮਾਰ ਸਰਪ੍ਰਸਤ ਅਤੇ ਮਸ਼ਹੂਰ ਭਜਨ ਗਾਇਕ ਗਾਇਨ ਸ਼ਰਮਾ ਨੇ ਸਾਂਝੇ ਤੌਰ ਤੇ ਨਿਭਾਈ।

ਪ੍ਰਧਾਨ ਭਾਸ਼ੀ ਨੇ ਬੋਲਦੇ ਹੋਏ ਕਿਹਾ ਕਿ ਮਾਂ ਨੈਣਾ ਦੇਵੀ ਜੀ ਕੇ ਲਾਡਲੇ ਗਰੁੱਪ ਦੀ ਟੀਮ ਦਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ ਇਸ ਨਾਲ ਸਮਾਜ ਦੇ ਹੋਰ ਲੋਕਾਂ ਨੂੰ ਵੀ ਸੇਧ ਮਿਲਦੀ ਹੈ ਸਾਡੀ ਹਰਸ਼ ਬਲੱਡ ਡੋਨਰ ਸੋਸਾਇਟੀ ਨਾਭਾ ਦਾ ਹਰੇਕ ਤਰਾਂ ਦਾ ਸਹਿਯੋਗ ਲਾਡਲੇ ਗਰੁੱਪ ਨੂੰ ਹਮੇਸ਼ਾ ਰਹੇਗਾ। ਮਸ਼ਹੂਰ ਭਜਨ ਗਾਇਕ ਗਾਇਨ ਸ਼ਰਮਾ ਅਤੇ ਭਗਤਾਂ ਵੱਲੋ ਬੱਸ ਨੂੰ ਰਵਾਨਾ ਕਰਨ ਮੌਕੇ ਹਨੂੰਮਾਨ ਚਾਲੀਸਾ ਜੀ ਦਾ ਪਾਠ ਵੀ ਕੀਤਾ ਗਿਆ। ਸਮਾਜ ਸੇਵਿਕਾ ਰੇਣੂ ਬਾਲਾ ਨੇ ਕਿਹਾ ਇਹ ਗਰੁੱਪ ਪਹਿਲਾ ਵੀ ਬਹੁਤ ਜ਼ਿਆਦਾ ਧਾਰਮਿਕ ਅਤੇ ਸਮਾਜਿਕ ਕਾਰਜ ਕਰਦਾ ਰਹਿੰਦਾ ਹੈ। ਨਾਭਾ ਦੀ ਸੰਗਤ ਨੂੰ ਧਰਮ ਨਾਲ ਜੋੜਨਾ ਇਹਨਾਂ ਦਾ ਸਭ ਤੋ ਉੱਤਮ ਉਪਰਾਲਾ ਹੈ,ਸਾਹਿਲ ਗੁਪਤਾ ਅਤੇ ਸਤੀਸ਼ ਗਰਗ ਵੱਲੋ ਸਾਰੇ ਆਏ ਮਹਿਮਾਨਾਂ ਦਾ ਸਪੈਸ਼ਲ ਤੋਰ ਤੇ ਧੰਨਵਾਦ ਕੀਤਾ ਗਿਆ ਅਤੇ ਸਾਰਿਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਜੋਤੀ, ਮੰਜੂ , ਮੰਦਿਰ ਦੇ ਪੁਜਾਰੀ ਤੋ ਇਲਾਵਾ ਹੋਰ ਭਗਤ ਵੀ ਹਾਜਰ ਰਹੇ।

# ਐੱਨ.ਆਈ.ਏ. ਅਦਾਲਤ ਨੇ ਖਾਲਿਸਤਾਨੀ ਖਾਨਪੁਰੀਆ ਸਮੇਤ 4 ਨੂੰ ਸੁਣਾਈ ਉਮਰ ਕੈਦ

ਮੋਹਾਲੀ 3 ਅਪ੍ਰੈਲ। ਮੋਹਾਲੀ ਸਥਿਤ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਦੀ ਵਿਸ਼ੇਸ਼ ਅਦਾਲਤ ਨੇ ਖਾਲਿਸਤਾਨੀ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਸਣੇ ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਜ਼ਾ ਦੇ ਨਾਲ-ਨਾਲ



ਅਦਾਲਤ ਨੇ ਦੋਸ਼ੀ ਕੁਲਵਿੰਦਰ ਸਿੰਘ ਖਾਨਪੁਰੀਆ 'ਤੇ 3.75 ਲੱਖ ਰੁਪਏ, ਰਵਿੰਦਰਪਾਲ ਸਿੰਘ ਅਤੇ ਜਗਦੇਵ ਸਿੰਘ 'ਤੇ 3.20 ਲੱਖ ਰੁਪਏ ਅਤੇ ਹਰਚਰਨ ਸਿੰਘ 'ਤੇ 3 ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਪਿਛਲੇ ਪੰਜ ਸਾਲ ਤੋਂ ਮੁਕਤਸਰ ਜੇਲ੍ਹ ਵਿਚ ਬੰਦ ਹੈ। ਸੁਰੱਖਿਆ ਦੇ ਮੱਦੇਨਜਰ ਖਾਨਪੁਰੀਆ ਅਤੇ ਹੋਰ ਮੁਲਜ਼ਮਾਂ ਨੂੰ ਪੁਲਸ ਵੱਲੋਂ ਕੋਰਟ ਵਿਚ ਵੀਡੀਓ ਕਾਨਫਰੰਸ ਰਾਹੀਂ ਹੀ ਪੇਸ਼ ਕੀਤਾ ਗਿਆ ਹੈ। ਐੱਨ.ਆਈ.ਏ. ਕੋਰਟ ਵੱਲੋਂ ਉਕਤ ਮੁਲਜਮਾਂ ਨੂੰ 27 ਮਾਰਚ ਨੂੰ ਹੀ ਦੋਸ਼ੀ ਕਰਾਰ ਦੇ ਦਿੱਤਾ ਸੀ, ਜਦੋਂਕਿ ਫੈਸਲਾ ਅੱਜ ਸੁਣਾਇਆ ਗਿਆ ਹੈ। ਜਾਣਕਾਰੀ ਮੁਤਾਬਕ ਅੰਮ੍ਰਿਤਸਰ ਦੇ ਰਾਜਾਸਾਂਜੀ ਪੁਲਸ ਸਟੇਸ਼ਨ ਵਿਚ ਇਕ ਕੇਸ ਦਰਜ ਕੀਤਾ ਗਿਆ ਸੀ। ਪੁਲਸ ਨੇ ਨਾਕੇ ਦੌਰਾਨ ਚੈਕਿੰਗ ਦੌਰਾਨ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਦੇ ਇਕ ਬੈਗ ਵਿਚੋਂ ਦੋ ਹੈਂਡ ਗ੍ਰਨੇਡ ਅਤੇ ਮੋਬਾਈਲ ਫੋਨ ਮਿਲੇ ਸਨ। ਜਦੋਂ ਇਨ੍ਹਾਂ ਦੋਵਾਂ ਨੌਜਵਾਨਾਂ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਨੇ ਅਸਲੇ ਸਬੰਧੀ ਅੱਤਵਾਦੀ ਖਾਨਪੁਰੀਆ ਦਾ ਨਾਂ ਲਿਆ ਸੀ। ਇਸ ਤੋਂ ਬਾਅਦ ਮਾਮਲੇ ਵਿਚ ਖਾਨਪੁਰੀਆ ਨੂੰ ਨਾਮਜ਼ਦ ਕੀਤਾ ਸੀ। ਇਸ ਤੋਂ ਬਾਅਦ 27 ਮਈ, 2019 ਨੂੰ ਇਹ ਮਾਮਲਾ ਐੱਨ.ਆਈ.ਏ. ਨੂੰ ਸੌਂਪ ਦਿੱਤਾ ਗਿਆ ਸੀ। ਇਸ ਵਿਚ ਐੱਨ.ਆਈ.ਏ. ਨੇ ਕਾਰਵਾਈ ਕਰਦਿਆਂ ਵੱਖਰਾ ਮਾਮਲਾ ਦਰਜ ਕੀਤਾ ਸੀ। ਉਸ 'ਤੇ ਦੋਸ਼ ਸੀ ਕਿ ਇਹ ਖਾਲਿਸਤਾਨੀ ਅੰਦੋਲਨ ਨੂੰ ਜ਼ਿੰਦਾ ਰੱਖਣ ਲਈ ਕੰਮ ਕਰਦਾ ਹੈ। ਇਹ ਪੰਜਾਬ ਵਿਚ ਹਥਿਆਰ ਸਪਲਾਈ ਕਰਕੇ ਦੰਗੇ ਫੈਲਾਉਣ ਦੀ ਕੋਸ਼ਿਸ਼ ਵਿਚ ਹੈ।

# ਕਾਂਗਰਸ ਨੂੰ ਮਹਿੰਗੀ ਪੈ ਸਕਦੀ ਹੈ ਡਾ. ਧਰਮਵੀਰ ਗਾਂਧੀ ਦੀ ਐਂਟਰੀ !

**ਕ੍ਰਿਸ਼ਨ ਪਾਲ**

ਪਟਿਆਲਾ/ਸਨੌਰ 3 ਅਪ੍ਰੈਲ। ਪਟਿਆਲਾ ਲੋਕ ਸਭਾ ਹਲਕੇ 'ਚ ਡਾ. ਧਰਮਵੀਰ ਗਾਂਧੀ ਦੀ ਐਂਟਰੀ ਕਾਂਗਰਸ ਪਾਰਟੀ ਨੂੰ ਮਹਿੰਗੀ ਪੈ ਸਕਦੀ ਹੈ ਕਿਉਂਕਿ ਜਿਥੇ ਇਕ ਪਾਸੇ ਦਿੱਲੀ 'ਚ ਡਾ. ਗਾਂਧੀ ਨੂੰ ਕਾਂਗਰਸ 'ਚ ਸ਼ਾਮਲ ਕੀਤਾ ਜਾ ਰਿਹਾ ਸੀ, ਉੱਥੇ ਦੂਸਰੇ ਪਾਸੇ ਪਟਿਆਲਾ ਜ?ਿਲ੍ਹੇ 'ਚ 5 ਵਿਧਾਨ ਸਭਾ ਹਲਕਾ ਇੰਚਾਰਜਾਂ ਨੇ ਮੀਟਿੰਗ ਕਰ ਕੇ ਹਾਈਕਮਾਂਡ ਨੂੰ ਅਪੀਲ ਕੀਤੀ ਹੈ ਕਿ ਉਹ ਟਕਸਾਲੀ ਕਾਂਗਰਸੀਆਂ ਨੂੰ ਬਚਾਉਣ ਲਈ ਪਟਿਆਲਾ ਤੋਂ ਕਿਸੇ ਟਕਸਾਲੀ ਕਾਂਗਰਸੀ ਨੂੰ ਟਿਕਟ ਦੇਣ। ਇਸ ਤੋਂ ਪਹਿਲਾਂ ਵੀ ਡਾ. ਗਾਂਧੀ ਖ?ਿਲਾਫ ਅੱਗ ਸੁਲਗਦੀ ਰਹੀ ਹੈ। ਡਾ. ਗਾਂਧੀ ਦੀ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਉਹ ਸਿਰਫ 'ਵਨ ਮੈਨ ਆਰਮੀ' ਹਨ। ਇਸ ਵੇਲੇ ਕਾਂਗਰਸ ਨੂੰ ਚੋਣ ਲੜਨ ਲਈ ਵੱਡੇ ਕੈਡਰ ਦੀ ਲੋੜ ਹੈ। ਅੱਜ ਇੱਥੇ ਹਲਕਾ ਘਨੌਰ ਦੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਗ੍ਰਹਿ ਵਿਖੇ ਕਾਂਗਰਸ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਨਾਲ ਸਬੰਧਤ ਕਾਂਗਰਸ ਪਾਰਟੀ ਦਾ ਗੜ੍ਹ ਰਹੇ 5 ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਵੱਲੋਂ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ ਅਤੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਦੀ ਅਗਵਾਈ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਤੋਂ ਇਲਾਵਾ ਹਲਕਾ ਸਮਾਣਾ ਤੋਂ ਸਾਬਕਾ ਵਿਧਾਇਕ ਕਾਕਾ ਰਜਿੰਦਰ ਸਿੰਘ, ਹਲਕਾ ਸ਼ੁੱਤਰਾਣਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਦਰਬਾਰਾ ਸਿੰਘ ਅਤੇ ਪਟਿਆਲਾ ਸ਼ਹਿਰੀ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਸਾਬਕਾ ਮੇਅਰ ਵਿਸ਼ਨੂੰ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਉਪਰੰਤ ਉਕਤ 5 ਹਲਕਿਆਂ ਦੇ ਇੰਚਾਰਜਾਂ ਨੇ ਕਿਹਾ ਕਿ ਪਿਛਲੇ ਦਿਨੀਂ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਭਰੋਸਾ



ਦਿਵਾਇਆ ਗਿਆ ਸੀ ਕਿ ਲੋਕ ਸਭਾ ਹਲਕਾ ਪਟਿਆਲਾ ਦੇ ਸਮੂਹ ਵਿਧਾਨ ਸਭਾ ਹਲਕਾ ਇੰਚਾਰਜ ਰਲ ਕੇ ਰਹਿਣ ਤਾਂ ਜੋ ਕਾਂਗਰਸ ਹਾਈਕਮਾਂਡ ਵੱਲੋਂ ਕਿਸੇ ਇਕ ਲੋਕਲ ਟਕਸਾਲੀ ਕਾਂਗਰਸੀ ਨੂੰ ਪਾਰਟੀ ਦੀ ਟਿਕਟ ਦੇ ਕੇ ਜਿੱਤ ਯਕੀਨੀ ਬਣਾਈ ਜਾ ਸਕੇ ਪਰ ਹੁਣ ਸੁਣਨ 'ਚ ਆ ਰਿਹਾ ਹੈ ਕਿ ਕਾਂਗਰਸ ਪਾਰਟੀ ਲੋਕ ਸਭਾ ਹਲਕਾ ਪਟਿਆਲਾ ਤੋਂ ਕਿਸੇ ਬਾਹਰੀ ਉਮੀਦਵਾਰ ਨੂੰ ਟਿਕਟ ਦੇਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕਲ ਟਕਸਾਲੀ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਕਾਂਗਰਸ ਨੂੰ ਲੋਕ ਸਭਾ ਹਲਕਾ ਪਟਿਆਲਾ 'ਚ ਜਿਉਂਦਾ ਰੱਖਣ ਲਈ ਦਿਨ-ਰਾਤ ਮਿਹਨਤ ਕੀਤੀ ਹੋਵੇ, ਪਾਰਟੀ ਵੱਲੋਂ ਅਜਿਹੇ ਮਿਹਨਤੀ ਵਰਕਰਾਂ ਨੂੰ ਅੱਖੋਂ-ਪਰੋਖੇ ਕਰ ਕੇ ਕਿਸੇ ਬਾਹਰੀ ਉਮੀਦਵਾਰ 'ਤੇ ਭਰੋਸਾ ਜਤਾਉਣਾ ਠੀਕ ਨਹੀਂ। ਅਸੀਂ ਹਾਈਕਮਾਂਡ ਨੂੰ ਅਪੀਲ ਕਰਦੇ ਹਾਂ ਕਿ ਕਿਸੇ ਲੋਕਲ ਟਕਸਾਲੀ ਕਾਂਗਰਸੀ ਨੂੰ ਹੀ ਲੋਕ ਸਭਾ ਹਲਕਾ ਪਟਿਆਲਾ ਤੋਂ ਟਿਕਟ ਦੇ ਕੇ ਨਿਵਾਜਿਆ ਜਾਵੇ। ਉਕਤ ਸਾਬਕਾ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਨੇ ਭਰੋਸਾ ਦਵਾਇਆ ਕਿ ਜੇਕਰ ਹਾਈਕਮਾਂਡ ਕਿਸੇ ਲੋਕਲ ਟਕਸਾਲੀ ਕਾਂਗਰਸੀ ਨੂੰ ਲੋਕ ਸਭਾ ਹਲਕਾ ਪਟਿਆਲਾ ਤੋਂ ਆਪਣਾ ਉਮੀਦਵਾਰ ਐਲਾਨਦੀ ਹੈ ਤਾਂ ਉਹ ਇਹ ਸੀਟ ਵੱਡੀ ਲੀਡ ਨਾਲ ਜਿੱਤਾ ਕੇ ਕਾਂਗਰਸ ਪਾਰਟੀ ਦੀ ਝੋਲੀ 'ਚ ਪਾਉਣਗੇ। ਪੰਜ ਹਲਕਾ ਇੰਚਾਰਜਾਂ ਨੇ ਹਾਈਕਮਾਂਡ ਨੂੰ ਇਹ ਅਪੀਲ ਕੀਤੀ ਹੈ ਕਿ ਉਹ ਟਕਸਾਲੀ ਕਾਂਗਰਸੀਆਂ ਨੂੰ ਟਿਕਟ ਦੇਣ। ਇਸ ਦਾ ਸਪੱਸ਼ਟ ਮਤਲਬ ਹੈ ਕਿ ਜੇਕਰ ਹਾਈਕਮਾਂਡ ਨੇ ਡਾ. ਗਾਂਧੀ ਨੂੰ ਟਿਕਟ ਦਿੱਤੀ ਤਾਂ ਉਸ ਦਾ ਤਿੱਖਾ ਵਿਰੋਧ ਹੋ ਸਕਦਾ ਹੈ। ਦੂਸਰੇ ਪਾਸੇ ਆਮ ਆਦਮੀ ਪਾਰਟੀ ਪਹਿਲਾਂ ਹੀ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੂੰ ਮੈਦਾਨ 'ਚ ਉਤਾਰ ਚੁਕੀ ਹੈ ਅਤੇ ਭਾਜਪਾ ਵੱਲੋਂ ਮਹਾਰਾਣੀ ਪ੍ਰਨੀਤ ਕੌਰ ਨੂੰ ਮੈਦਾਨ 'ਚ ਉਤਾਰਿਆ ਜਾ ਚੁੱਕਾ ਹੈ, ਜਿਸ ਕਾਰਨ ਜੇਕਰ ਇਸ ਕਾਂਗਰਸ ਦੀ ਸੁਲਗਦੀ ਅੱਗ ਨੂੰ ਨਾ ਸੰਭਾਲਿਆ ਗਿਆ ਤਾਂ ਕਾਂਗਰਸ ਇਹ ਜਿੱਤੀ ਹੋਈ ਬਾਜੀ ਹਾਰ ਸਕਦੀ ਹੈ। ਹੁਣ ਸਮਾਂ ਹੀ ਦੱਸੇਗਾ ਕਿ ਹਾਈਕਮਾਂਡ ਹਲਕਾ ਇੰਚਾਰਜਾਂ ਦੀ ਕਿੰਨੀ ਕੁ ਸੁਣਵਾਈ ਕਰਦੀ ਹੈ।

# ਖਰੜ ਫਲਾਈਓਵਰ 'ਤੇ ਚੱਲਦੀ ਕਾਰ ਨੂੰ ਲੱਗੀ ਅੱਗ, ਪਲਾਂ 'ਚ ਗੱਡੀ ਸੜ ਕੇ ਸੁਆਹ

ਖਰੜ 3 ਅਪ੍ਰੈਲ। ਖਰੜ-ਚੰਡੀਗੜ੍ਹ ਫਲਾਈਓਵਰ ਗੋਪਾਲ ਸਵੀਟਸ ਸਾਹਮਣੇ ਅਚਾਨਕ ਇਕ ਕਾਰ ਨੂੰ ਅੱਗ ਲੱਗ ਗਈ। ਇਸ ਦੀ ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਵੱਲੋਂ ਮੌਕੇ 'ਤੇ ਪੁੱਜ ਕੇ ਅੱਗ ਉੱਤੇ ਕਾਬੂ ਪਾ ਲਿਆ ਗਿਆ ਪਰ ਇਸ ਤੋਂ ਪਹਿਲਾਂ ਕਾਰ ਪੂਰੀ ਤਰ੍ਹਾਂ ਨੁਕਸਾਨੀ ਜਾ ਚੁੱਕੀ ਸੀ। ਫਾਇਰ ਟੈਂਡਰ ਟੀਮ ਦੀ ਅਗਵਾਈ ਕਰ ਰਹੇ ਨਿਖਿਲ ਪਾਠਕ ਨੇ ਦੱਸਿਆ ਕਿ ਉਨ੍ਹਾਂ ਨੂੰ ਐਤਵਾਰ ਸਵੇਰੇ ਕਰੀਬ 6 ਵਜੇ ਘਟਨਾ ਸਬੰਧੀ ਜਾਣਕਾਰੀ ਮਿਲੀ ਕਿ ਖਰੜ-ਚੰਡੀਗੜ੍ਹ ਫਲਾਈਓਵਰ 'ਤੇ ਇਕ ਕਾਰ ਨੂੰ ਅੱਗ ਲੱਗੀ ਹੈ। ਉਨ੍ਹਾਂ ਦੀ ਟੀਮ ਮੌਕੇ 'ਤੇ ਪੁੱਜੀ 'ਤੇ 15 ਮਿੰਟ ਦੀ ਮਸ਼ੱਕਤ ਮਗਰੋਂ ਅੱਗ 'ਤੇ ਕਾਬੂ ਪਾ ਲਿਆ ਗਿਆ। ਪਰ ਉਦੋਂ ਤੱਕ ਅੱਗ ਕਾਰਨ ਕਾਰ ਬੁਰੀ ਤਰ੍ਹਾਂ ਸੜ ਕੇ ਸੁਆਹ ਹੋ ਚੁੱਕੀ ਸੀ। ਮੌਕੇ ਤੋਂ ਮਿਲੀ ਜਾਣਕਾਰੀ ਮੁਤਾਬਕ ਈਕੋ ਸਪੋਰਟਸ ਕੰਪਨੀ ਦੀ ਉਕਤ ਕਾਰ 'ਚ ਨਾਇਜੀਰੀਅਨ ਮੂਲ ਦੇ ਵਿਅਕਤੀ ਸਵਾਰ ਸਨ। ਜਿਨ੍ਹਾਂ ਬਾਰੇ ਪਤਾ ਲੱਗਾ ਹੈ ਕਿ ਅੱਗ ਲੱਗਣ ਮਗਰੋਂ ਉਹ ਸਾਰੇ ਉਥੋਂ ਦੀ ਖ?ਿਸਕ ਗਏ ਸਨ। ਇਸ ਘਟਨਾ ਕਾਰਨ ਫਲਾਈਓਵਰ ਉੱਤੋਂ ਦੀ ਲੰਘਣ ਵਾਲੇ ਹੋਰਨਾਂ ਵਾਹਨ ਚਾਲਕਾਂ 'ਚ ਹਫੜਾ-ਦਫੜੀ ਜਿਹਾ ਮਾਹੌਲ ਬਣ ਗਿਆ। ਜਿਸ ਦਾ ਪਤਾ ਚੱਲਦਿਆਂ ਹੀ ਪੁਲਸ ਵੀ ਮੌਕੇ ਉੱਤੇ ਪੁੱਜ ਗਈ ਅਤੇ ਟ੍ਰੈਫਿਕ 'ਤੇ ਕਾਬੂ ਪਾਇਆ। ਕਾਰ ਨੂੰ ਅੱਗ ਕਿਵੇਂ ਲੱਗੀ, ਇਸ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਪੁਲਸ ਕਾਰ ਦੇ ਚੈਸੀ ਨੰਬਰ ਦੀ ਮਦਦ ਨਾਲ ਮਾਲਕ ਦਾ ਪਤਾ ਲਗਾਉਣ ਦੀ ਕੋਸ?ਿਸ ਕਰ ਰਹੀ ਹੈ।

# ਸ਼ਿਵ ਭਗਤਾਂ ਲਈ ਖੁਸ਼ਖਬਰੀ, ਆਦਿ ਕੈਲਾਸ਼ ਤੇ ਓਮ ਪਰਬਤ ਲਈ ਹੈਲੀਕਾਪਟਰ ਸੇਵਾ ਸ਼ੁਰੂ

ਪਿਥੌਰਾਗੜ੍ਹ 3 ਅਪ੍ਰੈਲ। ਉੱਤਰਾਖੰਡ ਦੇ ਪਿਥੌਰਾਗੜ੍ਹ ਜ?ਿਲ੍ਹੇ 'ਚ ਸਥਿਤ ਪ੍ਰਸਿੱਧ ਧਾਰਮਿਕ ਸੈਰ-ਸਪਾਟਾ ਸਥਾਨਾਂ ਆਦਿ ਕੈਲਾਸ਼ ਅਤੇ ਓਮ ਪਰਬਤ ਲਈ ਸੋਮਵਾਰ ਨੂੰ ਹੈਲੀਕਾਪਟਰ ਸੇਵਾ ਸ਼ੁਰੂ ਹੋ ਗਈ। ਅਧਿਕਾਰੀਆਂ ਨੇ ਇੱਥੇ ਦੱਸਿਆ ਕਿ ਇਸ ਹੈਲੀਕਾਪਟਰ ਸੇਵਾ ਦੀ ਸ਼ੁਰੂਆਤ ਪਿਥੌਰਾਗੜ੍ਹ ਦੇ ਸੰਯੁਕਤ ਮੈਜਿਸਟ੍ਰੇਟ ਆਸ਼ੀਸ਼ ਮਿਸ਼ਰਾ ਨੇ ਨੈਨੀ ਸੈਣੀ ਹਵਾਈ ਅੱਡੇ ਤੋਂ ਕੀਤੀ। ਉਨ੍ਹਾਂ ਦੱਸਿਆ ਕਿ ਉੱਤਰਾਖੰਡ ਸਰਕਾਰ ਦੀ ਹੈਲੀ ਦਰਸ਼ਨ ਯੋਜਨਾ ਦੇ ਅਧੀਨ ਐੱਮ.ਆਈ.-17 ਹੈਲੀਕਾਪਟਰ ਸ਼ਰਧਾਲੂਆਂ ਨੂੰ ਹਵਾਈ ਅੱਡੇ ਤੋਂ ਵਿਆਸ ਘਾਟੀ ਖੇਤਰ 'ਚ ਆਦਿ ਕੈਲਾਸ਼ ਅਤੇ ਓਮ ਪਰਬਤ ਤੱਕ ਲੈ ਜਾਵੇਗਾ ਅਤੇ ਚੋਟੀਆਂ ਦੇ ਉੱਪਰ ਕੁਝ ਦੇਰ ਚੱਕਰ ਲਗਾਉਣ ਤੋਂ ਬਾਅਦ ਵਾਪਸ ਹਵਾਈ ਅੱਡੇ ਪਹੁੰਚਾਏਗਾ। ਪਿਥੌਰਾਗੜ੍ਹ ਦੇ ਜ?ਿਲ੍ਹਾ ਸੈਰ-ਸਪਾਟਾ ਅਧਿਕਾਰੀ ਕੀਰਤੀਚੰਦਰ ਆਰੀਆ ਨੇ ਦੱਸਿਆ ਕਿ ਸਕਾਈ ਵਨ ਏਅਰਵੇਜ ਵਲੋਂ ਸੰਚਾਲਤ 2 ਘੰਟੇ ਦੇ ਇਸ ਦੌਰੇ ਦੀ ਲਾਗਤ ਪ੍ਰਤੀ ਵਿਅਕਤੀ 40 ਹਜਾਰ ਰੁਪਏ ਹੋਵੇਗੀ ਅਤੇ ਇਸ 'ਤੇ ਜੀ.ਐੱਸ.ਟੀ. ਵੱਖ ਤੋਂ ਦੇਣੀ ਹੋਵੇਗੀ। ਉਨ੍ਹਾਂ ਦੱਸਿਆ ਕਿ ਆਦਿ ਕੈਲਾਸ਼ ਅਤੇ ਓਮ ਪਰਬਤ ਦੀ ਇਸ ਉਦਘਾਟਨ ਉਡਾਣ 'ਚ 16 ਸ਼ਰਧਾਲੂਆਂ ਨੇ ਯਾਤਰਾ ਕੀਤੀ। ਫਿਲਹਾਲ ਇਸ ਯੋਜਨਾ ਨੂੰ ਪ੍ਰਯੋਗ ਵਜੋਂ ਚਲਾਇਆ ਜਾ ਰਿਹਾ ਹੈ। ਆਰੀਆ ਨੇ ਕਿਹਾ,"ਜੇਕਰ ਇਹ ਪ੍ਰਯੋਗ ਸਫਲ ਹੋਇਆ ਤਾਂ ਅਗਲੇ ਮਹੀਨੇ ਤੋਂ ਇਹ ਉਡਾਣ ਸ਼ਰਧਾਲੂਆਂ ਨੂੰ ਹਫਤੇ 'ਚ 5 ਦਿਨ ਉਪਲੱਬਧ ਰਹੇਗੀ।" ਮਿਸ਼ਰਾ ਨੇ ਦੱਸਿਆ ਕਿ ਇਹ ਯੋਜਨਾ ਰਾਜ ਲਈ ਇਕ ਉਪਲੱਬਧੀ ਹੈ ਅਤੇ ਇਸ ਨਾਲ ਆਦਿ ਕੈਲਾਸ਼ ਖੇਤਰ ਨੂੰ ਉਤਸ਼ਾਹ ਦੇਣ 'ਚ ਮਦਦ ਮਿਲੇਗੀ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਅਕਤੂਬਰ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਦਿ ਕੈਲਾਸ਼ ਦਾ ਦਰਸ਼ਨ ਕੀਤੇ ਜਾਣ ਨਾਲ ਸੈਲਾਨੀਆਂ ਅਤੇ ਸ਼ਰਧਾਲੂਆਂ 'ਚ ਇਨ੍ਹਾਂ ਧਾਰਮਿਕ ਸੈਰ-ਸਪਾਟਾ ਸਥਾਨਾਂ ਦੀ ਲੋਕਪ੍ਰਿਯਤਾ 'ਚ ਜਬਰਦਸਤ ਵਾਧਾ ਹੋਇਆ ਹੈ।

# ਹੁਸ਼ਿਆਰਪੁਰ ਜਿਲ੍ਹੇ 'ਚ ਸ਼ਰਾਬ ਦੀ ਵਿਕਰੀ ਨਾਲ ਪ੍ਰਾਪਤ ਹੋਵੇਗਾ 525.84 ਕਰੋੜ ਰੁਪਏ ਦਾ ਮਾਲੀਆ

**ਏਜੰਸੀਆਂ**

ਹੁਸ਼ਿਆਰਪੁਰ 3 ਅਪ੍ਰੈਲ। ਐਕਸਾਈਜ ਵਿਭਾਗ ਵੱਲੋਂ ਜ?ਿਲ੍ਹੇ 'ਚ ਸਾਲ 2024-25 ਲਈ ਸ਼ਰਾਬ ਦੇ ਠੇਕਿਆਂ ਦਾ ਅਲਾਟ ਅੱਜ ਇਥੇ ਸਵਰਨ ਫਾਰਮ 'ਚ ਆਯੋਜਿਤ ਡ੍ਰਾਅ ਪ੍ਰਕਿਰਿਆ ਰਾਹੀਂ ਕੀਤਾ ਗਿਆ। ਏ. ਡੀ. ਸੀ. ਰਾਹੁਲ ਚਾਬਾ ਆਬਜਰਵਰ ਦੇ ਤੌਰ 'ਤੇ ਇਸ 'ਚ ਸ਼ਾਮਲ ਹੋਏ। ਡਿਪਟੀ ਐਕਸਾਈਜ ਐਂਡ ਟੈਕਸੇਸ਼ਨ ਕਮਿਸ਼ਨਰ ਦਰਬੀਰ ਰਾਜ ਦੀ ਦੇਖਰੇਖ 'ਚ ਡ੍ਰਾਅ ਪ੍ਰਕਿਰਿਆ ਦ ਮੌਕੇ ਸਹਾਇਕ ਕਮਿਸ਼ਨਰ ਐਕਸਾਇਜ ਹਰਪ੍ਰੀਤ ਸਿੰਘ, ਸਹਾਇਕ ਕਮਿਸ਼ਨਰ ਸਟੇਟ ਟੈਕਸ ਨਵਜੋਤ ਸ਼ਰਮਾ ਦੇ ਇਲਾਵਾ ਈ. ਟੀ. ਓ. ਸੁਖਵਿੰਦਰ ਸਿੰਘ ਅਤੇ ਨਵਜੋਤ ਭਾਰਤੀ, ਸਟੇਟ ਟੈਕਸ ਆਫਿਸਰ ਜਗਤਾਰ ਸਿੰਘ, ਇੰਸਪੈਕਟਰ ਬਲਦੇਵ ਕ੍ਰਿਸ਼ਨ, ਬਲਗੇਵ ਕ੍ਰਿਸ਼ਨ, ਅਮਰੇਂਦਰ ਸਿੰਘ, ਅਨਿਲ ਕੁਮਾਰ, ਕੁਲਵੰਤ ਸਿੰਘ, ਅਮਿਤ ਬਿਆਨ, ਅਜੇ ਕੁਮਾਰ ਅਤੇ ਲਵਪ੍ਰੀਤ ਆਦਿ ਮੌਜੂਦ ਸਨ। ਐੱਸ. ਐੱਸ. ਪੀ. ਸੁਰੇਂਦਰ ਲਾਂਬਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਡ੍ਰਾਅ ਥਾਂ ਦੇ ਅੰਦਰ ਅਤੇ ਆਲੇ-ਦੁਆਲੇ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਸੀ। ਡੀ. ਈ. ਟੀ. ਸੀ. ਦਰਬੀਰ ਰਾਜ ਨੇ ਦੱਸਿਆ ਕਿ ਜ?ਿਲ੍ਹਾ ਹੁਸ਼ਿਆਰਪੁਰ 'ਚ 14 ਗਰੁੱਪ ਗਠਿਤ ਕੀਤੇ ਗਏ ਹਨ, ਜਿਸ 'ਚ ਜ?ਿਲ੍ਹਾ ਹੁਸ਼ਿਆਰਪੁਰ-1 ਗਰੁੱਪ ਦੇ ਹੁਸ਼ਿਆਰਪੁਰ ਸਿਟੀ-1, ਹੁਸ਼ਿਆਰਪੁਰ ਸਿਟੀ -2, ਹੁਸ਼ਿਆਰਪੁਰ ਸਿਟੀ-3, ਹੁਸ਼ਿਆਰਪੁਰ ਸਿਟੀ-4, ਚੱਬੇਲਾਲ, ਮਾਹਿਲਪੁਰ ਅਤੇ ਗੜ੍ਹਸ਼ੰਕਰ ਸ਼ਾਮਲ ਹਨ ਜਦਕਿ ਜ?ਿਲ੍ਹਾ ਹੁਸ਼ਿਆਰਪੁਰ-2 'ਚ ਹਰਿਆਣਾ,



ਗੜ੍ਹਦੀਵਾਲ, ਟਾਂਡਾ, ਦਸੂਹਾ, ਮੁਕੇਰੀਆਂ, ਹਾਜੀਪੁਰ ਅਤੇ ਤਲਵਾੜਾ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਜ?ਿਲੇ 'ਚ ਸ਼ਰਾਬ ਦੀ ਵਿਕਰੀ ਨਾਲ 525.84 ਕਰੋੜ ਰੁਪਏ ਦਾ ਮਾਲੀਆ ਹਾਸਲ ਹੋਵੇਗਾ, ਜੋਕਿ ਪਿਛਲੇ ਸਾਲ ਦੇ 495.84 ਕਰੋੜ ਤੋਂ 30 ਕਰੋੜ ਰੁਪਏ ਵੱਧ ਹੈ। ਜ?ਿਲ੍ਹੇ 'ਚ ਆਬਕਾਰੀ ਨੀਤੀ ਮੁਤਾਬਕ ਸਾਲ 2024-25 ਲਈ5097588 ਪਰੂਫ ਲੀਟਰ ਦੇਸੀ ਸ਼ਰਾਬ ਦਾ ਕੋਟਾ ਯਕੀਨੀ ਕੀਤੀ ਗਿਆ ਹੈ। ਯਕੀਨੀ ਕੀਤਾ ਗਿਆ ਹੈ ਕਿ ਜਦਕਿ ਅੰਗ੍ਰੇਜ਼ੀ ਸ਼ਰਾਬ ਅਤੇ ਬੀਅਰ ਦਾ ਕੋਟਾ ਓਪਨ ਰਹੇਗਾ। ਇਸ ਦੇ ਇਲਾਵਾ ਜ?ਿਲ੍ਹੇ 'ਚ ਭੰਗ ਦੀ ਵਿਕਰੀ ਨਾਲ 6 ਲੱਖ ਰੁਪਏ ਦਾ ਵਾਧੂ ਮਾਲੀਆ ਹਾਸਲ ਹੋਵੇਗਾ। ਖਾਸ ਗੱਲ ਹੈ ਕਿ ਜਦੋਂ ਵੀ ਕਿਸੇ ਗਰੁੱਪ ਦਾ ਡ੍ਰਾਅ ਨਿਕਲ ਰਿਹਾ ਸੀ ਤਾਂ ਠੇਕੇਦਾਰ ਤੇ ਉਨ੍ਹਾਂ ਦੇ ਸਹਿਯੋਗੀ ਹਰਸ਼ ਧਵਨੀ ਨਾਲ ਖੁਸ਼ੀ ਜਾਹਰ ਕਰ ਰਹੇ ਸਨ।

# ਅਪ੍ਰੈਲ ਮਹੀਨੇ ਦੇ ਪਹਿਲੇ ਦਿਨ ਪੈਟਰੋਲ-ਡੀਜਲ ਦੀਆਂ ਕੀਮਤਾਂ 'ਚ ਹੋਇਆ ਬਦਲਾਅ

**ਏਜੰਸੀਆਂ**

ਬਿਜਨੈੱਸ ਡੈਸਕ 3 ਅਪ੍ਰੈਲ। ਅੱਜ ਤੋਂ ਅਪ੍ਰੈਲ ਦਾ ਮਹੀਨਾ ਸ਼ੁਰੂ ਹੋ ਗਿਆ ਹੈ। ਤੇਲ ਕੰਪਨੀਆਂ ਨੇ ਅੱਜ ਯਾਨੀ 3 ਅਪ੍ਰੈਲ ਨੂੰ ਮਹਾਨਗਰਾਂ ਅਤੇ ਹੋਰ ਸਹਿਰਾਂ ਵਿੱਚ ਪੈਟਰੋਲ ਅਤੇ ਡੀਜਲ ਦੀਆਂ ਨਵੀਆਂ ਕੀਮਤਾਂ ਅਪਡੇਟ ਕਰ ਦਿੱਤੀਆਂ ਹਨ। ਦੇਸ ਵਿੱਚ ਹਰ ਰੋਜ ਸਵੇਰੇ 6 ਵਜੇ ਪੈਟਰੋਲ ਅਤੇ ਡੀਜਲ ਦੀਆਂ ਨਵੀਆਂ ਕੀਮਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਚੰਗੀ ਖਬਰ ਇਹ ਹੈ ਕਿ ਅੱਜ ਵੀ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਿੱਚ ਕੋਈ ਬਦਲਾਅ ਨਹੀਂ ਹੋਇਆ ਪਰ ਫਿਰ ਵੀ ਕੁਝ ਸਹਿਰਾਂ ਵਿੱਚ ਇਨ੍ਹਾਂ ਦੀਆਂ ਕੀਮਤਾਂ ਵੱਖਰੀਆਂ ਹਨ। ਤੁਹਾਡੇ ਸਹਿਰ 'ਚ ਪੈਟਰੋਲ-ਡੀਜਲ ਦੇ ਨਵੇਂ ਰੇਟ ਕੀ ਹਨ, ਦੇ ਬਾਰੇ ਆਓ ਜਾਣਦੇ ਦੱਸ ਦੇਈਏ ਕਿ ਅਪ੍ਰੈਲ ਮਹੀਨੇ ਦੇ ਪਹਿਲੇ ਦਿਨ ਦਿੱਲੀ 'ਚ ਪੈਟਰੋਲ ਦੀ ਕੀਮਤ 94.72 ਰੁਪਏ ਅਤੇ ਡੀਜਲ ਦੀ ਕੀਮਤ 87.62 ਰੁਪਏ ਪ੍ਰਤੀ ਲੀਟਰ ਹੈ। ਮੁੰਬਈ 'ਚ ਪੈਟਰੋਲ ਦੀ ਕੀਮਤ 104.21 ਰੁਪਏ ਅਤੇ ਡੀਜਲ ਦੀ ਕੀਮਤ 92.15 ਰੁਪਏ ਪ੍ਰਤੀ ਲੀਟਰ ਹੈ। ਇਸ ਦੇ ਨਾਲ ਹੀ ਕੋਲਕਾਤਾ 'ਚ ਪੈਟਰੋਲ ਦੀ ਕੀਮਤ 103.94 ਰੁਪਏ ਅਤੇ ਡੀਜਲ ਦੀ ਕੀਮਤ 90.76 ਰੁਪਏ ਪ੍ਰਤੀ ਲੀਟਰ ਹੈ। ਚੇਨਈ ਵਿੱਚ ਪੈਟਰੋਲ ਦੀ ਕੀਮਤ 100.75 ਰੁਪਏ ਅਤੇ ਡੀਜਲ ਦੀ ਕੀਮਤ 92.34 ਰੁਪਏ ਪ੍ਰਤੀ ਲੀਟਰ ਹੈ। ਅੱਜ ਕੁਝ ਰਾਜਾਂ ਵਿੱਚ



ਪੈਟਰੋਲ ਅਤੇ ਡੀਜਲ ਮਹਿੰਗਾ ਹੋ ਗਿਆ ਹੈ। ਇਨ੍ਹਾਂ ਰਾਜਾਂ ਵਿੱਚ ਅਰੁਣਾਚਲ ਪ੍ਰਦੇਸ, ਅਸਾਮ, ਗੁਜਰਾਤ, ਹਰਿਆਣਾ, ਹਿਮਾਚਲ, ਜੰਮੂ ਅਤੇ ਕਸਮੀਰ, ਝਾਰਖੰਡ, ਮਿਜ਼ੋਰਮ, ਪੰਜਾਬ, ਰਾਜਸਥਾਨ, ਸਿੱਕਮ, ਤਾਮਿਲਨਾਡੂ, ਤੇਲੰਗਾਨਾ, ਯੂਪੀ ਅਤੇ ਉੱਤਰਾਖੰਡ ਸਾਮਲ ਹਨ। ਕਈ ਰਾਜ ਅਜਿਹੇ ਹਨ, ਜਿਥੇ ਪੈਟਰੋਲ-ਡੀਜਲ ਸਸਤਾ ਹੋਇਆ ਹੈ। ਅੱਜ ਬਿਹਾਰ ਵਿੱਚ ਪੈਟਰੋਲ ਦੀ ਕੀਮਤ 36 ਪੈਸੇ ਘੱਟ ਕੇ 106.81 ਰੁਪਏ ਪ੍ਰਤੀ ਲੀਟਰ ਅਤੇ ਡੀਜਲ 34 ਪੈਸੇ ਘੱਟ ਕੇ 93.55 ਰੁਪਏ ਪ੍ਰਤੀ ਲੀਟਰ ਹੈ। ਮਹਾਰਾਸਟਰ 'ਚ ਪੈਟਰੋਲ 1.07 ਰੁਪਏ ਘੱਟ ਕੇ 104.02 ਰੁਪਏ ਪ੍ਰਤੀ ਲੀਟਰ ਅਤੇ ਡੀਜਲ 1.03 ਰੁਪਏ ਘੱਟ ਕੇ 90.56 ਰੁਪਏ ਪ੍ਰਤੀ ਲੀਟਰ ਹੋ ਗਿਆ। ਆਂਧਰਾ ਪ੍ਰਦੇਸ, ਛੱਤੀਸਗੜ੍ਹ, ਗੋਆ, ਕਰਨਾਟਕ, ਕੇਰਲ, ਮੱਧ ਪ੍ਰਦੇਸ, ਮਣੀਪੁਰ, ਉੜੀਸਾ ਅਤੇ ਪੱਛਮੀ ਬੰਗਾਲ ਵਿੱਚ ਵੀ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਿੱਚ ਕਮੀ ਆਈ ਹੈ। ਦੱਸ ਦੇਈਏ ਕਿ ਹਾਲ ਹੀ ਵਿੱਚ ਸਰਕਾਰੀ ਤੇਲ ਕੰਪਨੀਆਂ ਵੱਲੋਂ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਿੱਚ ਕਟੌਤੀ ਕੀਤੀ ਗਈ ਸੀ। 14 ਮਾਰਚ ਨੂੰ ਓਐੱਮਸੀ ਨੇ ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਵਿੱਚ 2-2 ਰੁਪਏ ਦੀ ਕਟੌਤੀ ਕੀਤੀ ਸੀ ਅਤੇ ਉਸ ਤੋਂ ਬਾਅਦ ਇੱਕ ਵਾਰ ਵੀ ਕੋਈ ਸੋਧ ਨਹੀਂ ਕੀਤੀ ਗਈ।

# ਆਹ ਦੇਖ ਲਓ ਨਗਰ ਨਿਗਮ ਦਾ ਹਾਲ, ਮ੍ਰਿਤਕ ਤੇ ਰਿਟਾਇਰ ਕਰਮਚਾਰੀਆਂ ਦਾ ਪੈਸਾ ਡਕਾਰ ਗਏ ਮੁਲਾਜਮ

**ਏਜੰਸੀਆਂ**

ਲੁਧਿਆਣਾ 3 ਅਪ੍ਰੈਲ। ਨਗਰ ਨਿਗਮ 'ਚ ਫਰਜ਼ੀ ਸਫਾਈ ਕਰਮਚਾਰੀਆਂ ਦੇ ਅਕਾਊਂਟ 'ਚ ਕਰੋੜਾਂ ਦਾ ਫੰਡ ਟਰਾਂਸਫਰ ਕਰਨ ਦਾ ਮਾਮਲਾ ਅਜੇ ਸ਼ਾਂਤ ਨਹੀਂ ਹੋਇਆ ਸੀ ਕਿ ਹੁਣ ਮ੍ਰਿਤਕ ਤੇ ਰਿਟਾਇਰ ਸਫਾਈ ਕਰਮਚਾਰੀਆਂ ਦੇ ਮਹਿੰਗਾਈ ਭੱਤੇ ਦਾ ਪੈਸਾ ਰਿਲੀਜ਼ ਕਰਨ ਦੇ ਨਾਂ 'ਤੇ ਘਪਲਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਖੁਲਾਸਾ ਸੋਮਵਾਰ ਨੂੰ ਕਮਿਸ਼ਨਰ ਨੂੰ ਦਿੱਤੀ ਗਈ ਸ਼ਿਕਾਇਤ 'ਚ ਵਾਲਮੀਕਿ ਸੇਵਕ ਸੰਘ ਦੇ ਮੈਂਬਰਾਂ ਨੇ ਕੀਤਾ ਹੈ, ਜਿਸ ਦੇ ਮੁਤਾਬਕ ਹੈਲਥ ਬ੍ਰਾਂਚ ਦੇ ਜੋ ਮੁਲਾਜ਼ਮ ਪਹਿਲਾਂ ਫਰਜ਼ੀ ਸਫਾਈ ਕਰਮਚਾਰੀਆਂ ਦੇ ਅਕਾਊਂਟ 'ਚ ਕਰੋੜਾਂ ਦਾ ਫੰਡ ਟਰਾਂਸਫਰ ਕਰਨ ਦੇ ਦੋਸ਼ 'ਚ ਸਸਪੈਂਡ ਚੱਲ ਰਹੇ ਹਨ। ਉਨ੍ਹਾਂ ਵਲੋਂ ਕੁਝ ਹੋਰ ਮੁਲਾਜ਼ਮਾਂ ਦੇ ਨਾਲ ਸਫਾਈ ਕਰਮਚਾਰੀਆਂ ਦੇ ਮਹਿੰਗਾਈ ਭੱਤੇ ਦਾ ਪੈਸਾ ਆਪਣੇ ਤੌਰ 'ਤੇ ਰਿਸ਼ਤੇਦਾਰਾਂ ਦੇ ਅਕਾਊਂਟ 'ਚ ਟਰਾਂਸਫਰ ਕਰ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਇਹ ਪੈਸਾ ਮ੍ਰਿਤਕ ਤੇ ਰਿਟਾਇਰ ਸਫਾਈ ਕਰਮਚਾਰੀਆਂ ਦੇ ਮਹਿੰਗਾਈ ਭੱਤੇ ਦਾ ਹੈ, ਜਿਨ੍ਹਾਂ ਦੇ ਬਿੱਲ ਪਾਸ ਹੋਣ ਤੋਂ ਬਾਅਦ ਫੰਡ ਟਰਾਂਸਫਰ ਕਰਨ ਲਈ ਅਕਾਊਂਟ ਬ੍ਰਾਂਚ ਨੂੰ ਭੇਜੀ ਗਈ ਰਿਪੋਰਟ 'ਚ ਹੈਲਥ ਬ੍ਰਾਂਚ ਦੇ ਉਕਤ ਮੁਲਾਜ਼ਮਾਂ ਵਲੋਂ ਆਪਣੇ




ਹੋਰ ਰਿਸ਼ਤੇਦਾਰਾਂ ਦੇ ਅਕਾਊਂਟ ਨੰਬਰ ਦੇ ਦਿੱਤੇ ਗਏ। ਸ਼ਿਕਾਇਤਕਰਤਾ ਮੁਤਾਬਕ ਕਮਿਸ਼ਨਰ ਵਲੋਂ ਜੁਆਇੰਟ ਕਮਿਸ਼ਨਰ ਨੂੰ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ ਤੇ ਸਫਾਈ ਕਰਮਚਾਰੀਆਂ ਦੇ ਮਹਿੰਗਾਈ ਭੱਤੇ ਦੇ ਪੈਸੇ ਦੀ ਰਿਕਵਰੀ ਕਰਨ ਦੇ ਨਾਲ ਹੀ ਘਪਲੇ ਲਈ ਜ਼ਿੰਮੇਦਾਰ ਹੈਲਥ ਬ੍ਰਾਂਚ ਦੇ ਮੁਲਾਜ਼ਮਾਂ ਦੇ ਖ?ਿਲਾਫ ਕਾਰਵਾਈ ਕਰਨ ਲਈ ਬੋਲਿਆ ਗਿਆ ਹੈ। ਹੁਣ ਤੱਕ ਨਹੀਂ ਹੋਈ ਫਰਜ਼ੀ ਸਫਾਈ ਕਰਮਚਾਰੀਆਂ ਦੇ ਅਕਾਊਂਟ 'ਚ ਟਰਾਂਸਫਰ ਕੀਤੇ ਗਏ ਫੰਡ ਦੀ ਰਿਕਵਰੀ ਇਸ ਤੋਂ ਪਹਿਲਾ ਆਡਿਟ ਦੀ ਰਿਪੋਰਟ 'ਚ ਖੁਲਾਸਾ ਹੋਇਆ ਕਿ ਉਨ੍ਹਾਂ ਲੋਕਾਂ ਨੂੰ ਸਫਾਈ ਕਰਮਚਾਰੀ ਦੱਸ ਕੇ ਅਕਾਊਂਟ 'ਚ ਕਰੋੜਾਂ ਦਾ ਫੰਡ ਟਰਾਂਸਫਰ ਕਰ ਦਿੱਤਾ ਗਿਆ, ਜੋ ਨਗਰ ਨਿਗਮ ਦੇ ਰਿਕਾਰਡ 'ਚ ਮੁਲਾਜ਼ਮ ਹੀ ਨਹੀਂ ਹਨ। ਭਾਵੇਂ ਕਿ ਇਹ ਮੁਲਜ਼ਮ ਕੋਰਟ ਤੋਂ ਗ੍ਰਿਫਤਾਰੀ ਤੋਂ ਰਾਹਤ ਹਾਸਲ ਕਰਨ 'ਚ ਕਾਮਯਾਬ ਹੋ ਗਏ ਹਨ ਪਰ ਇਸ ਮਾਮਲੇ 'ਚ ਲੋਕਲ ਬਾਡੀਜ਼ ਵਿਭਾਗ ਦੇ ਪ੍ਰਿੰਸੀਪਲ ਸੈਕੇਟਰੀ ਵਲੋਂ ਚੀਫ ਵਿਜੀਲੈਂਸ ਅਫਸਰ ਦੀ ਰਿਪੋਰਟ ਦੇ ਆਧਾਰ 'ਤੇ ਨਗਰ ਨਿਗਮ ਦੇ ਸਾਰੇ ਮੁਲਾਜ਼ਮਾਂ ਦੀ ਵੈਰੀਫਿਕੇਸ਼ਨ ਕਰਨ ਦੇ ਨਾਲ ਹੀ ਗਲਤ ਤਰੀਕੇ ਨਾਲ ਟਰਾਂਸਫਰ ਕੀਤੇ ਗਏ ਫੰਡ ਦੀ ਰਿਕਵਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਪਰ ਇਸ ਸਬੰਧ 'ਚ ਪ੍ਰੋਗਰੈੱਸ ਰਿਪੋਰਟ ਨੂੰ ਲੈ ਕੇ ਨਗਰ ਨਿਗਮ ਅਧਿਕਾਰੀਆਂ ਦੇ ਕੋਲ ਕੋਈ ਸੰਤੋਸ਼ਜਨਕ ਜਵਾਬ ਨਹੀਂ ਹੈ।

# ਨਵੀਂ ਟੈਕਸ ਪ੍ਰਣਾਲੀ ਬਾਰੇ ਅਫਵਾਹਾਂ ਤੋਂ ਸਾਵਧਾਨ ! ਵਿੱਤ ਮੰਤਰਾਲੇ ਨੇ ਜਾਰੀ ਕੀਤਾ ਸਪੱਸਟੀਕਰਨ

ਨਵੀਂ ਦਿੱਲੀ 3 ਅਪ੍ਰੈਲ। ਨਵੀਂ ਟੈਕਸ ਪ੍ਰਣਾਲੀ ਬਾਰੇ ਕਈ ਗੁੰਮਰਾਹਕੁੰਨ ਜਾਣਕਾਰੀ ਸੋਸਲ ਮੀਡੀਆ 'ਤੇ ਫੈਲ ਰਹੀ ਹੈ। ਅਜਿਹੇ 'ਚ ਟੈਕਸਦਾਤਾ ਨੂੰ ਇਸ ਗਲਤ ਸੂਚਨਾ ਤੋਂ ਬਚਾਉਣ ਲਈ ਵਿੱਤ ਮੰਤਰਾਲੇ ਨੇ ਇਸ ਨੂੰ ਲੈ ਕੇ ਐਕਸ 'ਤੇ ਪੋਸਟ ਕੀਤਾ ਹੈ। ਵਿੱਤ ਮੰਤਰਾਲੇ ਨੇ ਸੋਸਲ ਮੀਡੀਆ ਪਲੇਟਫਾਰਮ 'ਤੇ ਕਿਹਾ ਵਿੱਤ ਮੰਤਰਾਲੇ ਨੇ ਸੋਸਲ ਮੀਡੀਆ 'ਤੇ ਫੈਲ ਰਹੀਆਂ ਅਜਿਹੀਆਂ ਖਬਰਾਂ ਦਾ ਖੰਡਨ ਕੀਤਾ ਹੈ ਅਤੇ ਕਿਹਾ ਹੈ ਕਿ ਸਾਨੂੰ ਪਤਾ ਲੱਗਾ ਹੈ ਕਿ ਨਵੀਂ ਟੈਕਸ ਪ੍ਰਣਾਲੀ ਨਾਲ ਜੁੜੀ ਗੁੰਮਰਾਹਕੁੰਨ ਜਾਣਕਾਰੀ ਕੁਝ ਸੋਸਲ ਮੀਡੀਆ ਪਲੇਟਫਾਰਮਾਂ 'ਤੇ ਫੈਲਾਈ ਜਾ ਰਹੀ ਹੈ। ਨਵੀਂ ਟੈਕਸ ਪ੍ਰਣਾਲੀ ਨੂੰ ਵਿੱਤ ਐਕਟ 2023 ਦੀ ਧਾਰਾ 115(1) ਤਹਿਤ ਲਿਆਂਦਾ ਗਿਆ ਸੀ। ਪੁਰਾਣੀ ਟੈਕਸ ਪ੍ਰਣਾਲੀ ਵਿੱਚ ਕਈ ਤਰ੍ਹਾਂ ਦੀਆਂ ਛੋਟਾਂ ਉਪਲਬਧ ਹਨ ਪਰ ਨਵੀਂ ਟੈਕਸ ਪ੍ਰਣਾਲੀ ਵਿੱਚ ਕੋਈ ਛੋਟ ਨਹੀਂ ਹੈ। ਨਵੀਂ ਟੈਕਸ ਪ੍ਰਣਾਲੀ ਕੰਪਨੀਆਂ ਅਤੇ ਫਰਮਾਂ ਤੋਂ ਇਲਾਵਾ ਹੋਰ ਵਿਅਕਤੀਆਂ ਲਈ ਵਿੱਤੀ ਸਾਲ 2023-24 ਲਈ ਡਿਫੌਲਟ ਟੈਕਸ ਪ੍ਰਣਾਲੀ ਵਜੋਂ ਲਾਗੂ ਹੈ ਅਤੇ ਇਸਦਾ ਮੁਲਾਂਕਣ ਸਾਲ 2024-25 ਹੈ। ਨਵੀਂ ਟੈਕਸ ਪ੍ਰਣਾਲੀ ਦੇ ਤਹਿਤ ਟੈਕਸ ਦਰਾਂ ਬਹੁਤ ਘੱਟ ਹਨ, ਹਾਲਾਂਕਿ ਪੁਰਾਣੀ ਟੈਕਸ ਪ੍ਰਣਾਲੀ ਵਾਂਗ ਕਿਸੇ ਨੂੰ ਬਹੁਤ ਸਾਰੀਆਂ ਛੋਟਾਂ ਅਤੇ ਕਟੌਤੀਆਂ (ਤਨਖਾਹ ਤੋਂ 50,000 ਰੁਪਏ ਦੀ ਮਿਆਰੀ ਕਟੌਤੀ ਅਤੇ 15,000 ਰੁਪਏ ਦੀ ਪਰਿਵਾਰਕ ਪੈਨਸਨ ਨੂੰ ਛੱਡ ਕੇ) ਦਾ ਲਾਭ ਨਹੀਂ ਮਿਲਦਾ ਹੈ। ਟੈਕਸਦਾਤਾਵਾਂ ਨੂੰ ਆਪਣੇ ਹਾਲਾਤਾਂ ਦੇ ਅਨੁਸਾਰ ਨਵੀਂ ਅਤੇ ਪੁਰਾਣੀ ਟੈਕਸ ਪ੍ਰਣਾਲੀ ਵਿੱਚੋਂ ਇੱਕ ਦੀ ਚੋਣ ਕਰਨੀ ਪੈਂਦੀ ਹੈ। ਇਸ ਵਿੱਚ, ਵਿਅਕਤੀ ਮੁਲਾਂਕਣ ਸਾਲ 2024-25 ਦੇ ਟੈਕਸ ਭਰਨ ਤੱਕ ਨਵੀਂ ਟੈਕਸ ਪ੍ਰਣਾਲੀ ਤੋਂ ਬਾਹਰ ਹੋ ਸਕਦੇ ਹਨ। ਕੋਈ ਵਿਅਕਤੀ ਹਰ ਵਿੱਤੀ ਸਾਲ ਵਿੱਚ ਆਪਣੀ ਸਹੂਲਤ ਅਨੁਸਾਰ ਨਵੀਂ ਜਾਂ ਪੁਰਾਣੀ ਟੈਕਸ ਪ੍ਰਣਾਲੀ ਦੀ ਚੋਣ ਕਰ ਸਕਦਾ ਹੈ। ਵਿੱਤ ਮੰਤਰਾਲੇ ਨੇ ਟੈਕਸਦਾਤਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਸੋਸਲ ਮੀਡੀਆ 'ਤੇ ਫੈਲ ਰਹੀ ਗੁੰਮਰਾਹਕੁੰਨ ਜਾਣਕਾਰੀ ਦੀ ਬਜਾਏ ਮੰਤਰਾਲੇ ਦੁਆਰਾ ਜਾਰੀ ਅਧਿਕਾਰਤ ਜਾਣਕਾਰੀ 'ਤੇ ਭਰੋਸਾ ਕਰਨ।

# ਦਲ ਬਦਲੂਆਂ ਦੀ ਐਂਟਰੀ ਨਾਲ ਟਿਕਟ ਦੀ ਲਾਈਨ 'ਚ ਰਹਿ ਗਏ ਕਈ ਲੀਡਰ

**ਸਰਦੂਲ ਸਿੰਘ**

ਲੁਧਿਆਣਾ 3 ਅਪ੍ਰੈਲ। ਆਪਣੀਆਂ ਪੁਰਾਣੀਆਂ ਪਾਰਟੀਆਂ ਨੂੰ ਬਾਏ-ਬਾਏ ਕਰਕੇ ਭਾਜਪਾ ਜੁਆਇਨ ਕਰਨ ਵਾਲੇ 3 ਨੇਤਾਵਾਂ ਨੂੰ ਜਿਸ ਤੇਜ਼ੀ ਨਾਲ ਪੰਜਾਬ ਵਿਚ ਭਾਜਪਾ ਵੱਲੋਂ ਲੋਕ ਸਭਾ ਚੋਣਾਂ ਦੀਆਂ ਟਿਕਟਾਂ ਦਿੱਤੀਆਂ ਗਈਆਂ ਹਨ, ਉਸ ਨਾਲ ਉਨ੍ਹਾਂ ਪੁਰਾਣੇ ਭਾਜਪਾਈਆਂ ਦੀਆਂ ਉਮੀਦਾਂ ਨੂੰ ਝਟਕਾ ਲੱਗਾ ਹੈ, ਜੋ ਚੋਣਾਂ 'ਚ ਟਿਕਟਾਂ ਲੈਣ ਦੇ ਚਾਹਵਾਨ ਸਨ। ਇਨ੍ਹਾਂ ਵਿਚ ਟਿਕਟ ਪਾਉਣ ਦੇ ਇਸ ਤਰ੍ਹਾਂ ਦੇ ਚਾਹਵਾਨ ਵੀ ਹਨ ਜੋ ਪਿਛਲੇ ਲੰਬੇ ਸਮੇਂ ਤੋਂ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਗੁਣਗਾਨ ਕਰ ਰਹੇ ਸਨ ਅਤੇ ਇਸ ਵਾਰ ਖੁਦ ਚੋਣ ਮੈਦਾਨ ਵਿਚ ਉਤਰ ਕੇ ਦੇਸ਼ ਦੀ ਸੰਸਦ ਵਿਚ ਪੁੱਜਣ ਦਾ ਇੰਤਜਾਰ ਕਰ ਰਹੇ ਸਨ। ਭਾਜਪਾ ਨੇ ਸ਼ਨੀਵਾਰ ਨੂੰ ਪੰਜਾਬ ਲਈ ਜਾਰੀ 6 ਉਮੀਦਵਾਰਾਂ ਦੀ ਲਿਸਟ ਵਿਚ ਦੂਜੀਆਂ ਪਾਰਟੀਆਂ ਤੋਂ ਆਏ 3 ਸੰਸਦ ਮੈਂਬਰਾਂ ਨੂੰ ਟਿਕਟ ਦਿੱਤੀ ਹੈ। ਇਸ ਦੌਰਾਨ ਹੁਣ 2024 ਦੀ ਚੋਣ ਵਿਚ ਮੋਦੀ ਸਰਕਾਰ ਵੱਲੋਂ ਜਿੱਤ ਦੀ ਹੈਟ੍ਰਿਕ ਲਾਉਣ ਦੀਆਂ ਸੰਭਾਵਨਾਵਾਂ ਵਿਚਕਾਰ ਲੰਮੇ ਸਮੇਂ ਤੋਂ ਟਿਕਟ ਦੀ ਲਾਈਨ ਵਿਚ ਲੱਗੇ ਉਕਤ ਨੇਤਾਵਾਂ ਨੂੰ ਹੁਣ ਫਿਰ ਤੋਂ ਹਾਈਕਮਾਨ ਵੱਲੋਂ ਦਿੱਤੇ ਗਏ ਉਮੀਦਵਾਰਾਂ ਦੇ ਕਦਮ ਨਾਲ ਕਦਮ ਮਿਲਾਉਣੇ ਹੋਣਗੇ। ਕੁਝ ਭਾਜਪਾਈਆਂ 'ਚ ਤਾਂ ਇਸ ਗੱਲ ਦੀ ਹੈਰਾਨੀ ਹੈ ਕਿ ਪਾਰਟੀ ਨੇ ਕਾਂਗਰਸ ਤੋਂ ਆਏ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਪਰਨੀਤ ਕੌਰ ਅਤੇ 'ਆਪ' ਦੇ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੂੰ ਭਾਜਪਾ ਦੀ ਮੈਂਬਰਸ਼ਿਪ ਲੈਣ ਦੇ ਚੰਦ





ਦਿਨਾਂ ਵਿਚ ਹੀ ਟਿਕਟਾਂ ਦੇ ਕੇ ਚੋਣ ਮੈਦਾਨ ਵਿਚ ਉਤਾਰ ਦਿੱਤਾ, ਜਦਕਿ ਜੋ ਪੁਰਾਣੇ ਨੇਤਾ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਦੱਸ ਦੇਈਏ ਕਿ ਪਟਿਆਲਾ ਤੋਂ 4 ਵਾਰ ਕਾਂਗਰਸ ਸੰਸਦ ਮੈਂਬਰ ਰਹੀ ਮਹਾਰਾਣੀ ਪਰਨੀਤ ਕੌਰ ਨੇ 14 ਮਾਰਚ ਨੂੰ ਭਾਜਪਾ ਜੁਆਇਨਿੰਗ ਕੀਤੀ, ਜਿਨ੍ਹਾਂ ਨੂੰ 17ਵੇਂ ਦਿਨ ਮਤਲਬ 30 ਮਾਰਚ ਨੂੰ ਪਾਰਟੀ ਨੇ ਪਟਿਆਲਾ ਤੋਂ ਆਪਣਾ ਉਮੀਦਵਾਰ ਐਲਾਨ ਕਰ ਦਿੱਤਾ। ਪਰਨੀਤ ਕੌਰ ਨੂੰ ਕਾਂਗਰਸ ਨੇ ਫਰਵਰੀ ਵਿਚ ਸਸਪੈਂਡ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਭਾਜਪਾ ਦੀ ਮੈਂਬਰਸ਼ਿਪ ਲੈ ਲਈ ਸੀ। ਇਸੇ ਤਰਾਂ ਕਾਂਗਰਸ ਤੋਂ 3 ਵਾਰ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ 26 ਮਾਰਚ ਨੂੰ ਭਾਜਪਾ ਵਿਚ ਐਂਟਰੀ ਮਾਰੀ, ਦੂਜੀ ਵਾਰ ਪਾਰਟੀ ਬਦਲਣ ਵਾਲੇ 'ਆਪ' ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਵੀ 27 ਮਾਰਚ ਨੂੰ ਭਾਜਪਾ ਵਿਚ ਜੁਆਇਨਿੰਗ ਕੀਤੀ, ਜਿਨ੍ਹਾਂ ਨੂੰ ਕ੍ਰਮਵਾਰ : ਚੌਥੇ ਅਤੇ ਤੀਜੇ ਦਿਨ ਹੀ ਪਾਰਟੀ ਨੇ ਲੁਧਿਆਣਾ ਅਤੇ ਜਲੰਧਰ ਦੀਆਂ ਸੀਟਾਂ 'ਤੇ ਚੋਣ ਮੈਦਾਨ ਵਿਚ ਉਤਾਰ ਦਿੱਤਾ। ਉਥੇ ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵੀ 19 ਮਾਰਚ ਨੂੰ ਭਾਜਪਾ ਜੁਆਇਨ ਕੀਤੀ ਸੀ, ਜਿਨ੍ਹਾਂ ਨੂੰ ਸ਼ਨੀਵਾਰ ਪੰਜਾਬ ਦੇ ਹੋਰ 6 ਉਮੀਦਵਾਰਾਂ ਦੇ ਨਾਲ ਅੰਮ੍ਰਿਤਸਰ ਤੋਂ ਟਿਕਟ ਦਿੱਤੀ ਗਈ ਹੈ। ਭਾਜਪਾ ਵਿਚ 28 ਸਾਲ ਬਾਅਦ ਇਕੱਲੇ ਲੋਕ ਸਭਾ ਚੋਣ ਵਿਚ ਉਤਰ ਰਹੀ ਹੈ। ਉਕਤ ਨੇਤਾਵਾਂ ਨੂੰ ਪਾਰਟੀ ਵਿਚ ਸ਼ਾਮਲ ਕਰਵਾ ਕੇ ਭਾਜਪਾ ਨੂੰ ਅਜਿਹੇ ਚਿਹਰੇ ਮਿਲ ਗਏ ਹਨ, ਜਿਨ੍ਹਾਂ ਦਾ ਪੰਜਾਬ ਦੀ ਜਨਤਾ ਵਿਚ ਜਾਣਿਆ-ਪਛਾਣਿਆ ਨਾਮ ਹੈ। ਇਸ ਗੱਲ ਵਿਚ ਕੋਈ ਦੋ ਰਾਏ ਨਹੀਂ ਕਿ ਸ਼ਹਿਰੀ ਵੋਟ ਦਾ ਰੁਝਾਨ ਭਾਜਪਾ ਵੱਲ ਰਹਿੰਦਾ ਹੈ ਪਰ ਭਾਜਪਾ ਇਨ੍ਹਾਂ ਨੇਤਾਵਾਂ ਦੇ ਜਰੀਏ ਪਿੰਡਾਂ ਵਿਚ ਵੀ ਆਪਣੀ ਪਕੜ ਮਜ਼ਬੂਤ ਕਰਨ ਦੀ ਦਿਸ਼ਾ ਵਿਚ ਵੱਧ ਰਹੀ ਹੈ।

# ਸਸਤੀ ਬੀਅਰ-ਵਿਸਕੀ ਦਾ ਚੋਣਾਵੀ ਵਾਅਦਾ, ਲੋਕ ਸਭਾ ਮਹਿਲਾ ਉਮੀਦਵਾਰ ਦੇ ਵਾਅਦੇ ਨੇ ਕੀਤਾ ਹੈਰਾਨ

ਚੰਦਰਪੁਰ 3 ਅਪ੍ਰੈਲ। ਲੋਕ ਸਭਾ ਚੋਣਾਂ 'ਚ ਹੁਣ ਕੁਝ ਹੀ ਸਮਾਂ ਬਚਿਆ ਹੈ। ਚੋਣ ਮੈਦਾਨ ਵਿਚ ਉਤਰੇ ਉਮੀਦਵਾਰ ਜਿੱਤ ਤੈਅ ਕਰਨ ਲਈ ਅੱਡੀ-ਚੋਟੀ ਦਾ ਜੋਰ ਲਾ ਰਹੇ ਹਨ। ਵੋਟਰਾਂ ਨੂੰ ਲੋਕ-ਲੁਭਾਵਨੇ ਵਾਅਦੇ ਕੀਤੇ ਜਾ ਰਹੇ ਹਨ। ਅਜਿਹਾ ਹੀ ਇਕ ਵਾਅਦਾ ਮਹਾਰਾਸ਼ਟਰ ਦੀ ਇਕ ਆਜਾਦ ਮਹਿਲਾ ਉਮੀਦਵਾਰ ਨੇ ਕੀਤਾ ਹੈ, ਜੋ ਕਿ ਚਰਚਾ 'ਚ ਬਣਿਆ ਹੋਇਆ ਹੈ। ਉਂਝ ਚੋਣ ਵਾਅਦਿਆਂ ਵਿਚ ਬਿਜਲੀ, ਸੜਕ, ਪਾਣੀ ਵਰਗੀਆਂ ਯੋਜਨਾਵਾਂ ਸ਼ਾਮਲ ਹੁੰਦੀਆਂ ਹਨ। ਮਹਾਰਾਸ਼ਟਰ ਦੀ ਮਹਿਲਾ ਨੇਤਾ ਨੇ ਸਸਤੀ ਸ਼ਰਾਬ ਦਾ ਵਾਅਦਾ ਕੀਤਾ ਹੈ। ਮਹਾਰਾਸ਼ਟਰ ਦੇ ਚੰਦਰਪੁਰ ਦੇ ਚਿਮੂਰ ਪਿੰਡ ਤੋਂ ਆਜਾਦ ਉਮੀਦਵਾਰ ਵਨਿਤਾ ਰਾਊਤ ਨੇ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਜਿੱਤਣ 'ਤੇ ਉਹ ਗਰੀਬ ਲੋਕਾਂ ਨੂੰ ਸਸਤੀ ਵਿਸਕੀ ਅਤੇ ਬੀਅਰ ਮੁਹੱਈਆ ਕਰਵਾਏਗੀ। ਵਨਿਤਾ ਰਾਊਤ ਨੇ ਗਰੀਬ ਵੋਟਰਾਂ ਨੂੰ ਲੁਭਾਉਣ ਲਈ



ਅਜੀਬੋ-ਗਰੀਬ ਵਾਅਦਾ ਕਰਦਿਆਂ ਕਿਹਾ ਹੈ ਕਿ ਉਹ ਨਾ ਸਿਰਫ ਹਰ ਪਿੰਡ ਵਿਚ ਬੀਅਰ ਬਾਰ ਖੋਲ੍ਹੇਗੀ ਸਗੋਂ ਸੰਸਦ ਮੈਂਬਰ ਨਿਧੀ ਫੰਡ ਤੋਂ ਸਸਤੀ ਵਿਸਕੀ ਅਤੇ ਬੀਅਰ ਵੀ ਵੋਟਰਾਂ ਨੂੰ ਮੁਹੱਈਆ ਕਰਵਾਏਗੀ। ਉਨ੍ਹਾਂ ਨੇ ਕਿਹਾ ਕਿ 'ਜਿੱਥੇ ਪਿੰਡ, ਉੱਥੇ ਬੀਅਰ ਬਾਰ' ਇਹ ਹੀ ਮੇਰੇ ਮੁੱਦੇ ਹਨ। ਰਾਸ਼ਨ ਸਿਸਟਮ ਰਾਹੀਂ ਸਰਾਬ ਦਰਾਮਦ ਕਰਨ ਦੇ ਵਾਅਦੇ 'ਤੇ ਉਨ੍ਹਾਂ ਕਿਹਾ ਕਿ ਇਸ ਦੇ ਲਈ ਸਰਾਬ ਪੀਣ ਵਾਲੇ ਅਤੇ ਸਰਾਬ ਵਿਕਰੇਤਾ ਦੋਵਾਂ ਕੋਲ ਲਾਇਸੈਂਸ ਹੋਣਾ ਜਰੂਰੀ ਹੈ। ਜ?ਿਆਦਾ ਸ਼ਰਾਬ ਪੀਣ ਨਾਲ ਪਰਿਵਾਰ ਬਰਬਾਦ ਹੋਣ ਨਾਲ ਜੁੜੇ ਸਵਾਲ 'ਤੇ ਵਨਿਤਾ ਨੇ ਕਿਹਾ ਕਿ ਇਸ ਵਜ੍ਹਾ ਤੋਂ ਉਹ ਚਾਹੁੰਦੀ ਹੈ ਕਿ ਸ਼ਰਾਬ ਪੀਣ ਲਈ ਲੋਕਾਂ ਨੂੰ ਲਾਇਸੈਂਸ ਦਿੱਤਾ ਜਾਣਾ ਚਾਹੀਦਾ ਹੈ। 18 ਸਾਲ ਤੋਂ ਬਾਅਦ ਸ਼ਰਾਬ ਪੀਣ ਲਈ ਲਾਇਸੈਂਸ ਲੋਕਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਹ ਕੋਈ ਪਹਿਲੀ ਵਾਰ ਨਹੀਂ ਹੈ, ਜਦੋਂ ਵਨਿਤਾ ਚੋਣ ਲੜ ਰਹੀ ਹੈ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਹ ਨਾਗਪੁਰ ਸੀਟ ਤੋਂ ਚੋਣ ਮੈਦਾਨ ਵਿਚ ਉਤਰੀ ਸੀ। ਇਨ੍ਹਾਂ ਚੋਣਾਂ ਵਿਚ ਵੀ ਉਨ੍ਹਾਂ ਨੇ ਇਹ ਹੀ ਵਾਅਦਾ ਕੀਤਾ ਸੀ ਅਤੇ ਚੋਣ ਅਧਿਕਾਰੀਆਂ ਦੀ ਕਾਰਵਾਈ ਵਿਚ ਉਨ੍ਹਾਂ ਦੀ ਜਮਾਨਤ ਜਬਤ ਹੋ ਗਈ ਸੀ।